# ਬੇਵਫ਼ਾ

(ਨਾਵਲ)

ਸਰਦਾਰ ਪਰਮਜੀਤ ਸਿੰਘ



ਅਮਰਜੀਤ ਸਿੰਘ ਪਰਮਜੀਤ ਪ੍ਰਕਾਸ਼ਨ

# ਬੇਵ.ਫ਼ਾ

## (ਨਾਵਲ)

## ਸਰਦਾਰ ਪਰਮਜੀਤ ਸਿੰਘ



ਪ੍ਰਕਾਸ਼ਕ
ਅਮਰਜੀਤ ਸਿੰਘ ਪਰਮਜੀਤ ਪ੍ਰਕਾਸ਼ਨ
ਫਲੈਟ ਨੰਬਰ 5, ਪਹਿਲੀ ਮੰਜ਼ਿਲ,
ਲਕਸ਼ਮੀ ਅਪਾਰਟਮੈਂਟਸ, ਪੁਰਾਣੇ
ਪਾਸਪੋਰਟ ਆਫ਼ਿਸ ਦੇ ਪਿੱਛੇ, ਮਖ਼ਦੂਮਪੁਰਾ,
ਜਲੰਧਰ ਸ਼ਹਿਰ- 144001 (ਪੰਜਾਬ)

# BEWAFA

## (NOVEL IN PUNJABI)

AUTHOR

SARDAR PARAMJIT SINGH

All rights reserved with the author

PUBLISHED BY

AMARJEET SINGH PARAMJIT PUBLICATIONS
FLAT NO. 5, FIRST FLOOR, LAXMI APARTMENTS,
BEHIND OLD PASSPORT OFFICE, MUKHDOOMPURA,
JALANDHAR CITY-144001 (PUNJAB) INDIA

# ਮੁਖਬੰਧ

ਇਹ ਨਾਵਲ ਇਕ ਮੁਸਲਿਮ ਲੜਕੇ ਦੇ ਵਿਆਹਕ ਜੀਵਨ ਨੂੰ ਦਰਸਾਉਂਦਾ ਹੈ ਜਿਸਦਾ ਪਰਿਵਾਰ ਪਾਕਿਸਤਾਨ ਤੋਂ ਇੰਗਲੈਂਡ ਪਹੁੰਚਕੇ ਉਥੋਂ ਦੀ ਨਾਗਰਿਕਤਾ ਪ੍ਰਾਪਤ ਕਰਦਾ ਹੈ।ਮੁਹੰਮਦ ਅਸਗਰ ਆਪਣੀ ਮਾਸੀ ਦੀ ਧੀ ਫਾਤਮਾ ਦੇ ਨਾਲ ਆਪਣੀ ਮਰਜ਼ੀ ਦੇ ਨਾਲ ਨਿਕਾਹ ਕਰਵਾ ਲੈਂਦਾ ਹੈ ਜਿਸਨੂੰ ਕਿ ਉਹ ਬਹੁਤ ਪਿਆਰ ਕਰਦਾ ਹੈ ਹਾਲਾਂਕਿ ਮੁਹੰਮਦ ਅਸਗਰ ਦੀ ਮਾਂ ਨਸੀਰਹ ਉਸਨੂੰ ਫਾਤਮਾ ਦੇ ਨਾਲ ਨਿਕਾਹ ਕਰਵਾਉਣ ਤੋਂ ਰੋਕਦੀ ਹੈ ਅਤੇ ਇਸ ਨਿਕਾਹ ਦਾ ਡੱਟਕੇ ਵਿਰੋਧ ਕਰਦੀ ਹੈ ਪਰੰਤੂ ਆਪਣੇ ਪਿਆਰੇ ਪੁੱਤਰ ਮੁਹੰਮਦ ਅਸਗਰ ਦੀ ਜ਼ਿੱਦ ਅਤੇ ਅੜੀ ਅੱਗੇ ਉਹ ਬੇਵੱਸ ਹੋਕੇ ਨਾ ਚਾਹੁੰਦੀ ਹੋਈ ਵੀ ਮੁਹੰਮਦ ਅਸਗਰ ਨੂੰ ਫਾਤਮਾ ਦੇ ਨਾਲ ਨਿਕਾਹ ਕਰਵਾਉਣ ਦੀ ਇਜ਼ਾਜਤ ਦੇ ਦਿੰਦੀ ਹੈ।ਆਪਣੇ ਨਿਕਾਹ ਤੋਂ ਬਹੁਤ ਥੋੜੇ ਸਮੇਂ ਬਾਅਦ ਮੁਹੰਮਦ ਅਸਗਰ ਆਪਣੀ ਪਤਨੀ ਫਾਤਮਾ ਦੇ ਮਗਰ ਲੱਗਕੇ ਆਪਣੇ ਪਰਿਵਾਰ ਦੇ ਨਾਲੋਂ ਅਲੱਗ ਭਾਵ ਜੁਦਾ ਹੋ ਜਾਂਦਾ ਹੈ।ਮੁਹੰਮਦ ਅਸਗਰ ਉਹੀ ਕੁਝ ਕਰਦਾ ਜਾਂਦਾ ਹੈ ਜੋ ਕੁਝ ਫਾਤਮਾ ਉਸਨੂੰ ਕਰਨ ਨੂੰ ਕਹਿੰਦੀ ਹੈ।ਆਪਣੀ ਪਤਨੀ ਫਾਤਮਾ ਨੂੰ ਖ਼ੁਸ਼ ਰੱਖਣ ਦੇ ਲਈ ਮੁਹੰਮਦ ਅਸਗਰ ਦਿਨ-ਰਾਤ ਮਿਹਨਤ ਕਰਦਾ ਹੈ ਪਰੰਤੂ ਫਾਤਮਾ ਡੱਕਾ ਤੱਕ ਨਹੀਂ ਤੋੜਦੀ ਅਤੇ ਉਹ ਸਾਰਾ ਦਿਨ ਵਿਹਲੀ ਹੀ ਰਹਿੰਦੀ ਹੈ ਅਤੇ ਪਰਾਏ ਮਰਦਾਂ ਦੇ ਨਾਲ ਸਰੀਰਕ ਸੰਬੰਧ ਬਣਾ ਕੇ ਰੰਗਰਲੀਆਂ ਮਨਾਉਂਦੀ ਹੈ।

ਮੁਹੰਮਦ ਅਸਗਰ ਆਪਣੀ ਪਤਨੀ ਫਾਤਮਾ ਉੱਪਰ ਅਥਾਹ ਵਿਸ਼ਵਾਸ ਕਰਦਾ ਹੈ ਪਰੰਤੂ ਜਦੋਂ ਇਕ ਦਿਨ ਅਚਾਨਕ ਉਹ ਆਪਣੀ ਪਤਨੀ ਫਾਤਮਾ ਨੂੰ ਕਿਸੇ ਪਰਾਏ ਮਰਦ ਦੇ ਨਾਲ ਬਿਸਤਰ ਵਿੱਚ ਇਤਰਾਜ਼ਯੋਗ ਹਾਲਤ ਵਿੱਚ ਦੇਖਦਾ ਹੈ ਤਾਂ ਉਹ ਗੁੱਸੇ ਵਿੱਚ ਪਾਗ਼ਲ ਹੋ ਜਾਂਦਾ ਹੈ ਅਤੇ ਆਪਣੀ ਪਤਨੀ ਫਾਤਮਾ ਦਾ ਕਤਲ ਕਰ ਦਿੰਦਾ ਹੈ ਜਿਸ ਦੇ ਸਿੱਟੇ ਵਜੋਂ ਉਸਨੂੰ ਹਵਾਲਾਤ ਵਿੱਚ ਭੇਜ ਦਿੱਤਾ ਜਾਂਦਾ ਹੈ। ਉਸ ਉੱਪਰ ਆਪਣੀ ਪਤਨੀ ਨੂੰ ਕਤਲ ਕਰਨ ਦਾ ਮੁਕੱਦਮਾ ਚੱਲਦਾ ਹੈ ਅਤੇ ਅਦਾਲਤ ਉਸਨੂੰ ਤਿੰਨ ਸਾਲ ਦੀ ਸਜ਼ਾ ਸੁਣਾਉਂਦੀ ਹੈ ਅਤੇ ਉਸਨੂੰ ਪ੍ਰੋਬੇਸ਼ਨ ਉੱਪਰ ਰਿਹਾਅ ਕਰਨ ਦਾ ਫ਼ੈਸਲਾ ਸੁਣਾਉਂਦੀ ਹੈ ਪਰੰਤੂ ਮੁਹੰਮਦ ਅਸਗਰ ਪੁਲਿਸ

ਦੀ ਹਿਰਾਸਤ ਵਿੱਚ ਆਤਮ-ਹੱਤਿਆ ਕਰ ਲੈਂਦਾ ਹੈ ਅਤੇ ਇਸ ਦੇ ਨਾਲ ਹੀ ਨਾਵਲ ਦਾ ਅੰਤ ਹੋ ਜਾਂਦਾ ਹੈ।

ਮੈਨੂੰ ਉਮੀਦ ਹੈ ਕਿ ਪਾਠਕ ਜ਼ਰੂਰ ਇਸ ਨਾਵਲ ਨੂੰ ਪੜ੍ਹਕੇ ਆਨੰਦ ਮਾਣਨਗੇ ਅਤੇ ਇਸ ਨਾਵਲ ਦੇ ਬਾਰੇ ਵਿੱਚ ਆਪੋ-ਆਪਣੇ ਵਿਚਾਰ ਭੇਜਣ ਦੀ ਖੇਚਲ ਕਰਨਗੇ।

ਅੰਤ ਵਿੱਚ ਮੈਂ ਪਾਠਕਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਉਹਨਾਂ ਦੀ ਇੱਛਾ ਹੋਵੇ ਤਾਂ ਉਹ ਇਸ ਨਾਵਲ ਸੰਬੰਧੀ ਆਪਣੇ ਸੁਝਾਵ ਭੇਜ ਸਕਦੇ ਹਨ। ਤੁਹਾਡੇ ਦੁਆਰਾ ਭੇਜੇ ਗਏ ਚੰਗੇ ਸੁਝਾਵਾਂ ਨੂੰ ਧੰਨਵਾਦ ਸਹਿਤ ਪ੍ਰਵਾਨ ਕੀਤਾ ਜਾਵੇਗਾ। ਤੁਸੀਂ ਆਪਣੇ ਸੁਝਾਵ ਹੇਠ ਲਿਖੀ ਈਮੇਲ ਆਈਡੀ ਉੱਪਰ ਭੇਜ ਸਕਦੇ ਹੋ:-

paramjitsinghpunjab@gmail.com

ਤੁਹਾਡਾ ਆਪਣਾ ਦੋਸਤ,

ਸਰਦਾਰ ਪਰਮਜੀਤ ਸਿੰਘ

ਮੁਹੰਮਦ ਅਸਗਰ ਉਦੋਂ ਸਿਰਫ਼ ਬਾਰ੍ਹਾਂ ਸਾਲਾਂ ਦਾ ਹੀ ਸੀ ਜਦੋਂ ਉਹ ਆਪਣੇ ਪਰਿਵਾਰ ਸਮੇਤ ਪਾਕਿਸਤਾਨ ਤੋਂ ਇੰਗਲੈਂਡ ਆ ਗਿਆ ਸੀ। ਘਰ ਵਿਚ ਉਸਦਾ ਪਿਉ ਅਜ਼ੀਜ਼ ਮੁਹੰਮਦ, ਮਾਂ ਨਸੀਰਹ ਅਤੇ ਦੋ ਭੈਣਾਂ ਬਾਨੋਂ ਅਤੇ ਜ਼ੁਲੈਖਾਂ ਸਨ। ਮੁਹੰਮਦ ਅਸਗਰ ਉਮਰ ਵਿੱਚ ਆਪਣੀਆਂ ਦੋਹਾਂ ਭੈਣਾਂ ਦੇ ਨਾਲੋਂ ਵੱਡਾ ਸੀ। ਉਹ ਸਿਹਤ-ਮੰਦ ਅਤੇ ਖ਼ੂਬ ਸੋਹਣਾ-ਸੁਣੱਖਾ ਸੀ। ਰੰਗ ਤਾਂ ਸਾਰੇ ਟੱਬਰ ਦਾ ਹੀ ਸਾਫ਼ ਸੀ। ਉਸ ਦੀਆਂ ਦੋਵੇਂ ਭੈਣਾਂ ਬਾਨੋਂ ਅਤੇ ਜ਼ੁਲੈਖਾਂ ਪਤਲੀਆਂ ਜਿਹੀਆਂ ਲੰਮ-ਸਲੰਮੀਆਂ ਕੁੜੀਆਂ ਸਨ। ਜਿਹਨਾਂ ਦੇ ਨੈਣ-ਨਕਸ਼ ਬੜੇ ਤਿੱਖੇ ਸਨ ਅਤੇ ਉਹ ਦੋਵੇਂ ਹੁਸਨ ਦੇ ਨਾਲ ਲੱਦੀਆਂ ਹੋਈਆਂ ਸਨ। ਦੋਹਾਂ ਕੁੜੀਆਂ ਦੇ ਵਾਲ ਬੜੇ ਲੰਬੇ ਅਤੇ ਕਾਲੇ ਰੰਗ ਦੇ ਸਨ, ਜਦੋਂ ਉਹ ਵਾਲਾਂ ਨੂੰ ਗੁੰਦ ਕੇ ਗੁੱਤਾਂ ਕਰਦੀਆਂ ਸਨ ਤਾਂ ਉਹਨਾਂ ਦੀਆਂ ਗੁੱਤਾਂ ਪਿੱਠ ਤੋਂ ਵੀ ਥੱਲੇ ਤੱਕ ਲਟਕਦੀਆਂ ਸਨ। ਇਸ ਤੋਂ ਇਲਾਵਾ ਉਹਨਾਂ ਦਾ ਸੁਭਾਅ ਵੀ ਬੜਾ ਚੰਗਾ ਸੀ। ਦੋਵੇਂ ਕੁੜੀਆਂ ਬੜੇ ਮਿੱਠੇ ਸੁਭਾਅ ਦੀਆਂ ਸਨ। ਸਾਰੇ ਪਰਿਵਾਰ ਦਾ ਆਪਸ ਵਿਚ ਬੜਾ ਪਿਆਰ ਸੀ। ਸਾਰੇ ਜਣੇ ਆਪਸ ਵਿਚ ਬੜੇ ਪਿਆਰ ਅਤੇ ਇਤਫ਼ਾਕ ਦੇ ਨਾਲ ਰਹਿੰਦੇ ਸਨ। ਅਸਗਰ ਦਾ ਪਿਉ ਮੁਹੰਮਦ ਅਜ਼ੀਜ਼ ਗੋਰਿਆਂ ਦੀ ਇੱਕ ਫ਼ੈਕਟਰੀ ਵਿਚ ਕੰਮ ਕਰਦਾ ਸੀ। ਜਿੱਥੇ ਲੋਹੇ ਦੀਆਂ ਮਸ਼ੀਨਾਂ ਬਣਦੀਆਂ ਸਨ। ਅਸਗਰ ਦੀ ਮਾਂ ਨਸੀਰਹ ਇਕ ਭਾਰਤੀ ਦੀ ਦੁਕਾਨ ਉੱਤੇ ਕੱਪੜੇ ਸੀਊਣ ਦਾ ਕੰਮ ਕਰਦੀ ਸੀ। ਅਸਗਰ ਦੀਆਂ ਦੋਵੇਂ ਭੈਣਾਂ ਬਾਨੋਂ ਅਤੇ ਜ਼ੁਲੈਖਾਂ ਅਜੇ ਸਕੂਲ ਵਿਚ ਪੜ੍ਹਦੀਆਂ ਸਨ। ਅਸਗਰ ਦੇ ਮਾਂ-ਪਿਉ ਆਪਣੀਆਂ ਦੋਹਾਂ ਧੀਆਂ ਨੂੰ ਅਗਾਂਹ ਕਾਲਜ ਵਿਚ ਦਾਖ਼ਲ ਕਰਵਾ ਕੇ ਉਚੇਰੀ ਵਿੱਦਿਆ ਦੇਣਾ ਚਾਹੁੰਦੇ ਸਨ। ਮੁਹੰਮਦ ਅਸਗਰ ਸਕੂਲ ਦੀ ਪੜ੍ਹਾਈ ਛੱਡ ਕੇ ਇੱਕ ਜਰਮਨ ਹੋਟਲ ਵਿਚ ਕੰਮ ਕਰਨ ਲੱਗ ਪਿਆ ਸੀ। ਮੁਹੰਮਦ ਅਸਗਰ ਦੇ ਮਾਂ-ਪਿਉ ਨੇ ਉਸਨੂੰ ਅਗਾਂਹ ਕਾਲਜ ਵਿਚ ਪੜ੍ਹਾਈ ਕਰਨ ਦੇ ਲਈ ਬੜਾ ਜ਼ੋਰ ਲਾਇਆ ਸੀ, ਉਸਦੀਆਂ ਬਥੇਰੀਆਂ ਮਿੰਨਤਾਂ ਕੀਤੀਆਂ ਸਨ ਅਤੇ ਉਸਨੂੰ ਕਈ ਤਰ੍ਹਾਂ ਦੇ ਲਾਲਚ ਵੀ ਦਿੱਤੇ ਸਨ ਪ੍ਰੰਤੂ ਮੁਹੰਮਦ ਅਸਗਰ ਨੇ ਆਪਣੇ ਮਾਪਿਆਂ ਦੀ ਇੱਕ ਨਾ ਮੰਨੀ। ਉਸਨੇ ਉਹਨਾਂ ਨੂੰ ਸਾਫ਼ ਇਨਕਾਰ ਕਰ ਦਿੱਤਾ ਸੀ ਕਿ ਉਹ ਅੱਗੋਂ ਬਿਲਕੁਲ ਪੜ੍ਹਾਈ ਨਹੀਂ ਕਰੇਗਾ। ਅਸਗਰ ਦੇ ਮਾਪਿਆਂ ਨੇ ਉਪਰਲੇ ਮਨੋਂ ਥੋੜ੍ਹਾ ਗੁੱਸਾ ਵੀ ਦਿਖਾਇਆ ਸੀ ਪ੍ਰੰਤੂ ਫਿਰ ਵੀ ਅਸਗਰ ਨੇ ਆਪਣੀ ਜ਼ਿੱਦ ਨਾ ਛੱਡੀ। ਅਖ਼ੀਰ ਮਾਂ-ਪਿਉ ਨੇ ਆਪਣੇ ਪੁੱਤਰ ਦੀ ਜ਼ਿੰਦਗੀ ਵਿਚ ਬਹੁਤਾ ਦਖ਼ਲ ਦੇਣਾ ਵੀ ਠੀਕ ਨਾ ਸਮਝਿਆ। ਇਸ ਲਈ ਮੁੜ ਉਹਨਾਂ ਨੇ ਅਸਗਰ ਨੂੰ ਕੋਈ ਲਫ਼ਜ਼ ਨਾ

ਆਖਿਆ। ਇਸ ਲਈ ਅਸਗਰ ਹਰ ਰੋਜ਼ ਆਪਣੇ ਕੰਮ 'ਤੇ ਹੋਟਲ ਨੂੰ ਜਾਂਦਾ ਰਿਹਾ। ਉਸਨੂੰ ਕੰਮ ਤੋਂ ਜਿੰਨੀ ਵੀ ਤਨਖ਼ਾਹ ਮਿਲਦੀ ਸੀ ਉਹ ਘਰ ਲਿਆ ਕੇ ਆਪਣੀ ਮਾਂ ਨਸੀਰਹ ਨੂੰ ਫੜਾ ਦਿੰਦਾ ਸੀ।

ਸਮਾਂ ਆਪਣੀ ਤੋਰੇ ਤੁਰਿਆ ਜਾ ਰਿਹਾ ਸੀ ਅਤੇ ਅਸਗਰ ਹੋਰ ਵੀ ਜਵਾਨ ਹੋ ਰਿਹਾ ਸੀ। ਜਿਉਂ-ਜਿਉਂ ਮੁਹੰਮਦ ਅਸਗਰ ਜਵਾਨ ਹੁੰਦਾ ਜਾ ਰਿਹਾ ਸੀ, ਉਸਦੇ ਮਾਪਿਆਂ ਦੇ ਸੀਨਿਆਂ ਅੰਦਰ ਆਪਣੇ ਪੁੱਤਰ ਦਾ ਨਿਕਾਹ ਕਰਨ ਦਾ ਚਾਅ ਹੋਰ ਵੀ ਜ਼ਿਆਦਾ ਪੈਦਾ ਹੋ ਰਿਹਾ ਸੀ। ਉਸਨੂੰ ਕਈ ਥਾਵਾਂ ਤੋਂ ਰਿਸ਼ਤੇ ਆਉਣੇ ਵੀ ਸ਼ੁਰੂ ਹੋ ਗਏ ਸਨ ਪ੍ਰੰਤੂ ਅਜੇ ਉਸਦਾ ਨਿਕਾਹ ਕਰਵਾਉਣ ਦਾ ਕੋਈ ਇਰਾਦਾ ਨਹੀਂ ਸੀ। ਇਕ ਸ਼ਾਮ ਜਦੋਂ ਉਹ ਆਪਣੇ ਕੰਮ ਤੋਂ ਵਾਪਸ ਆਇਆ ਸੀ ਤਾਂ ਉਸਦੀ ਮਾਂ ਨਸੀਰਹ ਨੇ ਝੱਟ ਦੇ ਨਾਲ ਆਖਿਆ ਸੀ,

"ਬੇਟਾ! ਮੈਂ ਤੇਰੇ ਨਾਲ ਇੱਕ ਗੱਲ ਕਰਨਾ ਚਾਹੁੰਦੀ ਹਾਂ।"

"ਹਾਂ ਦੱਸੋ! ਅੰਮੀ ਜਾਨ, ਇੱਕ ਗੱਲ ਛੱਡ ਕੇ ਤੁਸੀਂ ਸੌ ਗੱਲਾਂ ਕਰੋ। ਮਾਂ ਪੁੱਤ ਗੱਲਾਂ ਕਰਨ ਨੂੰ ਹੀ ਹੁੰਦੇ ਹਨ। ਨਾਲੇ ਗੱਲਾਂ ਵੀ ਕਰਨ ਵਾਸਤੇ ਹੀ ਹੁੰਦੀਆਂ ਹਨ।" ਅਸਗਰ ਇਕੋ ਸਾਹ ਵਿਚ ਹੀ ਸਾਰਾ ਕੁਝ ਆਖ ਗਿਆ ਸੀ ਅਤੇ ਉਹ ਬੜੀ ਉਤਸੁਕਤਾ ਦੇ ਨਾਲ ਆਪਣੀ ਮਾਂ ਦੇ ਚਿਹਰੇ ਵੱਲ ਦੇਖ ਰਿਹਾ ਸੀ ਅਤੇ ਉਸਦਾ ਚਿਹਰਾ ਪੜ੍ਹਨ ਦੀ ਕੋਸ਼ਿਸ਼ ਕਰ ਰਿਹਾ ਸੀ।

"ਪੁੱਤਰ, ਗੱਲ ਕਰਨ ਦਾ ਫਿਰ ਹੀ ਕੋਈ ਫ਼ਾਇਦਾ ਹੈ, ਜੇਕਰ ਤੂੰ ਮੇਰੀ ਗੱਲ ਮੰਨੇਂਗਾ ਵੀ, ਨਹੀਂ ਤੇ ਮੈਂ ਕੋਈ ਗੱਲ ਨਹੀਂ ਕਰਨਾ ਚਾਹੁੰਦੀ।" ਨਸ਼ੀਰਹ ਨੇ ਸੱਧਰਾਂ ਭਰੀਆਂ ਨਜ਼ਰਾਂ ਦੇ ਨਾਲ ਆਪਣੇ ਗੱਭਰੂ ਪੁੱਤ ਨੂੰ ਦੇਖਦੀ ਹੋਈ ਨੇ ਆਖਿਆ ਸੀ।

"ਅੰਮੀ ਜਾਨ, ਜੇ ਗੱਲ ਮੰਨਣ ਵਾਲੀ ਹੋਈ ਤਾਂ ਮੈਂ ਜ਼ਰੂਰ ਮੰਨਾਂਗਾ।"

"ਪੁੱਤਰ, ਗੱਲ ਤਾਂ ਤੇਰੇ ਵਾਸਤੇ ਚੰਗੀ ਹੀ ਹੈ ਪ੍ਰੰਤੂ ਫਿਰ ਵੀ ਮੈਂ ਜਾਣਦੀ ਹਾਂ ਕਿ ਤੂੰ ਮੇਰਾ ਕਿਹਾ ਨਹੀਂ ਮੰਨਣਾ। ਘਰ ਦੇ ਜੰਮਿਆਂ ਦੇ ਦੰਦ ਗਿਣਨ ਦੀ ਲੋੜ ਨਹੀਂ ਹੁੰਦੀ। ਮੈਂ ਤੇਰੀ ਚੰਗੀ ਤਰ੍ਹਾਂ ਵਾਕਫ਼ ਹਾਂ ਪਰੰਤੂ ਬੇਟਾ, ਫਿਰ ਵੀ ਮੈਂ ਅੱਲਾਹ ਤਾਅਲਾ ਦੀ ਕਸਮ ਖਾ ਕੇ ਕਹਿੰਦੀ ਹਾਂ ਕਿ ਗੱਲ ਤੇਰੇ ਹਿੱਤ ਦੀ ਹੀ ਕਰਾਂਗੀ ਅਤੇ ਕਰਾਂਗੀ ਵੀ ਤੇਰੀ ਸਲਾਹ ਦੇ ਨਾਲ। ਵੇਖ ਪੁੱਤਰ, ਮੈਂ ਤੈਨੂੰ ਜਨਮ ਦਿੱਤਾ ਹੈ, ਕਿੰਨੇ ਸਾਲ ਤੇਰਾ ਗੰਦ ਚੁੱਕਿਆ ਹੈ, ਤੈਨੂੰ ਆਪਣਾ ਦੁੱਧ ਪਿਲਾ-ਪਿਲਾ ਕੇ ਵੱਡਾ ਕੀਤਾ ਹੈ। ਦੇਖ ਸਾਡੀਆਂ ਸਾਰੀਆਂ ਉਮੀਦਾਂ ਹੁਣ ਤੇਰੇ ਉੱਪਰ ਹੀ ਹਨ। ਕੁੜੀਆਂ ਹੋਰ ਸਾਲ ਦੋ ਸਾਲਾਂ ਤੱਕ ਆਪੋ-ਆਪਣੇ ਘਰੀਂ ਚਲੀਆਂ ਜਾਣਗੀਆਂ। ਇਸ ਲਈ ਸਾਡੇ

ਕੋਲ ਤੂੰ ਸਿਰਫ਼ ਇੱਕੋ ਇੱਕ ਹੀ ਪੁੱਤਰ ਏਂ ਜੇਕਰ ਤੂੰ ਸਾਡੇ ਮਨ ਨੂੰ ਸ਼ਾਂਤੀ ਨਹੀਂ ਪਹੁੰਚਾਏਂਗਾ ਤਾਂ ਦੱਸ ਹੋਰ ਕੌਣ ਪਹੁੰਚਾਏਗਾ?" ਨਸੀਰਹ ਗੱਲਾਂ ਕਰਦੀ-ਕਰਦੀ ਉਦਾਸ ਹੋ ਗਈ ਸੀ। ਉਸਦੀਆਂ ਅੱਖਾਂ ਅੱਥਰੂਆਂ ਦੇ ਨਾਲ ਭਰ ਗਈਆਂ ਸਨ ਪ੍ਰੰਤੂ ਉਸਨੇ ਆਪਣੇ ਅੱਥਰੂਆਂ ਨੂੰ ਛਲਕਣ ਨਹੀਂ ਸੀ ਦਿੱਤਾ। ਉਹ ਉਦਾਸੀ ਭਰੇ ਚਿਹਰੇ ਦੇ ਨਾਲ ਆਪਣੇ ਪੁੱਤ ਵੱਲ ਤੱਕ ਰਹੀ ਸੀ। ਮੁਹੰਮਦ ਅਸਗਰ ਕੁਝ ਦੇਰ ਤੱਕ ਚੁੱਪ-ਚੁਪੀਤਾ ਆਪਣੀ ਮਾਂ ਵੱਲ ਦੇਖਦਾ ਰਿਹਾ ਸੀ। ਫਿਰ ਉਹ ਝੱਟ ਦੇ ਨਾਲ ਬੋਲਿਆ ਸੀ,

"ਅੰਮੀ ਜਾਨ! ਤੁਸੀਂ 'ਤੇ ਐਵੇਂ ਬੁਝਾਰਤਾਂ ਜਿਹੀਆਂ ਪਾਈ ਜਾਂਦੇ ਹੋ। ਤੁਸੀਂ ਮੈਨੂੰ ਸਿੱਧੀ ਤਰ੍ਹਾਂ ਵਿਚਲੀ ਗੱਲ ਕਿਉਂ ਨਹੀਂ ਦੱਸਦੇ? ਜੋ ਕੁਝ ਤੁਸੀਂ ਮੈਨੂੰ ਕਹਿਣਾ ਚਾਹੁੰਦੇ ਹੋ, ਤੁਸੀਂ ਝੱਟ ਦੇ ਨਾਲ ਕਹਿ ਦਿਉ। ਭਲਾ ਦੱਸੋ ਖਾਂ, ਮੈਂ ਕੋਈ ਤੁਹਾਡੇ ਲਈ ਓਪਰਾ ਹਾਂ? ਤੁਸੀਂ ਤਾਂ ਇਸ ਤਰ੍ਹਾਂ ਗੱਲਾਂ ਕਰਦੇ ਹੋ ਜਿਸ ਤਰ੍ਹਾਂ ਤੁਹਾਨੂੰ ਮੇਰਾ ਡਰ ਮਾਰਿਆ ਹੁੰਦਾ ਹੈ। ਖ਼ੁਦਾ ਦੀ ਕਸਮ, ਅੰਮੀ ਜਾਨ, ਐਨੇ ਸਾਲ ਸਾਨੂੰ ਇਕੱਠਿਆਂ ਨੂੰ ਰਹਿੰਦਿਆਂ ਨੂੰ ਹੋ ਗਏ ਹਨ, ਪ੍ਰੰਤੂ ਮੈਂ ਅਜੇ ਤੱਕ ਤੁਹਾਡੇ ਸੁਭਾਅ ਨੂੰ ਨਹੀਂ ਸਮਝ ਸਕਿਆ। ਮੈਨੂੰ ਤੁਹਾਡਾ ਇਸ ਤਰ੍ਹਾਂ ਦਾ ਵਰਤਾਉ ਬਿਲਕੁਲ ਚੰਗਾ ਨਹੀਂ ਲੱਗਦਾ, ਬੇਸ਼ੱਕ ਤੁਸੀਂ ਗੁੱਸਾ ਕਰੋ।" ਮੁਹੰਮਦ ਅਸਗਰ ਨੇ ਥੋੜ੍ਹੀ ਖਿਝੀ ਹੋਈ ਆਵਾਜ਼ ਦੇ ਵਿਚ ਆਖਿਆ ਸੀ।

ਨਸੀਰਹ ਆਪਣੇ ਪੁੱਤਰ ਦੇ ਨਾਲ ਖੁੱਲ੍ਹ ਕੇ ਗੱਲਾਂ ਕਰਨੀਆਂ ਚਾਹੁੰਦੀ ਸੀ ਪ੍ਰੰਤੂ ਅਚਾਨਕ ਉਸਦੇ ਮਨ ਵਿਚ ਖ਼ਿਆਲ ਆਇਆ ਸੀ ਕਿ ਉਸਦਾ ਪੁੱਤਰ ਭੁੱਖਾ ਹੋਵੇਗਾ। ਉਹ ਆਪ ਵੀ ਥੱਕੀ ਹੋਈ ਅਤੇ ਭੁੱਖੀ ਸੀ। ਉਹ ਖ਼ੁਦ ਵੀ ਆਪਣੇ ਕੰਮ ਤੋਂ ਘਰ ਵਾਪਸ ਥੋੜ੍ਹੀ ਦੇਰ ਪਹਿਲਾਂ ਹੀ ਆਈ ਸੀ ਪ੍ਰੰਤੂ ਆਪਣੇ ਨਾਲੋਂ ਉਸਨੂੰ ਪੁੱਤਰ ਦਾ ਜ਼ਿਆਦਾ ਫ਼ਿਕਰ ਸੀ। ਇਸ ਲਈ ਉਸਨੇ ਅਸਗਰ ਨੂੰ ਕਿਹਾ ਸੀ,

"ਪੁੱਤਰ, ਪਹਿਲਾਂ ਤੂੰ ਕੁਝ ਖਾ ਲੈ, ਫਿਰ ਗੱਲਾਂ ਕਰਾਂਗੇ।"

"ਨਹੀਂ ਅੰਮੀ ਜਾਨ, ਮੈਨੂੰ ਭੁੱਖ ਨਹੀਂ।"

"ਭੁੱਖ ਨਹੀਂ, ਕਿਉਂ ਨਹੀਂ?"

"ਵੈਸੇ ਹੀ।"

"ਕੀ ਕੁਝ ਖਾ ਕੇ ਆਇਆ ਏਂ?"

"ਨਹੀਂ ਅੰਮੀ ਜਾਨ।"

"ਫਿਰ ਭੁੱਖ ਕਿਉਂ ਨਹੀਂ ਲੱਗੀ? ਤੂੰ ਸਵੇਰ ਦਾ ਖਾਣਾ ਖਾਧਾ ਹੋਇਆ ਹੈ।"

"ਜਦੋਂ ਭੁੱਖ ਲੱਗੇਗੀ, ਤੁਹਾਨੂੰ ਮੈਂ ਆਪ ਹੀ ਦੱਸ ਦਿਆਂਗਾ।"

"ਤੈਨੂੰ ਤੇ ਪੁੱਤਰ ਉਂਞ ਹੀ ਝੂਠ ਬੋਲਣ ਦੀ ਆਦਤ ਹੈ। ਜਾ ਪਹਿਲਾਂ ਆਪਣਾ ਸੂਟ ਬਦਲ ਲੈ, ਜੇਕਰ ਨਹਾਉਣਾ ਹੈ ਤਾਂ ਨਹਾ ਲੈ, ਮੈਂ ਉਦੋਂ ਤੱਕ ਖਾਣਾ ਤਿਆਰ ਕਰ ਲੈਂਦੀ ਹਾਂ।" ਐਨਾ ਕਹਿ ਕੇ ਨਸੀਰਹ ਰਸੋਈ ਵਿਚ ਵੜ ਗਈ ਸੀ, ਉਸਨੂੰ ਮਗਰੋਂ ਅਸਗਰ ਦੀ ਆਵਾਜ਼ ਸੁਣਾਈ ਦਿੱਤੀ ਸੀ,

"ਅੰਮੀ ਜਾਨ!"

"ਹਾਂ ਪੁੱਤਰ।"

"ਮੈਂ ਅਜੇ ਕੁਝ ਨਹੀਂ ਖਾਣਾ।"

"ਕਿਉਂ ਨਹੀਂ ਕੁਝ ਵੀ ਖਾਣਾ?"

"ਮੈਨੂੰ ਅਜੇ ਭੁੱਖ ਨਹੀਂ ਹੈ।"

"ਭੁੱਖ ਨਾ ਵੀ ਹੋਵੇ ਫਿਰ ਵੀ ਕੁਝ ਖਾਣਾ ਚਾਹੀਦਾ ਹੈ।"

"ਜੇਕਰ ਜੀਅ ਨਾ ਕਰੇ ਫਿਰ?"

"ਫਿਰ ਵੀ ਥੋੜ੍ਹਾ ਬਹੁਤ ਤੇ ਖਾਣਾ ਹੀ ਚਾਹੀਦਾ ਹੈ।"

"ਅੰਮੀ ਜਾਨ, ਤੁਸੀਂ ਮੈਨੂੰ ਫੋਰਸ ਨਾ ਕਰਿਆ ਕਰੋ।"

"ਪੁੱਤਰ, ਕੀ ਗੱਲ ਹੈ? ਕੀ ਸਿਰ ਪੀੜ ਹੁੰਦੀ ਹੈ?"

"ਸਿਰ-ਪੀੜ ਤੇ ਹਰ ਰੋਜ਼ ਹੀ ਹੁੰਦੀ ਹੈ। ਇਹ ਦੱਸੋ ਸਿਰ ਪੀੜ ਹੋਈ ਕਦੋਂ ਨਹੀਂ? ਇਹਦੇ ਤਾਂ ਆਪਾਂ ਆਦੀ ਹੋ ਗਏ ਹਾਂ।"

"ਪੁੱਤਰ ਟੇਬਲੇਟ ਲਿਆ ਦੇਵਾਂ?"

"ਨਹੀਂ, ਅੰਮੀ ਜਾਨ।"

"ਕਿਉਂ?"

"ਕਿਉਂਕਿ ਇਹਦੀ ਲੋੜ ਨਹੀਂ।"

"ਫਿਰ ਹੋਰ ਕੀ ਖਾਏਂਗਾ?"

"ਕੁਝ ਵੀ ਨਹੀਂ?"

"ਚਾਹ ਦਾ ਇੱਕ ਕੱਪ ਬਣਾ ਦਿਆਂ, ਇਲਾਇਚੀਆਂ ਪਾ ਕੇ ਬੜੀ ਟੇਸਟੀ ਬਣਾਵਾਂਗੀ।"

"ਨਹੀਂ ਅੰਮੀ ਜਾਨ, ਥੈਂਕ ਯੂ ਵੈਰੀ ਮੱਚ।"

"ਫਿਰ ਕੌਫ਼ੀ ਤਿਆਰ ਕਰ ਦੇਵਾਂ?"

"ਨਹੀਂ ਮੇਰਾ ਕਿਸੇ ਚੀਜ਼ ਨੂੰ ਜੀਅ ਨਹੀਂ ਕਰਦਾ।"

"ਕੀ ਗੱਲ, ਕਿਤੇ ਤੇਰੀ ਤਬੀਅਤ ਖ਼ਰਾਬ ਤੇ ਨਹੀਂ?"

"ਨਹੀਂ ਅੰਮੀ ਜਾਨ, ਮੇਰੀ ਤਬੀਅਤ ਬਿਲਕੁਲ ਠੀਕ ਹੈ।"

"ਫਿਰ ਕਿਤੇ ਤੇਰਾ ਮਨ ਤੇ ਨਹੀਂ ਉਦਾਸ?"

"ਓਹ ਹੋ! ਅੰਮੀ ਜਾਨ, ਮੇਰਾ ਮਨ ਕਿਉਂ ਉਦਾਸ ਹੋਣਾ ਹੈ?"

"ਪੁੱਤਰ, ਜ਼ਿੰਦਗੀ ਵਿਚ ਕਈ ਵਾਰ ਗ਼ਮ ਵੀ ਲੱਗ ਜਾਂਦੇ ਹਨ।"

"ਲਉ ਦੱਸੋ ਖਾਂ ਅੰਮੀ ਜਾਨ, ਮੈਨੂੰ ਭਲਾ ਕਿਸ ਚੀਜ਼ ਦਾ ਗ਼ਮ ਲੱਗਣਾ ਹੈ?"

"ਪੁੱਤਰ, ਤੂੰ ਤੇ ਇਸ ਤਰ੍ਹਾਂ ਨਖ਼ਰੇ ਹੀ ਕਰੀ ਜਾਣੇ ਹਨ। ਤੂੰ ਤੇ ਸਗੋਂ ਮੇਰਾ ਸਮਾਂ ਵੀ ਬਰਬਾਦ ਕਰ ਰਿਹਾ ਏਂ। ਜਾ ਤੂੰ ਦਸ ਮਿੰਟ ਦੇ ਲਈ ਬਾਨੋਂ ਹੋਰਾਂ ਦੇ ਕਮਰੇ ਵਿਚ ਚਲਾ ਜਾ, ਮੈਂ ਉਦੋਂ ਤੱਕ ਖਾਣਾ ਤਿਆਰ ਕਰ ਲੈਂਦੀ ਹਾਂ।" ਐਨਾ ਕਹਿ ਕੇ ਨਸੀਰਹ ਰਸੋਈ ਵਿਚ ਵੜ ਗਈ ਸੀ ਅਤੇ ਉਸਨੇ ਹੀਟਰ ਦਾ ਸਵਿੱਚ ਦਬਾ ਦਿੱਤਾ ਸੀ, ਉਸ ਉੱਪਰ ਤਵੇ ਨੂੰ ਧੋ ਕੇ ਟਿਕਾ ਦਿੱਤਾ ਸੀ। ਨਸੀਰਹ ਨੇ ਦੂਸਰੇ ਹੀਟਰ ਦਾ ਸਵਿੱਚ ਵੀ ਔਨ ਕਰ ਦਿੱਤਾ ਸੀ ਅਤੇ ਉਸ ਉੱਪਰ ਉਸਨੇ ਦਾਲ ਗਰਮ ਕਰਨ ਲਈ ਪਤੀਲੀ ਰੱਖ ਦਿੱਤੀ ਸੀ। ਫਿਰ ਉਸਨੇ ਫਰਿੱਜ਼ ਵਿਚੋਂ ਗੁੰਨਿਆ ਹੋਇਆ ਆਟਾ ਬਾਹਰ ਕੱਢਿਆ ਸੀ ਅਤੇ ਉਹ ਆਟੇ ਨੂੰ ਮਲਣ ਲੱਗ ਪਈ ਸੀ। ਉਸ ਦੇ ਹੱਥਾਂ ਨੂੰ ਆਟਾ ਠਰਿਆ ਹੋਇਆ ਮਹਿਸੂਸ ਹੋ ਰਿਹਾ ਸੀ। ਨਸੀਰਹ ਨੇ ਆਟੇ ਦੇ ਛੋਟੇ-ਛੋਟੇ ਪੇੜੇ ਬਣਾ ਕੇ ਰੋਟੀਆਂ ਪਕਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ।

ਮੁਹੰਮਦ ਅਸਗਰ ਆਪਣੇ ਕਮਰੇ ਵਿਚ ਚਲਾ ਗਿਆ ਸੀ। ਉਸਨੇ ਆਪਣੇ ਕੱਪੜੇ ਉਤਾਰ ਕੇ ਇਕ ਕੀਲੀ ਉੱਪਰ ਟੰਗ ਦਿੱਤੇ ਸਨ। ਉਸਨੂੰ ਥਕਾਵਟ ਮਹਿਸੂਸ ਹੋ ਰਹੀ ਸੀ। ਇਸ ਲਈ ਉਹ ਕੁਝ ਦੇਰ ਦੇ ਲਈ ਮੰਜੇ ਉੱਪਰ ਲੇਟ ਗਿਆ ਸੀ। ਉਹ ਆਪਣੀਆਂ ਸੋਚਾਂ ਵਿਚ ਗੁਆਚਿਆ ਹੋਇਆ ਸੀ,

"ਅੰਮੀ ਜਾਨ ਨੂੰ ਪਤਾ ਨਹੀਂ ਕਦੇ ਕਦਾਈਂ ਕੀ ਹੋ ਜਾਂਦਾ ਹੈ? ਅੱਲਾਹ ਤਾਅਲਾ! ਤੂੰ ਮੇਰੀ ਅੰਮੀ ਜਾਨ ਨੂੰ ਸ਼ਾਂਤੀ ਕਿਉਂ ਨਹੀਂ ਦਿੰਦਾ? ਉਹ ਕਿਉਂ ਹਰ ਵੇਲੇ ਉਦਾਸ-ਉਦਾਸ ਅਤੇ ਪ੍ਰੇਸ਼ਾਨ ਰਹਿੰਦੇ ਹਨ? ਮੈਨੂੰ ਤੇ ਉਦਾਸੀ ਅਤੇ ਪਰੇਸ਼ਾਨੀ ਦਾ ਕੋਈ ਕਾਰਣ ਨਜ਼ਰ ਨਹੀਂ ਆਉਂਦਾ। ਸੁਖ ਦੇ ਨਾਲ ਅੱਲਾਹ-ਮੀਆਂ ਦੀ ਮਿਹਰ ਏ। ਘਰ ਵਿਚ ਹਰ ਚੀਜ਼ ਹੈ। ਖ਼ੁਦਾ ਨੇ ਸਾਡੇ ਘਰ ਵਿਚ ਕਿਸੇ ਚੀਜ਼ ਦੀ ਕਮੀ ਨਹੀਂ ਰਹਿਣ ਦਿੱਤੀ, ਫਿਰ ਅੰਮੀ ਜਾਨ ਦੀ ਪਰੇਸ਼ਾਨੀ ਦਾ ਕੀ ਕਾਰਣ ਹੋ ਸਕਦਾ ਹੈ? ਹਾਂ, ਹਾਂ, ਆ ਗਈ ਸਮਝ, ਉਹਨਾਂ ਨੇ ਕੰਮ ਉੱਪਰ ਕੋਈ ਸੋਹਣੀ ਜਿਹੀ ਕੁੜੀ ਵੇਖ ਲਈ ਹੋਣੀ ਹੈ, ਬੱਸ ਉਹ ਹੀ ਪਸੰਦ ਆ ਗਈ ਹੋਣੀ ਹੈ। ਉਹਨਾਂ ਨੇ ਸੋਚਿਆ

ਹੋਣਾ ਹੈ ਕਿ ਝੱਟ ਦੇ ਨਾਲ ਮੇਰੀ ਮੈਰਿਜ ਉਸ ਕੁੜੀ ਦੇ ਨਾਲ ਹੋ ਜਾਵੇ ਪਰੰਤੂ ਮੈਂ ਨਹੀਂ ਕਿਸੇ ਓਪਰੀ ਕੁੜੀ ਦੇ ਨਾਲ ਨਿਕਾਹ ਕਰਵਾਉਣਾ। ਅੰਮੀ ਜਾਨ ਅੱਗੇ ਵੀ ਤਾਂ ਕਈ ਹੋਰ ਕੁੜੀਆਂ ਦਾ ਮੇਰੇ ਨਾਲ ਰਿਸ਼ਤਾ ਕਰਨ ਬਾਰੇ ਗੱਲ ਕਰ ਚੁੱਕੇ ਹਨ ਪਰੰਤੂ ਮੈਨੂੰ ਇੱਕ ਗੱਲ ਦੀ ਸਮਝ ਨਹੀਂ ਆਉਂਦੀ ਕਿ ਅੰਮੀ ਜਾਨ ਕਿਉਂ ਮੇਰੀ ਮੈਰਿਜ ਕਰਨ ਦੇ ਲਈ ਮੇਰੇ ਮਗਰ ਹੱਥ ਧੋ ਕੇ ਪਏ ਹੋਏ ਹਨ। ਮੈਂ ਬੁੱਢਾ ਤੇ ਨਹੀਂ ਹੋ ਗਿਆ? ਸ਼ਾਇਦ ਉਹਨਾਂ ਨੂੰ ਮੇਰੇ ਉੱਪਰ ਕੋਈ ਇਤਬਾਰ ਨਹੀਂ। ਹੋ ਸਕਦਾ ਹੈ ਕਿ ਉਹਨਾਂ ਨੂੰ ਇਸ ਗੱਲ ਦਾ ਡਰ ਹੋਵੇ ਕਿ ਕਿਤੇ ਮੈਂ ਕਿਸੇ ਹੋਰ ਧਰਮ ਦੀ ਕੁੜੀ ਦੇ ਨਾਲ ਮੈਰਿਜ ਨਾ ਕਰਵਾ ਲਵਾਂ। ਜੇਕਰ ਮੈਂ ਇਸ ਤਰ੍ਹਾਂ ਕਰਾਂਗਾ ਤਾਂ ਸਮਾਜ ਵਿਚ ਉਹ ਆਪਣਾ ਨਿਰਾਦਰ ਮਹਿਸੂਸ ਕਰਨਗੇ। ਪਤਾ ਨਹੀਂ ਅੰਮੀ ਜਾਨ ਕਿਉਂ ਐਨੇ ਪੁਰਾਣੇ ਖ਼ਿਆਲਾਂ ਦੇ ਨੇ। ਕਿਸੇ ਵੀ ਧਰਮ ਦੇ ਸਾਰੇ ਬੰਦੇ ਮਾੜੇ ਨਹੀਂ ਹੁੰਦੇ। ਨਾਲੇ ਸਾਡੇ ਧਰਮ ਦੇ ਲੋਕ ਵੀ ਕਿਹੜੇ ਦੁੱਧ ਧੋਤੇ ਹਨ। ਮੈਨੂੰ ਤੇ ਇਹ ਗੱਲਾਂ ਉੱਕਾ ਹੀ ਪਸੰਦ ਨਹੀਂ ਆਉਂਦੀਆਂ। ਦੁਨੀਆਂ ਤਾਂ ਰੰਗ-ਬਿਰੰਗੀ ਹੈ। ਹਰ ਧਰਮ ਵਿਚ, ਹਰ ਦੇਸ਼ ਵਿਚ, ਹਰ ਜਾਤ ਵਿਚ, ਹਰ ਸਮਾਜ ਵਿਚ ਬੰਦੇ ਚੰਗੇ ਵੀ ਹੁੰਦੇ ਹਨ ਅਤੇ ਮਾੜੇ ਵੀ ਹੁੰਦੇ ਹਨ। ਹੋ ਸਕਦਾ ਹੈ ਜਿਹੜੀ ਕੁੜੀ ਅੰਮੀ ਜਾਨ ਨੂੰ ਪਸੰਦ ਆਈ ਹੈ, ਉਹ ਮੇਰੇ ਪਸੰਦ ਨਾ ਹੋਵੇ ਜਾਂ ਉਹ ਵੈਸੇ ਹੀ ਚੰਗੀ ਨਾ ਹੋਵੇ। ਮੈਂ ਜੇਕਰ ਮੈਰਿਜ ਕਰਵਾਵਾਂਗਾ ਤਾਂ ਸਿਰਫ਼ ਉਸ ਕੁੜੀ ਦੇ ਨਾਲ ਹੀ ਕਰਵਾਵਾਂਗਾ ਨਹੀਂ ਤੇ ਸਾਰੀ ਉਮਰ ਮੈਰਿਜ ਨਹੀਂ ਕਰਵਾਵਾਂਗਾ। ਮੈਨੂੰ ਤੇ ਬੱਸ ਸਿਰਫ਼ ਉਹ ਹੀ ਕੁੜੀ ਚਾਹੀਦੀ ਹੈ। ਮੈਂ ਉਹਦੇ ਬਿਨਾਂ ਜਿਊਂਦਾ ਨਹੀਂ ਰਹਿ ਸਕਦਾ। ਅੱਲਾਹ ਮੀਆਂ ਮੈਂ ਤੇਰੀ ਕਸਮ ਖਾ ਕੇ ਕਹਿੰਦਾ ਹਾਂ ਕਿ ਜੇਕਰ ਮੇਰਾ ਨਿਕਾਹ ਹੋਇਆ ਤਾਂ ਸਿਰਫ਼ ਫਾਤਮਾ ਦੇ ਨਾਲ ਹੀ ਹੋਵੇਗਾ। ਮੈਂ ਉਸ ਕੁੜੀ ਨੂੰ ਆਪਣਾ ਦਿਲ ਦੇ ਚੁੱਕਾ ਹਾਂ। ਉਹ ਕੁੜੀ ਮੇਰੀ ਰੂਹ ਅੰਦਰ ਦਾਖ਼ਲ ਹੋ ਗਈ ਹੈ। ਹੇ ਖ਼ੁਦਾ! ਮੈਨੂੰ ਸਿਰਫ਼ ਫਾਤਮਾ ਹੀ ਚਾਹੀਦੀ ਹੈ, ਮੈਨੂੰ ਕਿਸੇ ਹੋਰ ਕੁੜੀ ਦੀ ਬਿਲਕੁਲ ਲੋੜ ਨਹੀਂ। ਫਾਤਮਾ! ਮੈਂ ਤੈਨੂੰ ਆਪਣਾ ਦਿਲ ਦੇ ਚੁੱਕਾ ਹਾਂ। ਸ਼ਾਇਦ ਤੈਨੂੰ ਨਹੀਂ ਪਤਾ ਕਿ ਮੈਂ ਤੈਨੂੰ ਕਿੰਨਾ ਜ਼ਿਆਦਾ ਪਿਆਰ ਕਰਦਾ ਹਾਂ। ਫਾਤਮਾ! ਮੈਂ ਦਿਨ ਰਾਤ ਤੇਰੇ ਵਿਛੋੜੇ ਵਿਚ ਤੜਪ ਰਿਹਾ ਹਾਂ। ਮੈਨੂੰ ਤੇਰੇ ਬਗ਼ੈਰ ਕੁਝ ਵੀ ਚੰਗਾ ਨਹੀਂ ਲੱਗਦਾ। ਮੇਰੀਆਂ ਅੱਖਾਂ ਤੈਨੂੰ ਦੇਖਣ ਦੇ ਲਈ ਤਰਸਦੀਆਂ ਹਨ। ਫਾਤਮਾ, ਮੈਂ ਤੇਰੀ ਖ਼ਾਤਰ ਆਪਣੀ ਜ਼ਿੰਦਗੀ ਦਾ ਸਾਰਾ ਕੁਝ ਕੁਰਬਾਨ ਕਰਨ ਨੂੰ ਤਿਆਰ ਹਾਂ। ਫਾਤਮਾ! ਮੇਰੀ ਜੇਕਰ ਤੂੰ ਜਾਨ ਵੀ ਮੰਗ ਲਵੇਂ ਮੈਂ ਤੈਨੂੰ ਉਹ ਵੀ ਹੱਸ ਕੇ ਦੇ ਦੇਵਾਂਗਾ। ਫਾਤਮਾ! ਜੇਕਰ ਮੈਨੂੰ ਅੱਲਾਹ ਤਾਅਲਾ ਵੀ ਪੁੱਛੇ ਕਿ ਮੈਨੂੰ ਬਹਿਸ਼ਤ ਅਤੇ

ਫਾਤਮਾ ਦੋਹਾਂ ਵਿਚੋਂ ਕਿਹੜੀ ਚੀਜ਼ ਚਾਹੀਦੀ ਹੈ ਤਾਂ ਫਾਤਮਾ! ਮੈਂ ਤੇਰੀ ਕਸਮ ਖਾ ਕੇ ਕਹਿੰਦਾ ਹਾਂ ਕਿ ਮੈਂ ਤੇਰੀ ਖ਼ਾਤਰ ਬਹਿਸ਼ਤ ਨੂੰ ਵੀ ਠੋਕਰ ਮਾਰ ਦੇਵਾਂਗਾ। ਮੈਂ ਸਿਰਫ਼ ਅੱਲਾਹ ਕੋਲੋਂ ਤੈਨੂੰ ਹੀ ਮੰਗਾਂਗਾ।" ਮੁਹੰਮਦ ਅਸਗਰ ਆਪਣੇ ਕਮਰੇ ਵਿਚ ਮੰਜੇ ਉੱਪਰ ਲੇਟਿਆ ਹੋਇਆ ਸੋਚਾਂ ਦੇ ਵਹਿਣ ਵਿਚ ਰੁੜ੍ਹਿਆ ਜਾ ਰਿਹਾ ਸੀ। ਉਸਦੇ ਮਨ ਵਿਚ ਕਈ ਤਰ੍ਹਾਂ ਦੇ ਫੁਰਨੇ ਆ ਰਹੇ ਸਨ।

ਫਾਤਮਾ ਅਸਗਰ ਦੀ ਸਕੀ ਮਾਸੀ ਦੀ ਧੀ ਸੀ। ਅਸਗਰ ਅਤੇ ਫਾਤਮਾ ਇਕ ਦੂਸਰੇ ਦੇ ਬਚਪਨ ਦੇ ਵਾਕਫ਼ ਸਨ। ਫਾਤਮਾ ਅਸਗਰ ਦੇ ਨਾਲੋਂ ਉਮਰ ਵਿਚ ਪੰਜ ਸਾਲ ਛੋਟੀ ਸੀ। ਸ਼ੁਰੂ ਤੋਂ ਹੀ ਜਦੋਂ ਬੱਚਿਆਂ ਨੂੰ ਛੁੱਟੀਆਂ ਹੁੰਦੀਆਂ ਸਨ ਤਾਂ ਫਾਤਮਾ ਦੀ ਮਾਂ ਉਸਨੂੰ ਆਪਣੀ ਭੈਣ ਨਸੀਰਹ ਦੇ ਕੋਲ ਛੱਡ ਜਾਇਆ ਕਰਦੀ ਸੀ। ਫਾਤਮਾ ਕਈ-ਕਈ ਦਿਨ ਆਪਣੀ ਮਾਸੀ ਨਸੀਰਹ ਦੇ ਘਰ ਰਹਿ ਜਾਇਆ ਕਰਦੀ ਸੀ। ਜਿੱਥੇ ਉਹ ਸਾਰਾ-ਸਾਰਾ ਦਿਨ ਆਪਣੀ ਮਾਸੀ ਦੇ ਬੱਚਿਆਂ ਦੇ ਨਾਲ ਖੇਡਿਆ ਕਰਦੀ ਸੀ। ਅਸਗਰ, ਫਾਤਮਾ, ਬਾਨੋਂ ਅਤੇ ਜ਼ੁਲੈਖਾਂ ਸਾਰੇ ਜਣੇ ਰਲ ਕੇ ਖੇਡਿਆ ਕਰਦੇ ਸਨ। ਸਾਰੇ ਬੱਚੇ ਕਦੇ ਆਪਣੇ ਘਰ ਖੇਡਦੇ ਰਹਿੰਦੇ ਸਨ ਅਤੇ ਕਈ ਵਾਰ ਉਹ ਇਕ ਪਾਰਕ ਵਿਚ ਖੇਡਣ ਲਈ ਚਲੇ ਜਾਂਦੇ ਸਨ। ਇਹ ਪਾਰਕ ਨਸੀਰਹ ਦੇ ਘਰ ਤੋਂ ਬਿਲਕੁਲ ਨਜ਼ਦੀਕ ਸੀ ਅਤੇ ਇਥੇ ਪਹੁੰਚਣ ਦੇ ਲਈ ਪੰਜ ਮਿੰਟ ਤੋਂ ਵੀ ਘੱਟ ਸਮਾਂ ਲੱਗਦਾ ਸੀ। ਜਦੋਂ ਬੱਚੇ ਪਾਰਕ ਵਿਚ ਖੇਡਣ ਦੇ ਲਈ ਜਾਇਆ ਕਰਦੇ ਸਨ ਤਾਂ ਕਈ ਵਾਰ ਨਸੀਰਹ ਖ਼ੁਦ ਵੀ ਉਹਨਾਂ ਦੇ ਨਾਲ ਚਲੀ ਜਾਇਆ ਕਰਦੀ ਸੀ। ਜਦੋਂ ਉਹ ਬੱਚਿਆਂ ਦੇ ਨਾਲ ਜਾਂਦੀ ਹੁੰਦੀ ਸੀ ਤਾਂ ਇਕ ਪਲਾਸਟਿਕ ਦੇ ਥੈਲੇ ਵਿਚ ਉਹ ਬੱਚਿਆਂ ਦੇ ਖਾਣ ਦੇ ਲਈ ਬਿਸਕੁਟ, ਕੇਕ, ਟੌਫ਼ੀਆਂ, ਫਲ ਅਤੇ ਪੀਣ ਦੇ ਲਈ ਫਲਾਂ ਦੇ ਰਸ ਜਾਂ ਫੈਂਟਾ ਆਦਿ ਲੈ ਲਿਆ ਕਰਦੀ ਸੀ। ਬੱਚਿਆਂ ਨੂੰ ਜਦੋਂ ਵੀ ਭੁੱਖ ਜਾਂ ਪਿਆਸ ਲੱਗਿਆ ਕਰਦੀ ਸੀ, ਉਹ ਨਸੀਰਹ ਦੇ ਕੋਲੋਂ ਖਾਣ ਜਾਂ ਪੀਣ ਦੇ ਲਈ ਕੋਈ ਨਾ ਕੋਈ ਚੀਜ਼ ਜ਼ਰੂਰ ਮੰਗ ਲਿਆ ਕਰਦੇ ਸਨ। ਇਸ ਤਰ੍ਹਾਂ ਉਹ ਸਾਰੇ ਜਣੇ ਪਾਰਕ ਵਿਚ ਬਹੁਤ ਸਾਰਾ ਸਮਾਂ ਲੰਘਾ ਦਿਆ ਕਰਦੇ ਸਨ। ਪਾਰਕ ਵਿਚ ਕਾਫ਼ੀ ਰੌਣਕ ਹੋਇਆ ਕਰਦੀ ਸੀ। ਸ਼ਨੀਚਰਵਾਰ ਅਤੇ ਐਤਵਾਰ ਨੂੰ ਤਾਂ ਪਾਰਕ ਵਿਚ ਬਹੁਤ ਜ਼ਿਆਦਾ ਭੀੜ ਹੋਇਆ ਕਰਦੀ ਸੀ। ਐਤਵਾਰ ਨੂੰ ਤਾਂ ਉੱਥੇ ਤਿਲ ਸੁੱਟਣ ਲਈ ਵੀ ਥਾਂ ਨਹੀਂ ਸੀ ਹੁੰਦੀ। ਇਸ ਦਿਨ ਗੋਰੇ, ਕਾਲੇ, ਭਾਰਤੀ, ਪਾਕਿਸਤਾਨੀ ਅਤੇ ਹੋਰ ਕਈ ਮੁਲਕਾਂ ਦੇ ਲੋਕਾਂ ਦੇ ਨਾਲ ਪਾਰਕ ਭਰਿਆ ਰਹਿੰਦਾ ਸੀ। ਇਸ ਦਿਨ ਪਾਰਕ ਵਿਚ ਹਰ ਉਮਰ ਦੇ ਲੋਕ ਬੱਚੇ, ਮੁੰਡੇ, ਕੁੜੀਆਂ, ਅਧਖੜ ਉਮਰ ਦੀਆਂ

ਇਸਤਰੀਆਂ ਅਤੇ ਮਰਦ, ਬੁੱਢੀਆਂ ਔਰਤਾਂ ਅਤੇ ਬੁੱਢੇ ਬੰਦੇ ਹੋਇਆ ਕਰਦੇ ਸਨ। ਹਰ ਕੋਈ ਉਥੇ ਖ਼ੁਸ਼-ਖ਼ੁਸ਼ ਨਜ਼ਰ ਆਇਆ ਕਰਦਾ ਸੀ।

ਹਫ਼ਤੇ ਦੇ ਬਾਕੀ ਦਿਨਾਂ ਵਿਚ ਲੋਕਾਂ ਦੀ ਐਨੀ ਜ਼ਿਆਦਾ ਭੀੜ ਨਹੀਂ ਸੀ ਹੋਇਆ ਕਰਦੀ। ਫਿਰ ਵੀ ਉੱਥੇ ਹਰ ਰੋਜ਼ ਕਾਫ਼ੀ ਰੌਣਕ ਰਹਿੰਦੀ ਸੀ। ਇਹਨਾਂ ਦਿਨਾਂ ਵਿਚ ਆਮ ਤੌਰ 'ਤੇ ਉਥੇ ਬਜ਼ੁਰਗ ਔਰਤਾਂ ਅਤੇ ਮਰਦ, ਬੱਚੇ ਅਤੇ ਬੇਰੁਜ਼ਗਾਰ ਔਰਤਾਂ ਜਾਂ ਉਹ ਔਰਤਾਂ ਜਿਨ੍ਹਾਂ ਦੇ ਬੱਚੇ ਹਾਲੇ ਛੋਟੇ ਹੁੰਦੇ ਸਨ ਅਤੇ ਜਿਹੜੀਆਂ ਇਸ ਕਾਰਣ ਆਪਣੇ ਕੰਮਾਂ ਉੱਪਰ ਨਹੀਂ ਸੀ ਜਾ ਸਕਦੀਆਂ ਹੁੰਦੀਆਂ, ਉਹ ਹੀ ਹੋਇਆ ਕਰਦੀਆਂ ਸਨ। ਪਾਰਕ ਵਿਚ ਕਦੇ-ਕਦੇ ਕੋਈ ਟਾਵਾਂ-ਟਾਵਾਂ ਕੋਈ ਗੱਭਰੂ ਜਾਂ ਮੁਟਿਆਰਾਂ ਵੀ ਦਿਖਾਈ ਦਿਆ ਕਰਦੀਆਂ ਸਨ, ਜਿਹੜੇ ਬੇਰੁਜ਼ਗਾਰ ਸਨ। ਕਈ ਵਾਰ ਜਦੋਂ ਨਸੀਰਹ ਨੂੰ ਘਰ ਜ਼ਿਆਦਾ ਕੰਮ ਹੁੰਦਾ ਸੀ ਉਹ ਫਿਰ ਬੱਚਿਆਂ ਨੂੰ ਇਕੱਲਿਆਂ ਨੂੰ ਪਾਰਕ ਵਿਚ ਭੇਜ ਦਿਆ ਕਰਦੀ ਸੀ। ਬੱਚਿਆਂ ਨੂੰ ਪਾਰਕ ਵਿਚ ਭੇਜਣ ਦੇ ਸਮੇਂ ਨਸੀਰਹ ਅਸਗਰ ਨੂੰ ਖਾਣ-ਪੀਣ ਦੇ ਸਾਮਾਨ ਦੇ ਨਾਲ ਇਕ ਪਲਾਸਟਿਕ ਦਾ ਥੈਲਾ ਭਰ ਕੇ ਫੜਾ ਦਿਆ ਕਰਦੀ ਸੀ ਅਤੇ ਉਹ ਬੱਚਿਆਂ ਨੂੰ ਬੜੇ ਧਿਆਨ ਦੇ ਨਾਲ ਪਾਰਕ ਨੂੰ ਜਾਣ ਅਤੇ ਪਾਰਕ ਤੋਂ ਵਾਪਸ ਆਉਣ ਦੀਆਂ ਨਸੀਹਤਾਂ ਵੀ ਦਿਆ ਕਰਦੀ ਸੀ। ਇਸ ਤਰ੍ਹਾਂ ਬੱਚੇ ਆਪਸ ਵਿਚ ਬੜੇ ਪਿਆਰ ਦੇ ਨਾਲ ਖੇਡਦੇ ਰਹਿੰਦੇ ਸਨ। ਅਠਾਰ੍ਹਾਂ ਸਾਲ ਦੀ ਉਮਰ ਤੱਕ ਅਸਗਰ ਦੇ ਮਨ ਵਿਚ ਫਾਤਮਾ ਬਾਰੇ ਕੋਈ ਬੁਰਾ ਖ਼ਿਆਲ ਨਹੀਂ ਸੀ ਆਇਆ।

ਫਾਤਮਾ ਤੇਰ੍ਹਾਂ ਸਾਲਾਂ ਦੀ ਹੋ ਚੁੱਕੀ ਸੀ ਅਤੇ ਅਸਗਰ ਦੀ ਉਮਰ ਉਦੋਂ ਅਠਾਰ੍ਹਾਂ ਸਾਲਾਂ ਦੀ ਸੀ। ਅਸਗਰ ਨੂੰ ਅਚਾਨਕ ਕਿਸੇ ਜ਼ਰੂਰੀ ਕੰਮ ਆਪਣੀ ਮਾਸੀ ਦੇ ਘਰ ਜਾਣਾ ਪੈ ਗਿਆ ਸੀ। ਉਸ ਦੀ ਮਾਸੀ (ਫਾਤਮਾ ਦੀ ਮਾਂ) ਦਾ ਸਾਰਾ ਪਰਿਵਾਰ ਡਡਲੀ ਰਹਿੰਦਾ ਸੀ ਅਤੇ ਅਸਗਰ ਹੁਰੀਂ ਆਪ ਵੁਲਵਰਹੈਂਪਟਨ ਰਹਿੰਦੇ ਸਨ। ਅਸਗਰ ਨੇ ਉਸ ਦਿਨ ਫਾਤਮਾ ਨੂੰ ਕਈ ਮਹੀਨਿਆਂ ਦੇ ਬਾਅਦ ਤੱਕਿਆ ਸੀ। ਅਸਗਰ ਡਰਾਇੰਗ ਰੂਮ ਵਿਚ ਬੈਠਾ ਹੋਇਆ ਅਜੇ ਚਾਹ ਦੀਆਂ ਚੁਸਕੀਆਂ ਭਰ ਰਿਹਾ ਸੀ ਕਿ ਅਚਾਨਕ ਉਥੇ ਫਾਤਮਾ ਆ ਗਈ ਸੀ। ਉਹ ਹੁਣੇ-ਹੁਣੇ ਬਾਥਰੂਮ ਵਿਚੋਂ ਨਹਾ ਕੇ ਆਈ ਸੀ। ਉਸਦੇ ਕਾਲੇ ਸ਼ਾਹ ਕਾਲੇ ਵਾਲ ਉਸਦੀ ਪਿੱਠ ਦੇ ਥੱਲੇ ਤੱਕ ਲਟਕ ਰਹੇ ਸਨ, ਉਹ ਵਾਲਾਂ ਨੂੰ ਸੁਕਾ ਕੇ ਲਿਆਈ ਸੀ ਅਤੇ ਉਸਦੇ ਵਾਲ ਵਿਖਰੇ ਹੋਏ ਸਨ ਅਤੇ ਉਸਨੇ ਆਪਣੇ ਵਾਲਾਂ ਨੂੰ ਗੁੰਦਿਆ ਹੋਇਆ ਨਹੀਂ ਸੀ। ਫਾਤਮਾ ਦਾ ਚਿਹਰਾ ਲਾਲ ਸੁਰਖ਼ ਸੀ। ਉਸਨੇ ਜ਼ਾਮਨੀ ਰੰਗ ਦਾ ਸੂਟ ਸਲਵਾਰ

ਪਾਇਆ ਹੋਇਆ ਸੀ ਅਤੇ ਉਹ ਇਸ ਲਿਬਾਸ ਵਿਚ ਬਹੁਤ ਹੀ ਜ਼ਿਆਦਾ ਫੱਬ ਰਹੀ ਸੀ। ਫਾਤਮਾ ਨੇ ਆਉਂਦਿਆਂ ਹੀ ਅਸਗਰ ਨੂੰ ਆਖਿਆ ਸੀ,

"ਅਸਲਾਮ ਅਲੈਕੁਮ।"

"ਵਾਲੈਕੁਮ ਅਸਲਾਮ!" ਅਸਗਰ ਨੇ ਮੁਸਕਰਾਉਂਦੇ ਹੋਏ ਨੇ ਜਵਾਬ ਦਿੱਤਾ ਸੀ। ਅਸਗਰ ਨੂੰ ਦੇਖ ਕੇ ਫਾਤਮਾ ਵੀ ਮੁਸਕਰਾ ਰਹੀ ਸੀ। ਜਦੋਂ ਫਾਤਮਾ ਮੁਸਕਰਾਉਂਦੀ ਸੀ, ਉਦੋਂ ਉਹਦੀਆਂ ਗਲ੍ਹਾਂ ਵਿਚ ਡੂੰਘ ਪੈਂਦੇ ਸਨ ਅਤੇ ਜਦੋਂ ਉਹ ਹੱਸਦੀ ਸੀ ਤਾਂ ਉਹਦੀਆਂ ਅੱਖਾਂ ਬੰਦ ਹੋ ਜਾਇਆ ਕਰਦੀਆਂ ਸਨ। ਉਸ ਤੋਂ ਬਾਅਦ ਫਾਤਮਾ ਨੇ ਅਸਗਰ ਨੂੰ ਅੰਗਰੇਜ਼ੀ ਵਿਚ ਪੁੱਛਿਆ ਸੀ,

"ਹਾਓ ਆਰ ਬਾਨੋਂ ਐਂਡ ਜ਼ੁਲੈਖਾਂ?"

"ਦੇ ਆਰ ਫਾਈਨ।"

"ਐਂਡ ਹਾਓ ਇਜ਼ ਆਂਟੀ?"

"ਸ਼ੀ ਇਜ਼ ਆਲਸੋ ਫਾਈਨ। ਐਂਡ ਹਾਓ ਆਰ ਯੂ?"

"ਆਈ ਐੱਮ ਇਨ ਦੀ ਬੈਸਟ ਆਫ਼ ਹੈਲਥ, ਥੈਂਕ ਯੂ। ਐਂਡ ਹਾਓ ਆਰ ਯੂ?"

"ਆਈ ਐੱਮ ਕਵਾਇਟ ਵੈੱਲ। ਫਾਤਮਾ, ਟੈਲ ਮੀ ਸਮਥਿੰਗ?"

"ਵਟ?"

"ਵਾਏ ਡੂ ਯੂ ਲੁਕ ਸੋ ਮੱਚ ਬਿਊਟੀਫੁਲ ਟੂਡੇ?"

"ਰੀਅਲੀ?"

"ਆਫ਼ ਕੋਰਸ! ਡੌਂਟ ਯੂ ਬਲੀਵ ਮੀ।"

"ਅਸਗਰ ਥੈਂਕ ਯੂ ਵੈਰੀ ਵੈਰੀ ਮੱਚ।" ਫਾਤਮਾ ਗੁਲਾਬ ਦੇ ਫੁੱਲ ਦੀ ਤਰ੍ਹਾਂ ਖਿੜ ਗਈ ਸੀ। ਫਾਤਮਾ ਨੂੰ ਅਸਗਰ ਦੇ ਮੂੰਹੋਂ ਆਪਣੀ ਤਾਰੀਫ਼ ਹੁੰਦੀ ਹੋਈ ਬੜੀ ਚੰਗੀ ਲੱਗ ਰਹੀ ਸੀ। ਫਾਤਮਾ ਦਾ ਜੀਅ ਕੀਤਾ ਸੀ ਕਿ ਉਹ ਉੱਠ ਕੇ ਜ਼ੋਰ ਦੇ ਨਾਲ ਅਸਗਰ ਨੂੰ ਆਪਣੀ ਗਲਵਕੜੀ ਵਿਚ ਲੈ ਲਵੇ। ਅਸਗਰ ਦਾ ਵੀ ਜੀਅ ਕੀਤਾ ਸੀ ਕਿ ਉਹ ਉੱਠ ਕੇ ਫਾਤਮਾ ਦੇ ਮੂੰਹ ਨੂੰ ਚੁੰਮ ਲਵੇ ਪਰੰਤੂ ਫਾਤਮਾ ਦੀ ਮਾਂ ਦੀ ਹੋਂਦ ਦੋਹਾਂ ਦੇ ਲਈ ਇਕ ਰੁਕਾਵਟ ਬਣੀ ਹੋਈ ਸੀ।

ਉਸ ਦਿਨ ਫਾਤਮਾ ਨੇ ਸੱਚਮੁਚ ਹੀ ਅਸਗਰ ਦਾ ਮਨ ਮੋਹ ਲਿਆ ਸੀ। ਫਾਤਮਾ ਨੂੰ ਦੇਖ ਕੇ ਅਸਗਰ ਦੇ ਮਨ ਨੂੰ ਅਜੀਬ ਕਿਸਮ ਦੀ ਖ਼ੁਸ਼ੀ ਮਹਿਸੂਸ ਹੋ ਰਹੀ ਸੀ। ਉਸਦਾ ਫਾਤਮਾ ਨੂੰ ਦੇਖ-ਦੇਖ ਕੇ ਮਨ ਨਹੀਂ ਸੀ ਭਰ ਰਿਹਾ। ਉਸਦਾ ਜੀਅ ਕਰ

ਰਿਹਾ ਸੀ ਕਿ ਉਹ ਲਗਾਤਾਰ ਫਾਤਮਾ ਦੇ ਚਿਹਰੇ ਨੂੰ ਤੱਕੀ ਹੀ ਜਾਵੇ। ਉਸ ਦਿਨ ਤੋਂ ਫਾਤਮਾ ਉਸਦੇ ਦਿਲ ਦੀ ਰਾਣੀ ਬਣ ਚੁੱਕੀ ਸੀ। ਉਹ ਦਿਨ ਰਾਤ ਫਾਤਮਾ ਦੇ ਸੁਪਨੇ ਲੈਣ ਲੱਗ ਪਿਆ ਸੀ। ਅਸਗਰ ਨੇ ਆਪਣੇ ਮਨ ਵਿਚ ਪੱਕਾ ਇਰਾਦਾ ਕਰ ਲਿਆ ਸੀ ਕਿ ਉਹ ਫਾਤਮਾ ਦੇ ਨਾਲ ਜ਼ਰੂਰ ਨਿਕਾਹ ਕਰਵਾਏਗਾ। ਫਾਤਮਾ ਵੀ ਅਸਗਰ ਨੂੰ ਦਿਲੋਂ ਚਾਹੁੰਦੀ ਸੀ। ਉਸਨੂੰ ਵੀ ਅਸਗਰ ਬਹੁਤ ਸੋਹਣਾ ਲੱਗਦਾ ਸੀ।

ਅਸਗਰ ਦੇ ਲਈ ਅਜੇ ਇੱਕ ਬੜੀ ਵੱਡੀ ਸਮੱਸਿਆ ਸੀ। ਉਹ ਸਮੱਸਿਆ ਇਹ ਸੀ ਕਿ ਫਾਤਮਾ ਭਾਵੇਂ ਜਵਾਨ ਜ਼ਰੂਰ ਸੀ ਪਰੰਤੂ ਉਮਰ ਵਿਚ ਅਜੇ ਨਿਆਣੀ ਸੀ। ਕਾਨੂੰਨ ਦੇ ਮੁਤਾਬਕ ਫਾਤਮਾ ਨੂੰ ਨਿਕਾਹ ਕਰਵਾਉਣ ਦੇ ਲਈ ਘੱਟੋ-ਘੱਟ ਸੋਲ੍ਹਾਂ ਸਾਲਾਂ ਦੀ ਹੋਣਾ ਜ਼ਰੂਰੀ ਸੀ, ਇਸ ਤੋਂ ਇਲਾਵਾ ਦੋਹਾਂ ਨੂੰ ਆਪਣੇ ਮਾਪਿਆਂ ਦੀ ਸਹਿਮਤੀ ਹਾਸਲ ਕਰਨੀ ਜ਼ਰੂਰੀ ਸੀ। ਜੇਕਰ ਉਹ ਆਪਣੀ ਮਰਜ਼ੀ ਦੇ ਨਾਲ ਨਿਕਾਹ ਕਰਵਾਉਂਦੇ  ਸਨ ਅਰਥਾਤ ਆਪਣੇ ਮਾਪਿਆਂ ਤੋਂ ਬਾਹਰੇ ਹੋ ਕੇ ਨਿਕਾਹ ਕਰਵਾਉਂਦੇ ਸਨ ਤਾਂ ਉਹਨਾਂ ਦੀ ਉਮਰ ਘੱਟੋ-ਘੱਟ ਅਠ੍ਹਾਰਾਂ-ਅਠ੍ਹਾਰਾਂ ਸਾਲ ਦੀ ਹੋਣੀ ਜ਼ਰੂਰੀ ਸੀ। ਇਸ ਲਈ ਮੁਹੰਮਦ ਅਸਗਰ ਦੀ ਬੇਚੈਨੀ ਵੱਧਦੀ ਜਾ ਰਹੀ ਸੀ। ਉਸ ਲਈ ਐਨੇ ਲੰਬੇ ਸਮੇਂ ਦੇ ਲਈ ਉਡੀਕ ਕਰਨੀ ਮੁਸ਼ਕਲ ਮਹਿਸੂਸ ਹੋ ਰਹੀ ਸੀ। ਉਹ ਚਾਹੁੰਦਾ ਸੀ ਕਿ ਜਿੰਨੀ  ਵੀ ਜਲਦੀ ਹੋ ਸਕੇ ਉਹ ਫਾਤਮਾ ਦੇ ਨਾਲ ਨਿਕਾਹ ਕਰਵਾ ਲਵੇ। ਫਾਤਮਾ ਉਦੋਂ ਅਜੇ ਸਿਰਫ਼ ਤੇਰ੍ਹਾਂ ਸਾਲਾਂ ਦੀ ਹੀ ਸੀ। ਇਸ ਲਈ ਅਸਗਰ ਨੂੰ ਅਜੇ ਘੱਟੋ-ਘੱਟ ਹੋਰ ਤਿੰਨ ਸਾਲ ਦੀ ਉਡੀਕ ਕਰਨੀ ਪੈਣੀ ਸੀ। ਅਸਗਰ ਚਾਹੁੰਦਾ ਸੀ ਕਿ ਉਹ ਤਿੰਨ ਸਾਲਾਂ ਦਾ ਸਮਾਂ ਜਲਦੀ-ਜਲਦੀ ਗੁਜ਼ਰ ਜਾਂਦਾ।

ਅਸਗਰ ਜਦੋਂ ਵੀ ਆਪਣੀ ਮਾਸੀ ਦੇ ਘਰ ਜਾਇਆ ਕਰਦਾ ਸੀ, ਉਹ ਉੱਥੇ ਕਾਫ਼ੀ ਲੰਬੇ ਸਮੇਂ ਤੱਕ ਫਾਤਮਾ ਦੇ ਨਾਲ ਗੱਲਾਂ ਕਰਨ ਵਿਚ ਰੁਝਿਆ ਰਹਿੰਦਾ ਸੀ। ਉਹ ਜਦੋਂ ਵੀ ਫਾਤਮਾ ਦੇ ਕੋਲ ਜਾਂਦਾ ਸੀ, ਉਸਦਾ ਉਥੋਂ ਵਾਪਸ ਆਉਣ ਨੂੰ ਜੀਅ ਨਹੀਂ ਸੀ ਕਰਦਾ ਹੁੰਦਾ। ਫਾਤਮਾ ਨੂੰ ਮਿਲ ਕੇ ਉਸਦੇ ਮਨ ਨੂੰ ਅਜੀਬ ਕਿਸਮ ਦੀ ਖ਼ੁਸ਼ੀ ਮਿਲਦੀ ਸੀ ਅਤੇ ਉਸਦੇ ਮਨ ਨੂੰ ਸ਼ਾਂਤੀ ਹਾਸਲ ਹੁੰਦੀ ਸੀ। ਮੁਹੰਮਦ ਅਸਗਰ ਨੂੰ ਫਾਤਮਾ ਦੇ ਨਾਲ ਦਿਲੋਂ  ਮੁਹੱਬਤ ਸੀ। ਇਸ ਲਈ ਅਸਗਰ ਕੋਈ ਨਾ ਕੋਈ ਬਹਾਨਾ ਬਣਾ ਕੇ ਫਾਤਮਾ ਨੂੰ ਜ਼ਰੂਰ ਮਿਲ ਆਉਂਦਾ ਸੀ। ਫਾਤਮਾ ਦਾ ਘਰ ਉਸਦੇ ਘਰ ਤੋਂ ਬਹੁਤਾ ਦੂਰ ਵੀ ਨਹੀਂ ਸੀ। ਫਾਤਮਾ ਦੇ ਕੋਲ ਪਹੁੰਚਣ ਦੇ ਲਈ ਉਸਨੂੰ ਕਾਰ ਵਿਚ ਸਿਰਫ਼ ਵੀਹ ਮਿੰਟ ਹੀ ਲੱਗਦੇ ਸਨ। ਕਈ ਵਾਰ ਜਦੋਂ ਉਹ ਫਾਤਮਾ ਨੂੰ ਮਿਲ

ਕੇ ਵਾਪਸ ਆਪਣੇ ਘਰ ਨੂੰ ਆਇਆ ਕਰਦਾ ਸੀ ਤਾਂ ਉਸਦਾ ਮਨ ਉਦਾਸ ਹੋ ਜਾਇਆ ਕਰਦਾ ਸੀ। ਕਾਰ ਨੂੰ ਚਲਾਉਂਦਾ-ਚਲਾਉਂਦਾ ਜਦੋਂ ਉਹ ਫਾਤਮਾ ਦੀ ਯਾਦ ਵਿਚ ਗਵਾਚ ਜਾਂਦਾ ਸੀ ਤਾਂ ਉਸਨੂੰ ਇਹ ਗੱਲ ਵੀ ਭੁੱਲ ਜਾਂਦੀ ਸੀ ਕਿ ਉਹ ਕਾਰ ਚਲਾ ਰਿਹਾ ਸੀ। ਇਸ ਲਈ ਕਈ ਵਾਰ ਤਾਂ ਉਹ ਬੜੀਆਂ ਵੱਡੀਆਂ ਦੁਰਘਟਨਾਵਾਂ ਤੋਂ ਵਾਲ-ਵਾਲ ਬਚਿਆ ਸੀ। ਇਕ ਦਿਨ ਤਾਂ ਇਕ ਸਾਈਕਲ ਸਵਾਰ ਉਸਦੀ ਕਾਰ ਥੱਲੇ ਆ ਚੱਲਿਆ ਸੀ। ਸਿਰਫ਼ ਥੋੜ੍ਹੇ ਜਿਹੇ ਫ਼ਰਕ ਦੇ ਨਾਲ ਹੀ ਦੁਰਘਟਨਾ ਹੋਣੋਂ ਟਲੀ ਸੀ। ਫਾਤਮਾ ਦੀ ਯਾਦ ਵਿਚ ਉਸਨੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ ਚਾਹੇਕਿ ਉਸਦੇ ਧਰਮ ਵਿਚ ਇਸ ਗੱਲ ਦੀ ਮਨਾਹੀ ਸੀ ਪ੍ਰੰਤੂ ਫਿਰ ਵੀ ਅਸਗਰ ਚੋਰੀਂ-ਚੋਰੀਂ ਥੋੜ੍ਹੀ ਬਹੁਤ ਸ਼ਰਾਬ ਪੀ ਲਿਆ ਕਰਦਾ ਸੀ। ਇਸ ਗੱਲ ਦਾ ਪਤਾ ਉਸਦੇ ਘਰਦਿਆਂ ਨੂੰ ਨਹੀਂ ਸੀ।

ਅਸਗਰ ਨੇ ਦੋ ਵਾਰ ਕਾਰ ਦਾ ਐਕਸੀਡੈਂਟ ਕੀਤਾ ਸੀ। ਦੋਨੋਂ ਵਾਰ ਉਸਦੀ ਕਾਰ ਦਰੱਖਤਾਂ ਦੇ ਨਾਲ ਹੀ ਟਕਰਾਈ ਸੀ। ਕਾਰ ਦਾ ਕਿਉਂਕਿ ਬੀਮਾ ਕਰਵਾਇਆ ਹੋਇਆ ਸੀ ਇਸ ਲਈ ਐਕਸੀਡੈਂਟ ਕਰਨ ਦੇ ਲਈ ਚਾਹੇਕਿ ਸਾਰਾ ਕਸੂਰ ਅਸਗਰ ਦਾ ਆਪਣਾ ਹੀ ਸੀ ਪ੍ਰੰਤੂ ਫਿਰ ਵੀ ਬੀਮੇ ਦੀ ਕੰਪਨੀ ਤੋਂ ਉਸਨੂੰ ਮੁਰੰਮਤ ਕਰਵਾਉਣ ਜੋਗੇ ਪੈਸੇ ਮਿਲ ਗਏ ਸਨ। ਇਹਨਾਂ ਦੁਰਘਟਨਾਵਾਂ ਦੌਰਾਨ ਕਾਰ ਦੇ ਇੰਜਣ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਸੀ ਅਤੇ ਅਸਗਰ ਦੇ ਆਪਣੇ ਵੀ ਕਾਫ਼ੀ ਸੱਟਾਂ ਲੱਗੀਆਂ ਸਨ ਪਰੰਤੂ ਫਿਰ ਵੀ ਉਹ ਗੰਭੀਰ ਰੂਪ ਵਿਚ ਜ਼ਖਮੀ ਨਹੀਂ ਸੀ ਹੋਇਆ।

ਨਸੀਰਹ ਨੂੰ ਆਪਣੇ ਪੁੱਤਰ ਬਾਰੇ ਬੜੀ ਚਿੰਤਾ ਲੱਗੀ ਰਹਿੰਦੀ ਸੀ। ਜਦੋਂ ਵੀ ਅਸਗਰ ਕਾਰ ਲੈ ਕੇ ਕਿਤੇ ਬਾਹਰ ਜਾਂਦਾ ਸੀ, ਜਦੋਂ ਤੱਕ ਉਹ ਵਾਪਸ ਘਰ ਨਹੀਂ ਸੀ ਆਉਂਦਾ ਹੁੰਦਾ, ਨਸੀਰਹ ਨੂੰ ਅਸਗਰ ਬਾਰੇ ਚਿੰਤਾ ਲੱਗੀ ਹੀ ਰਹਿੰਦੀ ਸੀ। ਉਸਨੇ ਕਈ ਵਾਰ ਆਪਣੇ ਪਤੀ ਨੂੰ ਆਖਿਆ ਸੀ ਕਿ ਉਹ ਕਾਰ ਵੇਚ ਦੇਵੇ ਕਿਉਂਕਿ ਨਸੀਰਹ ਨੂੰ ਆਪਣਾ ਪੁੱਤਰ ਅਸਗਰ, ਜਾਨ ਨਾਲੋਂ ਵੀ ਵੱਧ ਪਿਆਰਾ ਸੀ। ਉਹ ਨਹੀਂ ਸੀ ਚਾਹੁੰਦੀ ਕਿ ਉਸਦਾ ਪੁੱਤਰ ਦੁਰਘਟਨਾ ਕਰਕੇ ਸੱਟਾਂ ਚੋਟਾਂ ਲਗਵਾਵੇ। ਇਸ ਲਈ ਜਦੋਂ ਦੇ ਅਸਗਰ ਨੇ ਐਕਸੀਡੈਂਟ ਕੀਤੇ ਸਨ, ਨਸੀਰਹ ਹੋਰ ਵੀ ਜ਼ਿਆਦਾ ਡਰੀ ਹੋਈ ਸੀ। ਇਸ ਲਈ ਉਹ ਕਾਰ ਨੂੰ ਵੇਚਣ ਦੇ ਲਈ ਬਹੁਤ ਜ਼ੋਰ ਲਗਾ ਰਹੀ ਸੀ ਪਰੰਤੂ ਅਸਗਰ ਆਪਣੀ ਮਾਂ ਨਸੀਰਹ ਦੀਆਂ ਗੱਲਾਂ ਵੱਲ ਕੋਈ ਧਿਆਨ ਨਹੀਂ ਸੀ ਦੇ ਰਿਹਾ।

ਅਸਗਰ ਆਪਣੀ ਜ਼ਿੱਦ ਦਾ ਪੱਕਾ ਸੀ। ਉਹ ਜਦੋਂ ਵੀ ਕਿਸੇ ਚੀਜ਼ ਦੇ ਲਈ ਅੜੀ ਕਰਦਾ ਸੀ ਫਿਰ ਉਹ ਉਦੋਂ ਤੱਕ ਪਿੱਛੇ ਨਹੀਂ ਸੀ ਹੱਟਦਾ ਜਦੋਂ ਤੱਕ ਉਹ ਆਪਣੀ ਜ਼ਿੱਦ ਪੂਰੀ ਨਹੀਂ ਸੀ ਕਰ ਲੈਂਦਾ। ਦੂਸਰਾ ਕਾਰਣ ਇਹ ਸੀ ਕਿ ਮਾਪਿਆਂ ਦਾ ਇੱਕੋ-ਇੱਕ ਪੁੱਤਰ ਹੋਣ ਕਰਕੇ ਉਹ ਲਾਡਲਾ ਸੀ। ਜਿਸ ਕਰਕੇ ਉਹ ਜਿਹੜੀ ਵੀ ਚੀਜ਼ ਦੀ ਮੰਗ ਕਰਦਾ ਸੀ ਉਹਦੇ ਮਾਂ-ਪਿਉ ਉਸਦੀ ਹਰ ਮੰਗ ਨੂੰ ਅਤੇ ਹਰ ਜ਼ਰੂਰਤ ਨੂੰ ਪੂਰੀ ਕਰਿਆ ਕਰਦੇ ਸਨ ਚਾਹੇਕਿ ਉਹ ਆਪ ਕਈ ਵਾਰ ਮੁਸ਼ਕਲਾਂ ਦਾ ਸਾਹਮਣਾ ਕਰਦੇ ਸਨ। ਨਸੀਰਹ ਨੇ ਅਤੇ ਉਸਦੇ ਪਤੀ ਅਜ਼ੀਜ਼ ਨੇ ਕਦੇ ਵੀ ਆਪਣੇ ਪੁੱਤਰ ਅਸਗਰ ਨੂੰ ਘੂਰਿਆ ਤੱਕ ਨਹੀਂ ਸੀ।

## 2

ਫਾਤਮਾ ਦੇ ਨਾਲ ਅਸਗਰ ਦਾ ਪਿਆਰ ਐਨਾ ਜ਼ਿਆਦਾ ਵੱਧ ਗਿਆ ਸੀ ਕਿ ਉਸਦੀਆਂ ਅੱਖਾਂ ਅੱਗੇ ਹਰ ਵੇਲੇ ਫਾਤਮਾ ਦਾ ਮੁਸਕਰਾਉਂਦਾ ਹੋਇਆ ਚਿਹਰਾ ਹੀ ਘੁੰਮਦਾ ਰਹਿੰਦਾ ਸੀ। ਉਹ ਚਾਹੇਕਿ ਕੰਮ ਉੱਪਰ ਹੁੰਦਾ ਜਾਂ ਘਰੇ ਹੁੰਦਾ, ਫਾਤਮਾ ਦੀ ਯਾਦ ਉਸਦਾ ਪਿੱਛਾ ਨਹੀਂ ਸੀ ਛੱਡਦੀ। ਕਈ ਵਾਰ ਉਸਨੂੰ ਆਪਣੇ ਆਪ ਨਾਲ ਬੜੀ ਨਫ਼ਰਤ ਹੋ ਜਾਇਆ ਕਰਦੀ ਸੀ ਅਤੇ ਉਹ ਫਾਤਮਾ ਨੂੰ ਭੁਲਾਉਣ  ਦੇ ਲਈ ਅਤੇ ਫਾਤਮਾ ਨੂੰ ਆਪਣੇ ਦਿਲ ਵਿਚੋਂ ਬਾਹਰ ਕੱਢਣ ਦੀਆਂ ਕੋਸ਼ਿਸ਼ਾਂ ਕਰਿਆ ਕਰਦਾ ਸੀ ਤਾਂ ਫਾਤਮਾ ਉਸਨੂੰ ਹੋਰ ਵੀ ਜ਼ਿਆਦਾ ਯਾਦ ਆਉਂਦੀ ਸੀ।

ਅਸਗਰ ਨੂੰ ਜਦੋਂ ਵੀ ਥੋੜ੍ਹੀ ਬਹੁਤ ਵਿਹਲ ਮਿਲਦੀ ਸੀ ਉਹ ਝੱਟ ਦੇ ਨਾਲ ਟੈਲੀਫ਼ੋਨ ਦਾ ਨੰਬਰ ਘੁੰਮਾ ਕੇ ਫਾਤਮਾ ਦੇ ਨਾਲ ਗੱਲਾਂ ਕਰਨ ਲੱਗ ਜਾਂਦਾ ਸੀ। ਉਹ ਕਾਫ਼ੀ ਲੰਬੇ ਸਮੇਂ ਤੱਕ ਫਾਤਮਾ ਦੇ ਨਾਲ ਗੱਲਾਂ ਕਰਦਾ ਰਹਿੰਦਾ ਸੀ, ਇਸ ਕਾਰਣ ਉਹਨਾਂ ਦੇ ਘਰ ਦੇ ਟੈਲੀਫ਼ੋਨ ਦਾ ਬਿੱਲ ਵੀ ਬਹੁਤ ਜ਼ਿਆਦਾ ਆਉਣ ਲੱਗ ਪਿਆ ਸੀ ਪਰੰਤੂ ਫਿਰ ਵੀ ਅਸਗਰ ਦੇ ਮਾਂ-ਪਿਉ ਨੇ ਉਸਨੂੰ ਕਦੇ ਵੀ ਇਸ ਚੀਜ਼ ਬਾਰੇ ਕੋਈ ਵੀ ਲਫ਼ਜ਼ ਨਹੀਂ ਸੀ ਆਖਿਆ। ਅਸਗਰ ਖ਼ੁਦ ਵੀ ਤਾਂ ਆਪਣੀ ਸਾਰੀ ਕਮਾਈ ਘਰ ਹੀ ਦਿਆ ਕਰਦਾ ਸੀ, ਜਦੋਂ ਉਸਨੂੰ ਕਿਤੇ ਖ਼ਰਚ ਕਰਨ ਦੀ ਲੋੜ ਹੁੰਦੀ ਸੀ ਉਹ ਘਰਦਿਆਂ ਦੇ ਕੋਲੋਂ ਧਨ ਲੈ ਲਿਆ ਕਰਦਾ ਸੀ ਪਰੰਤੂ ਫਿਰ ਵੀ ਉਹ ਆਪਣੇ ਖ਼ਰਚ ਜੋਗਾ ਧਨ ਆਪਣੀ ਜੇਬ ਵਿਚ ਹੀ ਰੱਖਿਆ ਕਰਦਾ ਸੀ।

ਅਸਗਰ ਨੇ ਫਾਤਮਾ ਦੀਆਂ ਕਈ ਤਸਵੀਰਾਂ ਉਸ ਦੇ ਕੋਲੋਂ ਮੰਗ ਲਈਆਂ ਸਨ ਅਤੇ ਉਸਨੇ ਆਪਣੀਆਂ ਕਈ ਤਸਵੀਰਾਂ ਫਾਤਮਾ ਨੂੰ ਦਿੱਤੀਆਂ ਸਨ। ਉਸਨੇ ਆਪਣੇ ਕੈਮਰੇ ਦੇ ਨਾਲ ਵੀ ਉਸਦੀਆਂ ਬਹੁਤ ਸਾਰੀਆਂ ਤਸਵੀਰਾਂ ਖਿੱਚੀਆਂ ਸਨ। ਅਸਗਰ ਨੇ ਫਾਤਮਾ ਦੀਆਂ ਤਸਵੀਰਾਂ ਦੇ ਨਾਲ ਇਕ ਪੂਰੀ ਐਲਬਮ ਭਰੀ ਹੋਈ ਸੀ। ਉਹ ਅਕਸਰ ਹਰ ਰੋਜ਼ ਸਵੇਰੇ ਸ਼ਾਮੀਂ ਫਾਤਮਾ ਦੀਆਂ ਤਸਵੀਰਾਂ ਵਾਲੀ ਐਲਬਮ ਦੇਖ ਲਿਆ ਕਰਦਾ ਸੀ।  ਫਾਤਮਾ ਦੇ ਜਨਮ ਦਿਨ ਉੱਤੇ ਉਹ  ਹਰ ਸਾਲ ਬੜੇ ਕੀਮਤੀ ਤੋਹਫ਼ੇ ਲੈ ਕੇ  ਉਸ ਕੋਲ ਜਾਇਆ ਕਰਦਾ ਸੀ। ਉਸਨੇ ਜਦੋਂ ਵੀ ਫਾਤਮਾ ਦੇ ਲਈ ਕੋਈ ਤੋਹਫ਼ਾ ਖ਼ਰੀਦਣਾ ਹੁੰਦਾ ਸੀ ਫਿਰ ਉਹ ਉਸ ਚੀਜ਼ ਦੀ ਕੀਮਤ ਦੀ ਪਰਵਾਹ ਨਹੀਂ ਸੀ ਕਰਿਆ ਕਰਦਾ। ਚੀਜ਼ ਚਾਹੇ ਜਿੰਨੀ ਵੀ ਜ਼ਿਆਦਾ ਕੀਮਤੀ ਹੋਇਆ ਕਰਦੀ ਸੀ, ਉਹ ਝੱਟ ਖ਼ਰੀਦ ਲਿਆ ਕਰਦਾ ਸੀ। ਉਸਨੇ ਫਾਤਮਾ ਨੂੰ ਕਈ

ਸੋਨੇ ਦੀਆਂ ਮੁੰਦਰੀਆਂ ਅਤੇ ਛੱਲੇ ਵੀ ਖ਼ਰੀਦ ਕੇ ਦਿੱਤੇ ਸਨ ਚਾਹੇਕਿ ਫਾਤਮਾ ਨੇ ਉਸਨੂੰ ਕਦੇ ਉਸਦੇ ਜਨਮ ਦਿਨ ਉੱਤੇ ਕੋਈ ਵੀ ਤੋਹਫ਼ਾ ਨਹੀਂ ਸੀ ਦਿੱਤਾ। ਫਿਰ ਵੀ ਅਸਗਰ ਨੇ ਇਸ ਗੱਲ ਦਾ ਬੁਰਾ ਨਹੀਂ ਸੀ ਮਨਾਇਆ ਕਿਉਂਕਿ ਉਹ ਸੋਚਦਾ ਹੁੰਦਾ ਸੀ ਕਿ ਉਹ ਜਿਹੜੀ ਸੌਗਾਤ ਜਾਂ ਤੋਹਫ਼ਾ ਫਾਤਮਾ ਨੂੰ ਦਿਆ ਕਰਦਾ ਸੀ, ਸਿਰਫ਼ ਆਪਣਾ ਉਹਦੇ ਲਈ ਪਿਆਰ ਦਿਖਾਉਣ ਦੇ ਲਈ ਹੀ ਦਿਆ ਕਰਦਾ ਸੀ ਨਾ ਹੀ ਉਹਨਾਂ ਤੋਹਫ਼ਿਆਂ ਦੇ ਬਦਲੇ ਵਿਚ ਕੋਈ ਹੋਰ ਤੋਹਫ਼ਾ ਹਾਸਲ ਕਰਨ ਦੇ ਲਈ।

ਉਸ ਸ਼ਾਮ ਨਸੀਰਹ ਦਾ ਸਾਰਾ ਪਰਿਵਾਰ ਡਾਇਨਿੰਗ ਰੂਮ ਵਿਚ ਬੈਠਾ ਹੋਇਆ ਸ਼ਾਮ ਦਾ ਖਾਣਾ ਖਾ ਰਿਹਾ ਸੀ। ਸਾਰੇ ਜਣੇ ਆਪਸ ਵਿਚ ਗੱਲਾਂ ਕਰ ਰਹੇ ਸਨ। ਖਾਣਾ ਖਾ ਚੁੱਕਣ ਤੋਂ ਬਾਅਦ ਬਾਨੋਂ ਅਤੇ ਜ਼ੁਲੈਖਾਂ ਜੂਠੇ ਬਰਤਨ ਚੁੱਕ ਕੇ ਰਸੋਈ ਵਿਚ ਸਾਫ਼ ਕਰਨ ਦੇ ਲਈ ਲੈ ਗਈਆਂ ਸਨ। ਕੁਝ ਹੀ ਦੇਰ ਬਾਅਦ ਉਹ ਸਫ਼ਾਈ ਕਰਕੇ ਵਾਪਸ ਆ ਗਈਆਂ ਸਨ। ਨਸੀਰਹ ਅਸਗਰ ਨੂੰ ਕਹਿ ਰਹੀ ਸੀ,

"ਪੁੱਤਰ, ਅੱਜ ਲੈਸਟਰ ਤੋਂ ਬੰਦੇ ਆਏ ਸਨ।"

"ਅੰਮੀ ਜਾਨ, ਫਿਰ ਕੀ ਹੋਇਆ? ਬੰਦਿਆਂ ਦੇ ਕੋਲ ਬੰਦੇ ਹੀ ਆਉਂਦੇ ਹੁੰਦੇ ਹਨ, ਹੋਰ ਡੰਗਰਾਂ ਨੇ ਥੋੜ੍ਹੀ ਆਉਣਾ ਹੁੰਦਾ?" ਅਸਗਰ ਦਾ ਜਵਾਬ ਸੁਣ ਕੇ ਬਾਨੋਂ ਤੇ ਜ਼ੁਲੈਖਾਂ ਉੱਚੀ ਆਵਾਜ਼ ਵਿਚ ਹੱਸ ਪਈਆਂ ਸਨ।

"ਦੇਖ ਪੁੱਤਰ, ਤੂੰ ਹੁਣ ਕੋਈ ਨਿਆਣਾ ਨਹੀਂ। ਇੱਕੀ ਸਾਲਾਂ ਦਾ ਹੋ ਗਿਆ ਏਂ। ਤੇਰੀ ਉਮਰ ਹੁਣ ਨਿਕਾਹ ਕਰਵਾਉਣ ਦੀ ਹੈ। ਇਹ ਇਕ ਨਾ ਇਕ ਦਿਨ ਤਾਂ ਜ਼ਰੂਰ ਕਰਵਾਉਣਾ ਪੈਣਾ ਹੈ। ਇਸ ਲਈ ਕਿਉਂ ਨਾ ਇਹ ਕੰਮ ਆਪਾਂ ਹੁਣੇ ਹੀ ਕਰ ਲਈਏ। ਬੇਟਾ, ਸਮੇਂ ਸਿਰ ਜਿਹੜਾ ਕੰਮ ਹੋ ਜਾਵੇ, ਉਹਦੇ ਨਾਲ ਹੀ ਰੀਸ ਨਹੀਂ ਹੁੰਦੀ।" ਨਸੀਰਹ ਇਕੋ ਸਾਹ ਹੀ ਬੋਲਦੀ ਜਾਂਦੀ ਸੀ।

"ਅੰਮੀ ਜਾਨ, ਮੈਂ ਅਜੇ ਨਿਕਾਹ ਨਹੀਂ ਕਰਵਾਉਣਾ।"

"ਕਿਉਂ ਨਹੀਂ ਕਰਵਾਉਣਾ?"

"ਪਹਿਲਾਂ ਮੈਨੂੰ ਆਪਣੇ ਪੈਰਾਂ ਉੱਪਰ ਤਾਂ ਖੜ੍ਹਾ ਹੋਣ ਦਿਉ। ਨਾਲੇ ਨਿਕਾਹ ਦੀ ਐਨੀ ਜਲਦੀ ਵੀ ਕੀ ਹੈ? ਮੈਂ ਅਜੇ ਐਨੀ ਜਲਦੀ ਬੁੱਢਾ ਨਹੀਂ ਹੋ ਚੱਲਿਆ।" ਅਸਗਰ ਕੁਝ ਸੋਚਦਾ ਹੋਇਆ ਕਹਿ ਰਿਹਾ ਸੀ। ਜਿਸਨੂੰ ਸੁਣਕੇ ਬਾਨੋਂ ਨੇ ਜਲਦੀ ਦੇ ਨਾਲ ਆਖਿਆ ਸੀ,

"ਅਸਗਰ, ਪੈਰ ਤੂੰ ਕਿਸੇ ਹੋਰ ਦੇ ਮੰਗ ਲੈ। ਤੈਨੂੰ ਅਸੀਂ ਆਪਣੇ ਪੈਰ ਦੇ ਦੇਈਏ? ਤੂੰ ਕਿਸੇ ਤਰ੍ਹਾਂ ਖੜ੍ਹਾ ਤਾਂ ਹੋ।" ਬਾਨੋਂ ਅਤੇ ਜ਼ੁਲੈਖਾਂ ਦੋਵੇਂ ਜਣੀਆਂ

ਅਸਗਰ ਵੱਲ ਵੇਖ ਕੇ ਮੁਸਕਰਾ ਰਹੀਆਂ ਸਨ। ਨਸੀਰਹ ਨੇ ਅਸਗਰ ਨੂੰ ਸਮਝਾਉਂਦੀ ਹੋਈ ਨੇ ਆਖਿਆ ਸੀ,

"ਪੈਰਾਂ 'ਤੇ ਬੇਟਾ, ਤੂੰ ਅਜੇ ਹੋਰ ਕਿਸ ਤਰ੍ਹਾਂ ਖੜੋਣਾ ਹੈ? ਚੰਗੀ ਭਲੀ ਤੇਰੇ ਕੋਲ ਨੌਕਰੀ ਹੈ। ਅੱਲਾਹ ਤਾਅਲਾ ਦੀ ਮਿਹਰ ਨਾਲ ਘਰ ਵਿਚ ਹਰ ਕੋਈ ਚੀਜ਼ ਹੈ। ਤੈਨੂੰ ਦੱਸ ਕਿਹੜੀ ਚੀਜ਼ ਦਾ ਘਾਟਾ ਹੈ? ਨਾਲੇ ਇਹ ਵੀ ਦੱਸ, ਅਸੀਂ ਦੋਨੋਂ ਜਣੇ ਮੀਆਂ ਬੀਵੀ ਕਿਹਨਾਂ ਦੇ ਲਈ ਕੰਮ ਕਰਦੇ ਹਾਂ? ਬੇਟਾ, ਸਾਡੀ ਕਮਾਈ ਤੁਹਾਡੇ ਲਈ ਤਾਂ ਹੈ। ਤੂੰ ਬੋਲ ਕੇ ਤਾਂ ਦੱਸ ਤੈਨੂੰ ਕਿਹੜੀ ਚੀਜ਼ ਚਾਹੀਦੀ ਹੈ। ਤੂੰ ਕੁਝ ਸੰਗ ਕਰ, ਵੱਡਿਆਂ ਦਾ ਕਹਿਣਾ ਨਹੀਂ ਮੋੜੀਦਾ ਹੁੰਦਾ। ਪੁੱਤਰ, ਇੱਕ ਮਿੰਟ ਦਾ ਖੁੰਝਿਆ ਆਦਮੀ ਸਾਰੀ ਜ਼ਿੰਦਗੀ ਪਛਤਾਉਣ ਜੋਗਾ ਹੀ ਰਹਿ ਜਾਂਦਾ ਹੈ। ਨਾਲੇ ਪੁੱਤਰ, ਚੰਗੇ ਰਿਸ਼ਤੇ ਤਾਂ ਸੁਖ ਦੇ ਨਾਲ ਕਰਮਾਂ ਵਾਲਿਆਂ ਨੂੰ ਹੀ ਮਿਲਦੇ ਹਨ। ਚੰਗਾ ਜੀਵਨ ਸਾਥੀ ਮਿਲ ਜਾਵੇ ਤਾਂ ਜ਼ਿੰਦਗੀ ਸੁਖਾਲੀ ਗੁਜ਼ਰ ਜਾਂਦੀ ਹੈ। ਜੇਕਰ ਜੀਵਨ ਸਾਥੀ ਮਾੜਾ ਹੋਵੇ ਤਾਂ ਜ਼ਿੰਦਗੀ ਮਿੱਟੀ ਵਿਚ ਰੋਲਣ ਵਾਲੀ ਗੱਲ ਹੁੰਦੀ ਹੈ।"

"ਠੀਕ ਹੈ, ਅੰਮੀ ਜਾਨ, ਜਦੋਂ ਚੰਗਾ ਜੀਵਨ ਸਾਥੀ ਮਿਲ ਗਿਆ ਫਿਰ ਤੁਸੀਂ ਮੇਰਾ ਨਿਕਾਹ ਕਰ ਦੇਣਾ। ਅਜੇ ਕੋਈ ਕੁੜੀ ਤਾਂ ਮਨਪਸੰਦ ਦੀ ਮਿਲ ਲੈਣ ਦਿਉ। ਜੇਕਰ ਕੁੜੀ ਹੀ ਕੋਈ ਮਨਪਸੰਦ ਦੀ ਨਾ ਹੋਈ, ਦੱਸੋ ਫਿਰ ਮੈਂ ਨਿਕਾਹ ਕਿਹਦੇ ਨਾਲ ਕਰਾਵਾਂਗਾ?" ਅਸਗਰ ਮੁਸਕਰਾਉਂਦਾ ਹੋਇਆ ਆਖ ਰਿਹਾ ਸੀ ਅਤੇ ਆਪਣੀ ਮਾਂ ਨਸੀਰਹ ਦੇ ਚਿਹਰੇ ਵੱਲ ਦੇਖ ਰਿਹਾ ਸੀ।

"ਬੇਟਾ, ਕੁੜੀ ਹੈ ਤਾਂ ਫਿਰ ਹੀ ਤੇਰੇ ਨਾਲ ਗੱਲ ਕਰਦੀ ਹਾਂ। ਸਾਨੂੰ ਸਿਰਫ਼ ਤੇਰੀ ਹਾਂ ਦੀ ਲੋੜ ਹੈ ਬਾਕੀ ਸਿਰਦਰਦੀ ਸਾਡੀ ਹੈ। ਅਸੀਂ ਜਾਣੀਏ ਸਾਡਾ ਕੰਮ ਜਾਣੇ। ਕਸਮ ਅੱਲਾਹ ਦੀ, ਤੈਨੂੰ ਇਹੋ ਜਿਹੀ ਕੁੜੀ ਲੱਭ ਕੇ ਦੇਵਾਂਗੀ ਕਿ ਅੱਲਾਹ ਮੀਆਂ ਦੇ ਦਰਬਾਰ ਵਿਚ ਵੀ ਉਹਦੇ ਨਾਲ ਦੀ ਕੋਈ ਹੂਰ ਨਹੀਂ ਹੋਵੇਗੀ।" ਨਸੀਰਹ ਬੜੇ ਮਾਣ ਦੇ ਨਾਲ ਕਹਿ ਰਹੀ ਸੀ। ਜ਼ੁਲੈਖਾਂ ਨੇ ਅਸਗਰ ਦਾ ਮੋਢਾ ਹਿਲਾਉਂਦੀ ਹੋਈ ਨੇ ਆਖਿਆ ਸੀ,

"ਅਸਗਰ, ਤੂੰ ਯੈੱਸ ਕਰ ਦੇ। ਤੈਨੂੰ ਸੋਹਣੀ ਵਾਈਫ਼ ਲੱਭ ਕੇ ਦੇਵਾਂਗੇ, ਫਾਤਮਾ ਨਾਲੋਂ ਵੀ ਵੱਧ ਸੋਹਣੀ।"

"ਜ਼ੁਲੈਖਾਂ ਡੌਂਟ ਬੀ ਸਿੱਲੀ।" ਅਸਗਰ ਨੇ ਜ਼ੁਲੈਖਾਂ ਨੂੰ ਘੂਰਦੇ ਹੋਏ ਨੇ ਆਖਿਆ ਸੀ। ਜ਼ੁਲੈਖਾਂ ਨੇ ਝੱਟ ਦੇ ਨਾਲ ਅਸਗਰ ਨੂੰ ਸਵਾਲ ਕੀਤਾ ਸੀ,

"ਅਸਗਰ, ਦੱਸ ਮੈਨੂੰ, ਸਿੱਲੀ ਮੈਂ ਬਣਦੀ ਹਾਂ ਜਾਂ ਤੂੰ?"

"ਅੱਛਾ, ਅੰਮੀ ਜਾਨ, ਲੈਸਟਰ ਵਾਲੇ ਕੀ ਕਹਿੰਦੇ ਸੀ?" ਅਸਗਰ ਨੇ ਬੜੀ ਉਤਸੁਕਤਾ ਦੇ ਨਾਲ ਆਪਣੀ ਮਾਂ ਨਸੀਰਹ ਦੇ ਕੋਲੋਂ ਪੁੱਛਿਆ ਸੀ।

"ਉਹਨਾਂ ਦੀਆਂ ਦੋ ਧੀਆਂ ਹਨ, ਦੋਵੇਂ ਇੱਕ ਦੂਜੀ ਨਾਲੋਂ ਵੱਧ ਸੋਹਣੀਆਂ ਹਨ। ਉਹ ਤੇਰਾ ਰਿਸ਼ਤਾ ਕਰਨ ਆਏ ਸੀ।" ਨਸੀਰਹ ਕਹਿ ਰਹੀ ਸੀ।

"ਫਿਰ ਤੁਸੀਂ ਕੀ ਆਖਿਆ ਸੀ?" ਅਸਗਰ ਪੁੱਛ ਰਿਹਾ ਸੀ।

"ਪੁੱਤਰ, ਮੈਂ ਕੀ ਆਖਣਾ ਸੀ। ਮੈਂ ਤਾਂ ਉਹਨਾਂ ਨੂੰ ਐਨੀ ਗੱਲ ਹੀ ਆਖੀ ਸੀ ਕਿ ਅਸੀਂ ਸਾਰੇ ਜਣੇ ਘਰ ਬਹਿ ਕੇ ਸਲਾਹ ਕਰਾਂਗੇ। ਜੇਕਰ ਮੁੰਡਾ ਮੰਨ ਗਿਆ ਤਾਂ ਅੱਗੇ ਗੱਲ ਤੋਰ ਲਵਾਂਗੇ।" ਨਸੀਰਹ ਅਸਗਰ ਵੱਲ ਦੇਖਦੀ ਹੋਈ ਕਹਿ ਰਹੀ ਸੀ, ਉਹ ਅਸਗਰ ਦੇ ਚਿਹਰੇ ਨੂੰ ਪੜ੍ਹਨ ਦੀ ਕੋਸ਼ਿਸ਼ ਕਰ ਰਹੀ ਸੀ।

"ਜੇਕਰ ਮੁੰਡਾ ਨਾ ਮੰਨਿਆ ਫਿਰ?" ਅਸਗਰ ਪੁੱਛ ਰਿਹਾ ਸੀ।

"ਫਿਰ ਮੁੰਡੇ ਨੂੰ ਜੁੱਤੀ ਦੇ ਨਾਲ ਮੰਨਾਵਾਂਗੇ, ਹੋਰ ਫਿਰ ਕੀ ਕਰਨਾ ਹੈ? ਜਦੋਂ ਕੋਈ ਪਿਆਰ ਦੇ ਨਾਲ ਨਾ ਸਮਝੇ ਫਿਰ ਤਾਂ ਇਹ ਤਰੀਕਾ ਹੀ ਬਾਕੀ ਰਹਿ ਜਾਂਦਾ ਹੈ। ਹੁਣ ਤੂੰ ਹੀ ਦੱਸ ਦੇ ਇਸ ਤਰ੍ਹਾਂ ਪਿਆਰ ਦੇ ਨਾਲ ਮੰਨਣਾ ਹੈ ਜਾਂ ਦੂਸਰੇ ਤਰੀਕੇ ਦੇ ਨਾਲ ਮੰਨੇਂਗਾ?" ਨਸੀਰਹ ਬਣਾਵਟੀ ਗੁੱਸੇ ਵਿਚ ਬੋਲ ਰਹੀ ਸੀ।

"ਅੰਮੀ ਜਾਨ, ਕੁੜੀ ਵਾਲੇ ਮੰਨ ਜਾਣਗੇ?" ਅਸਗਰ ਮੁਸਕਰਾ ਰਿਹਾ ਸੀ।

"ਪੁੱਤਰ, ਬਹੁਤਾ ਮਾਣ ਕਰਨਾ ਚੰਗਾ ਨਹੀਂ ਹੁੰਦਾ। ਅਸੀਂ ਵੀ ਧੀਆਂ ਵਾਲੇ ਹਾਂ। ਕੱਲ੍ਹ ਨੂੰ ਸਾਡੀ ਵੀ ਵਾਰੀ ਆ ਜਾਣੀ ਹੈ। ਪੁੱਤਰ, ਅੱਜ ਤਾਂ ਕੁੜੀ ਵਾਲੇ ਸਾਡੀਆਂ ਮਿੰਨਤਾਂ ਕਰਦੇ ਹਨ, ਕੱਲ੍ਹ ਨੂੰ ਅਸੀਂ ਕੁੜੀ ਵਾਲਿਆਂ ਦੀਆਂ ਮਿੰਨਤਾਂ ਕਰਾਂਗੇ।" ਨਸੀਰਹ ਅਸਗਰ ਦੇ ਚਿਹਰੇ ਨੂੰ ਤੱਕ ਰਹੀ ਸੀ।

"ਅੰਮੀ ਜਾਨ, ਮੈਂ ਤਾਂ ਕਿਸੇ ਕੋਲੋਂ ਮਿੰਨਤਾਂ ਨਹੀਂ ਕਰਾਉਂਦਾ।"

"ਇਹ ਜਿਹੜੀ ਆਕੜ ਦਿਖਾਉਂਦਾ ਏਂ, ਕੀ ਇਹ ਮਿੰਨਤਾਂ ਕਰਾਉਣ ਦੇ ਨਾਲੋਂ ਘੱਟ ਹੈ? ਪੁੱਤਰ, ਥੋੜ੍ਹੀ ਬਹੁਤ ਸ਼ਰਮ ਹਯਾ ਕਰ, ਕੋਠੇ ਜਿੱਡਾ ਹੋਣ ਲੱਗਾ ਹੈਂ।"

"ਅੰਮੀ ਜਾਨ, ਜੇਕਰ ਸ਼ਰਮ ਵਾਲੇ ਹੁੰਦੇ ਤਾਂ ਫਿਰ ਤੁਹਾਡੇ ਘਰ ਹੀ ਜੰਮਣਾ ਸੀ ਫਿਰ ਮੈਂ ਕਿਸੇ ਸ਼ਰਮ ਵਾਲੇ ਦੇ ਘਰ ਹੀ ਜਨਮ ਲੈਂਦਾ, ਬੇਸ਼ਰਮਾਂ ਦੇ ਘਰ ਨਹੀਂ।" ਅਸਗਰ ਮੁਸਕਰਾਉਂਦਾ ਹੋਇਆ ਆਖ ਰਿਹਾ ਸੀ ਅਤੇ ਉਸਦਾ ਜਵਾਬ ਸੁਣ ਕੇ ਬਾਨੋਂ ਅਤੇ ਜ਼ੁਲੈਖਾਂ ਵੀ ਉੱਚੀ ਆਵਾਜ਼ ਵਿਚ ਹੱਸ ਪਈਆਂ ਸਨ।

"ਬਹੁਤੀਆਂ ਗੱਲਾਂ ਬਣਾਉਣ ਦੀ ਕੋਈ ਲੋੜ ਨਹੀਂ। ਮੈਨੂੰ ਬੰਦਿਆਂ ਦੀ ਤਰ੍ਹਾਂ ਜਾਂ ਹਾਂ ਕਰਦੇ ਜੇਕਰ ਤੇਰਾ ਦਿਲ ਨਹੀਂ ਮੰਨਦਾ ਬੇਸ਼ੱਕ ਨਾਂਹ ਕਰ ਦੇ। ਤੂੰ ਜਿੱਥੇ ਮਰਜ਼ੀ ਤੁਰਿਆ ਫਿਰੀਂ, ਫਿਰ ਤੈਨੂੰ ਅਸੀਂ ਕੁਝ ਨਹੀਂ ਆਖਣਾ। ਤੂੰ ਸਾਡੇ ਘਰ ਜੰਮ ਕੇ ਹੀ ਸਾਨੂੰ ਮੱਤਾਂ ਦੇਣ ਲੱਗ ਪਿਆ ਹੈਂ। ਜੇਕਰ ਤੇਰੇ ਕੋਲ ਮੁੜ ਨਿਕਾਹ ਦਾ ਨਾਂ ਵੀ ਲਈਏ ਤਾਂ ਬੇਸ਼ੱਕ ਤੂੰ ਸਾਡਾ ਨਾਂ ਬਦਲ ਦੇਵੀਂ। ਜਿੱਥੇ ਤੇਰਾ ਜੀਅ ਕਰੇਗਾ, ਉਥੇ ਹੀ ਨਿਕਾਹ ਕਰਾ ਲਵੀਂ। ਅਸੀਂ ਤੇਰੇ ਨਿਕਾਹ ਵਿਚ ਸ਼ਾਮਲ ਨਹੀਂ ਹੋਣਾ।" ਨਸੀਰਹ ਸੱਚਮੁਚ ਹੀ ਖਿਝ ਗਈ ਸੀ ਅਤੇ ਉਸਨੂੰ ਆਪਣੇ ਪੁੱਤਰ ਅਸਗਰ ਉੱਪਰ ਬਹੁਤ ਜ਼ਿਆਦਾ ਗੁੱਸਾ ਆ ਗਿਆ ਸੀ।

"ਅੰਮੀ ਜਾਨ!"

"ਮਰ ਗਈ ਤੇਰੀ ਅੰਮੀ ਜਾਨ।"

"ਅੰਮੀ ਜਾਨ! ਤੁਸੀਂ ਤੇ ਮੇਰੇ ਨਾਲ ਨਾਰਾਜ਼ ਹੋ ਗਏ ਹੋ।"

"ਨਾਰਾਜ਼ ਹੋਵਾਂ ਨਾ? ਜਦ ਤੂੰ ਸਾਡਾ ਕਿਹਾ ਨਹੀਂ ਮੰਨਦਾ। ਫਿਰ ਤੂੰ ਦੱਸ ਸਾਡਾ ਕਾਹਦਾ ਪੁੱਤਰ ਹੋਇਆ?"

"ਅੱਛਾ, ਅੰਮੀ ਜਾਨ, ਮੈਂ ਨਿਕਾਹ ਕਰਾਉਣ ਨੂੰ ਤਿਆਰ ਹਾਂ।"

"ਫਿਰ ਤੂੰ ਸਾਨੂੰ ਐਨਾ ਜ਼ਿਆਦਾ ਦੁਖੀ ਕਿਉਂ ਕਰਦਾ ਹੈਂ?"

"ਅੱਛਾ, ਅੰਮੀ ਜਾਨ, ਉਹਨਾਂ ਦੀਆਂ ਕਿੰਨੀਆਂ ਕੁੜੀਆਂ ਹਨ?"

"ਚਾਰ।"

"ਲੈ ਪਹਿਲਾਂ ਤੁਸੀਂ ਦੋ ਕਹਿੰਦੇ ਸੀ।"

"ਬੁੱਧੂਆ, ਦੋ ਵੱਡੀਆਂ ਦੇ ਨਿਕਾਹ ਹੋ ਚੁੱਕੇ ਹਨ ਅਤੇ ਦੋ ਛੋਟੀਆਂ ਦੇ ਨਿਕਾਹ ਹੋਣ ਵਾਲੇ ਹਨ।"

"ਉਹ ਦੋਵਾਂ ਛੋਟੀਆਂ ਕੁੜੀਆਂ ਦਾ ਨਿਕਾਹ ਮੇਰੇ ਨਾਲ ਹੀ ਕਰਨਗੇ?"

"ਦੋ ਦਾ ਨਹੀਂ, ਚਾਰਾਂ ਦਾ ਨਿਕਾਹ ਤੇਰੇ ਨਾਲ ਹੀ ਕਰਵਾਉਣਗੇ, ਤੇਰੀ ਖ਼ਾਤਰ ਵੱਡੀਆਂ ਦਾ ਵੀ ਤਲਾਕ ਕਰਵਾ ਦੇਣਗੇ। ਬੇਸ਼ਰਮ ਕਿਸੇ ਥਾਂ ਦਾ।"

ਨਸੀਰਹ ਦਾ ਜਵਾਬ ਸੁਣ ਕੇ ਅਸਗਰ, ਮੁਹੰਮਦ ਅਜ਼ੀਜ਼, ਬਾਨੋਂ ਅਤੇ ਜ਼ੁਲੈਖਾਂ ਸਾਰੇ ਜਣੇ ਉੱਚੀ-ਉੱਚੀ ਆਵਾਜ਼ ਵਿਚ ਹੱਸ ਰਹੇ ਸਨ।

"ਅੰਮੀ ਜਾਨ, ਤੁਸੀਂ ਤੇ ਐਵੇਂ ਹੀ ਜ਼ਿੱਦ ਪਏ ਕਰਦੇ ਹੋ। ਤੁਸੀਂ ਭਲਾ ਖ਼ੁਦ ਕੁੜੀਆਂ ਨੂੰ ਦੇਖਿਆ ਹੈ?"

"ਤੇਰੇ ਨਾਲੋਂ ਤਾਂ ਉਹ ਹਜ਼ਾਰ ਦਰਜੇ ਚੰਗੀਆਂ ਹਨ, ਤੂੰ ਤੇ ਉਹਨਾਂ ਦੇ ਪੈਰਾਂ ਵਰਗਾ ਵੀ ਨਹੀਂ। ਮੈਂ ਚਾਹੇ ਕੁੜੀਆਂ ਨਹੀਂ ਵੀ ਦੇਖੀਆਂ ਫਿਰ ਵੀ ਮੈਨੂੰ ਪਤਾ ਹੈ ਕਿ ਕੁੜੀਆਂ ਚੰਗੇ ਆਚਰਣ ਦੀਆਂ ਹਨ, ਚੰਗੇ ਸੁਭਾਅ ਦੀਆਂ ਹਨ, ਸੋਹਣੀਆਂ ਸੁਨੱਖੀਆਂ ਹਨ। ਉਹ ਕੁੜੀਆਂ ਤਾਂ ਨਿਰਾ ਸੋਨਾ ਹਨ ਸੋਨਾ।"

"ਅੰਮੀ ਜਾਨ, ਜੇ ਸੋਨਾ ਹੈ ਤਾਂ ਲੈ ਆਉ ਜਲਦੀ ਉਹਨਾਂ ਨੂੰ। ਉਹਨਾਂ ਨੂੰ ਤੋੜ-ਤੋੜ ਕੇ ਆਪਣੇ ਕੰਨਾਂ ਵਿਚ ਪਾਈ ਜਾਣਾ। ਬਾਕੀ ਦੇ ਜਿਹੜੇ ਹਿੱਸੇ ਬਚ ਜਾਣਗੇ, ਉਹਨਾਂ ਨੂੰ ਅਸੀਂ ਵੇਚ ਕੇ ਅਮੀਰ ਬਣ ਜਾਵਾਂਗੇ।" ਅਸਗਰ ਹੱਸਦਾ ਹੋਇਆ ਆਖ ਰਿਹਾ ਸੀ। ਜਿਸਨੂੰ ਸੁਣਕੇ ਬਾਕੀ ਦੇ ਸਾਰੇ ਜਣੇ ਵੀ ਹੱਸ ਪਏ ਸਨ।

"ਤੈਨੂੰ ਤੇ ਬੱਸ ਬਕਵਾਸ ਕਰਨ ਦਾ ਚੱਜ ਆਉਂਦਾ ਹੈ। ਕੋਈ ਹੋਰ ਵੀ ਚੱਜ ਹੈ? ਧੀ ਪੁੱਤ ਨੂੰ ਕੁਝ ਅਕਲ ਕਰਨੀ ਚਾਹੀਦੀ ਹੈ। ਤੂੰ ਹੁਣ ਕੋਈ ਨਿਆਣਾ ਤੇ ਹੈ ਨਹੀਂ? ਬਰਾਬਰ ਦੇ ਧੀ ਪੁੱਤ ਨੂੰ ਝਿੜਕਦਿਆਂ ਵੀ ਹਯਾ ਆਉਂਦੀ ਹੈ। ਤੂੰ ਤੇ ਪਤਾ ਨਹੀਂ ਕਿਹੜੀ ਬੇਸ਼ਰਮ ਮਿੱਟੀ ਦਾ ਬਣਿਆ ਹੋਇਆ ਹੈਂ? ਤੈਨੂੰ ਤੇ ਚੜੀ ਲੱਥੀ ਦੀ ਭੋਰਾ ਵੀ ਸ਼ਰਮ ਨਹੀਂ। ਹੁਣ ਸੁੱਖ ਦੇ ਨਾਲ ਤੂੰ ਗੱਭਰੂ ਹੋ ਗਿਆ ਹੈਂ, ਹੁਣ ਤੇ ਤੈਨੂੰ ਕੋਈ ਸੰਗ ਚਾਹੀਦੀ ਹੈ। ਹਰ ਵੇਲੇ ਦੇ ਮਜ਼ਾਕ ਵੀ ਚੰਗੇ ਨਹੀਂ ਹੁੰਦੇ। ਬੰਦੇ ਨੂੰ ਸਮੇਂ ਦੇ ਲਿਹਾਜ਼ ਨਾਲ ਤੁਰਨਾ ਚਾਹੀਦਾ ਹੈ।" ਨਸੀਰਹ ਨੂੰ ਅਸਗਰ ਉੱਪਰ ਬੜੀ ਖਿਝ ਆ ਰਹੀ ਸੀ। ਉਸਦਾ ਜੀਅ ਕਰਦਾ ਸੀ ਕਿ ਉਹ ਅਸਗਰ ਨੂੰ ਬੜੇ ਜ਼ੋਰ-ਜ਼ੋਰ ਦੀ ਚਪੇੜਾਂ ਮਾਰੇ।

"ਅੰਮੀ ਜਾਨ, ਚਲੋ ਤੁਹਾਡੀ ਗੱਲ ਮੰਨ ਲੈਂਦੇ ਹਾਂ ਪਰੰਤੂ ਇੱਕ ਗੱਲ ਦੱਸੋ ਜੇਕਰ ਮੈਨੂੰ ਉਹ ਕੁੜੀਆਂ ਪਸੰਦ ਨਾ ਆਈਆਂ, ਫਿਰ ਉਹਨਾਂ ਦੀ ਕਿੰਨੇ ਕੁ ਦੀ ਰਹੇਗੀ?" ਅਸਗਰ ਮੁਸਕਰਾਉਂਦਾ ਹੋਇਆ ਕਹਿ ਰਿਹਾ ਸੀ।

"ਜੇਕਰ ਉਹਨਾਂ ਨੇ ਤੈਨੂੰ ਪਸੰਦ ਨਾ ਕੀਤਾ। ਫਿਰ ਤੇਰੀ ਕਿੰਨੇ ਕੁ ਦੀ ਰਹੇਗੀ? ਮੂੰਹ ਧੋਣ ਦਾ ਹਾਲੇ ਤੱਕ ਚੱਜ ਨਹੀਂ ਆਇਆ ਅਤੇ ਆਪਣੇ ਆਪ ਨੂੰ ਪਤਾ ਨਹੀਂ ਕੀ ਸਮਝਦਾ ਹੈ? ਕਦੇ ਸ਼ੀਸ਼ੇ ਵਿਚ ਆਪਣੀ ਸ਼ਕਲ ਦੇਖੀ ਹੈ? ਇਹਦੀ ਤਾਂ ਆਕੜ ਦਾ ਹੀ ਪਤਾ ਨਹੀਂ ਲੱਗਦਾ, ਜੇਕਰ ਸੋਹਣਾ ਸੁਨੱਖਾ ਹੁੰਦਾ ਫਿਰ ਪਤਾ ਨਹੀਂ ਕੀ ਕਰਦਾ? ਅਜੇ ਤਾਂ ਅੱਲਾਹ ਨੇ ਉਹੋ ਜਿਹੀ ਸ਼ਕਲ ਦਿੱਤੀ ਹੈ ਇਹਦੇ ਉੱਪਰ ਹੀ ਬੜਾ ਮਾਣ ਕਰਦਾ ਹੈ। ਤੇਰੀਆਂ ਵੀ ਘਰ ਦੋ ਭੈਣਾਂ ਹਨ। ਕੱਲ੍ਹ ਨੂੰ ਤੇਰੀ ਵਾਰੀ ਵੀ ਆ ਜਾਣੀ ਹੈ। ਇਹਨਾਂ ਨੂੰ ਦੇਖ ਕੇ ਜਦੋਂ ਲੋਕ ਤੇਰੇ ਵਾਂਗ ਕਰਨਗੇ, ਤੇਰੀਆਂ

ਅੱਖਾਂ ਉੱਪਰੋਂ ਪੱਟੀ ਫਿਰ ਖੁੱਲ੍ਹੇਗੀ।" ਨਸੀਰਹ ਅਸਗਰ ਨੂੰ ਸਮਝਾਉਂਦੀ ਹੋਈ ਕਹਿ ਰਹੀ ਸੀ।

"ਅਸਗਰ, ਅੰਮੀ ਨੂੰ ਫ਼ਰੈਂਕਲੀ ਕਿਉਂ ਨਹੀਂ ਕਹਿ ਦਿੰਦਾ ਕਿ ਤੈਨੂੰ ਫਾਤਮਾ ਦੇ ਨਾਲ ਲਵ ਹੈ ? ਇਸ ਲਈ ਤੂੰ ਕਿਸੇ ਹੋਰ ਦੇ ਨਾਲ ਮੈਰਿਜ ਨਹੀਂ ਕਰ ਸਕਦਾ।" ਬਾਨੋਂ ਮੁਸਕਰਾਉਂਦੀ ਹੋਈ ਅਸਗਰ ਨੂੰ ਆਖ ਰਹੀ ਸੀ।

"ਪਾਗਲ ਕਿਸੇ ਥਾਂ ਦੀ। ਤੈਨੂੰ ਇਹ ਗੱਲ ਕਿਸਨੇ ਕਹਿ ਦਿੱਤੀ ਹੈ। ਹੋਰ ਨਾ ਕਿਸੇ ਹੋਰ ਨੂੰ ਦੱਸ ਕੇ ਮੇਰੇ ਕੋਲੋਂ ਕੁੱਟ ਖਾ ਲਵੀਂ।" ਅਸਗਰ ਸਮਝਦਾ ਸੀ ਕਿ ਸ਼ਾਇਦ ਉਸਦੀ ਫਾਤਮਾ ਦੇ ਨਾਲ ਮੁਹੱਬਤ ਦਾ ਘਰ ਦੇ ਕਿਸੇ ਜੀਅ ਨੂੰ ਪਤਾ ਨਹੀਂ ਸੀ। ਇਸ ਲਈ ਉਹ ਇਸ ਭੇਦ ਨੂੰ ਛੁਪਾਉਣਾ ਚਾਹੁੰਦਾ ਸੀ ਪਰੰਤੂ ਉਹਦੇ ਘਰ ਦੇ ਹਰ ਜੀਅ ਨੂੰ ਉਸਦੀ ਫਾਤਮਾ ਦੇ ਨਾਲ ਮੁਹੱਬਤ ਦਾ ਪਤਾ ਸੀ। ਫਾਤਮਾ ਨੇ ਇਸ ਬਾਰੇ ਖ਼ੁਦ ਹੀ ਬਾਨੋਂ ਅਤੇ ਜ਼ੁਲੈਖਾਂ ਨੂੰ ਦੱਸ ਦਿੱਤਾ ਸੀ। ਫਾਤਮਾ ਆਪਣੇ ਇਸ਼ਕ ਦੀ ਹਰ ਛੋਟੀ-ਛੋਟੀ ਗੱਲ ਬਾਨੋਂ ਅਤੇ ਜ਼ੁਲੈਖਾਂ ਨੂੰ ਟੈਲੀਫ਼ੋਨ ਉੱਪਰ ਦੱਸ ਦਿਆ ਕਰਦੀ ਸੀ। ਬਾਨੋਂ ਦੇ ਬੋਲਣ ਤੋਂ ਪਹਿਲਾਂ ਹੀ ਜ਼ੁਲੈਖਾਂ ਨੇ ਅਸਗਰ ਨੂੰ ਹੱਸਦੀ ਹੋਈ ਨੇ ਆਖ ਦਿੱਤਾ ਸੀ,

"ਅਸਗਰ, ਉਹ ਸਾਨੂੰ ਟੈਲੀਫ਼ੋਨ ਉੱਪਰ ਆਪਣੇ ਲਵ ਬਾਰੇ ਸਾਰੀਆਂ ਗੱਲਾਂ ਦੱਸ ਦਿੰਦੀ ਹੈ। ਜੇਕਰ ਤੂੰ ਕੋਈ ਹੋਰ ਗੱਲ ਪੁੱਛਣੀ ਹੈ ਤਾਂ ਉਹ ਵੀ ਦੱਸ ਦਿੰਦੀਆਂ ਹਾਂ। ਸਾਨੂੰ ਤੇਰੀ ਨਿੱਕੀ-ਨਿੱਕੀ ਗੱਲ ਬਾਰੇ ਪਤਾ ਹੈ। ਐਵੇਂ ਸਾਨੂੰ ਬੁੱਧੂ ਬਣਾਉਣ ਦੀ ਟਰਾਈ ਨਾ ਕਰੀਂ। ਸਾਨੂੰ ਇਹ ਵੀ ਪਤਾ ਹੈ ਕਿ ਤੂੰ ਫਾਤਮਾ ਨੂੰ ਕਿਹੜੇ-ਕਿਹੜੇ ਗਿਫ਼ਟ ਦਿੱਤੇ ਹਨ। ਜੇਕਰ ਤੂੰ ਪੁੱਛਣਾ ਚਾਹੁੰਦਾ ਹੈਂ ਤਾਂ ਦੱਸੀਏ ?"

"ਫਿਰ ਤੁਸੀਂ ਜ਼ੈਲਸ ਕਿਉਂ ਹੁੰਦੀਆਂ ਹੋ ?"

"ਅਸੀਂ ਜ਼ੈਲਸ ਨਹੀਂ ਹੁੰਦੀਆਂ।"

"ਤੁਹਾਨੂੰ ਮੇਰੀ ਪਰਸਨਲ ਲਾਈਫ਼ ਵਿਚ ਇੰਟਰਫੀਅਰ ਕਰਨ ਦੀ ਕੀ ਲੋੜ ਹੈ ?"

"ਅਸਗਰ, ਅਸੀਂ ਤੇਰੀ ਪਰਸਨਲ ਲਾਈਫ਼ ਵਿਚ ਕੋਈ ਦਖ਼ਲ ਨਹੀਂ ਦਿੰਦੀਆਂ। ਇਹ ਸਾਰੀਆਂ ਗੱਲਾਂ ਫਾਤਮਾ ਨੇ ਸਾਨੂੰ ਆਪ ਦੱਸੀਆਂ ਹਨ। ਅਸੀਂ ਥੋੜ੍ਹੀ ਉਹਨੂੰ ਕਿਹਾ ਸੀ ਕਿ ਉਹ ਸਾਨੂੰ ਇਹ ਗੱਲਾਂ ਦੱਸੇ।"

"ਤੁਸੀਂ ਫਿਰ ਕਿਉਂ ਉਹਦੀਆਂ ਗੱਲਾਂ ਸੁਣੀਆਂ ?"

"ਉਹ ਸੁਣਾਉਂਦੀ ਸੀ, ਅਸੀਂ ਸੁਣ ਲਈਆਂ।" ਜ਼ੁਲੈਖਾਂ ਕਹਿ ਰਹੀ ਸੀ। ਅਸਗਰ ਦੇ ਬੋਲਣ ਤੋਂ ਪਹਿਲਾਂ ਹੀ ਬਾਨੋਂ ਨੇ ਆਖ ਦਿੱਤਾ ਸੀ,

"ਹੋਰ ਅਸੀਂ ਆਪਣੇ ਕੰਨ ਬੰਦ ਕਰ ਲੈਂਦੀਆਂ?"

"ਯੈੱਸ, ਤੁਹਾਨੂੰ ਆਪਣੇ ਕੰਨ ਬੰਦ ਕਰ ਲੈਣੇ ਚਾਹੀਦੇ ਸੀ।"

"ਕਿਉਂ?"

"ਕਿਉਂ ਤਾਂ ਅੱਧੀ ਲੜਾਈ ਹੁੰਦੀ ਹੈ।" ਅਸਗਰ ਨੂੰ ਕੁਝ ਨਹੀਂ ਸੀ ਸੁੱਝ ਰਿਹਾ ਕਿ ਉਹ ਆਪਣੀਆਂ ਭੈਣਾਂ ਨੂੰ ਕੀ ਜਵਾਬ ਦਿੰਦਾ। ਉਸਨੂੰ ਚੁੱਪ ਕੀਤੇ ਨੂੰ ਦੇਖ ਕੇ ਜ਼ੁਲੈਖਾਂ ਨੇ ਝੱਟ ਆਖ ਦਿੱਤਾ ਸੀ,

"ਅਸਗਰ, ਜੇ ਤੈਨੂੰ ਬਹੁਤਾ ਹੀ ਦੁੱਖ ਹੈ ਤਾਂ ਤੂੰ ਫਾਤਮਾ ਨੂੰ ਕਿਉਂ ਨਹੀਂ ਕਹਿ ਦਿੰਦਾ ਕਿ ਉਹ ਸਾਨੂੰ ਇਹਨਾਂ ਗੱਲਾਂ ਬਾਰੇ ਨਾ ਦੱਸਿਆ ਕਰੇ। ਕੀ ਗੱਲ ਤੈਨੂੰ ਫਾਤਮਾ ਦਾ ਡਰ ਮਾਰਿਆ ਹੈ? ਅਸਗਰ ਤੂੰ ਫਾਤਮਾ ਦਾ ਲਵਰ ਹੈਂ ਜਾਂ ਉਹਦਾ ਸਲੇਵ?"

ਅਸਗਰ ਕੁਝ ਬੋਲਣ ਹੀ ਲੱਗਾ ਸੀ ਕਿ ਝੱਟ ਬਾਨੋਂ ਬੋਲ ਪਈ,

"ਅਸਗਰ, ਕੀ ਫਾਤਮਾ ਤੇਰਾ ਕਹਿਣਾ ਨਹੀਂ ਮੰਨਦੀ? ਜੇਕਰ ਨਹੀਂ ਮੰਨਦੀ ਫਿਰ ਤੂੰ ਉਸਨੂੰ ਲਵ ਕਰਨਾ ਛੱਡ ਦੇ। ਤੈਨੂੰ ਕੁੜੀਆਂ ਦਾ ਘਾਟਾ ਥੋੜ੍ਹੀ ਹੈ? ਤੂੰ ਕਿਸੇ ਹੋਰ ਕੁੜੀ ਨੂੰ ਫ਼ਰੈਂਡ ਬਣਾ ਲੈ।"

"ਕਿਉਂ ਬਣਾ ਲਵਾਂ?"

"ਨਹੀਂ ਸਾਡਾ ਕਹਿਣਾ ਮੰਨਣਾ, ਫਿਰ ਕਰ ਫਾਤਮਾ ਦੀ ਸਲੇਵਰੀ। ਤੈਨੂੰ ਕਿਹੜਾ ਅਸੀਂ ਰੋਕਦੇ ਹਾਂ? ਇਕ ਕਿਸੇ ਨੂੰ ਅਕਲ ਦਿਉ, ਉਲਟਾ ਝਿੜਕਾਂ ਖਾਉ।" ਬਾਨੋਂ ਮੂੰਹ ਵਿੰਗਾ ਬਣਾਉਂਦੀ ਹੋਈ ਕਹਿ ਰਹੀ ਸੀ।

"ਅਸਗਰ!" ਮੁਹੰਮਦ ਅਜ਼ੀਜ਼ ਨੇ ਆਵਾਜ਼ ਮਾਰੀ ਸੀ।

"ਹਾਂ ਅੱਬਾ।" ਅਸਗਰ ਨੇ ਆਪਣਾ ਧਿਆਨ ਆਪਣੇ ਪਿਉ ਵੱਲ ਕਰਦੇ ਹੋਏ ਨੇ ਆਖਿਆ ਸੀ। ਬਾਨੋਂ ਅਤੇ ਜ਼ੁਲੈਖਾਂ ਅਸਗਰ ਵੱਲ ਦੇਖ ਕੇ ਮੁਸਕਰਾ ਰਹੀਆਂ ਸਨ।

"ਦੇਖ ਪੁੱਤਰ, ਹੁਣ ਤੂੰ ਕੋਈ ਨਿਆਣਾ ਨਹੀਂ। ਸਾਡੇ ਬਰਾਬਰ ਦਾ ਤੂੰ ਹੋ ਗਿਆ ਏਂ। ਜੇਕਰ ਤੇਰਾ ਹੋਰ ਕਿਤੇ ਨਿਕਾਹ ਕਰਵਾਉਣ ਨੂੰ ਜੀਅ ਨਹੀਂ ਕਰਦਾ ਤੂੰ ਸਾਫ਼ ਇਨਕਾਰ ਕਰ ਦੇ। ਪੁੱਤਰ, ਇਹ ਕੰਮ ਤਾਂ ਇਕ ਨਾ ਇਕ ਦਿਨ ਜ਼ਰੂਰ ਕਰਨਾ ਪੈਣਾ ਹੈ। ਫਿਰ ਕਿਉਂ ਨਾ ਆਪਾਂ ਇਹ ਕੰਮ ਜਿੰਨੀ ਜਲਦੀ ਹੋ ਸਕੇ, ਕਰ ਲਈਏ।

ਦੇਖ ਤੇਰੇ ਲਈ ਕੁੜੀਆਂ ਦਾ ਕੋਈ ਘਾਟਾ ਨਹੀਂ। ਜਿੱਥੇ ਵੀ ਤੂੰ ਆਖੇਂਗਾ ਤੇਰਾ ਨਿਕਾਹ ਉੱਥੇ ਹੀ ਕਰਾਂਗੇ। ਅਸੀਂ ਤੈਨੂੰ ਮਜਬੂਰ ਨਹੀਂ ਕਰਦੇ ਪਰੰਤੂ ਪੁੱਤਰ, ਔਲਾਦ ਦੇ ਲਈ ਮਾਪਿਆਂ ਦੇ ਵੀ ਕੁਝ ਫ਼ਰਜ਼ ਹੁੰਦੇ ਹਨ। ਇਸ ਲਈ ਅਸੀਂ ਵੀ ਚਾਹੁੰਦੇ ਹਾਂ ਜਿੰਨੀ ਵੀ ਜਲਦੀ ਹੋ ਸਕੇ ਅਸੀਂ ਵੀ ਆਪਣਾ ਫ਼ਰਜ਼ ਪੂਰਾ ਕਰ ਸਕੀਏ। ਜੇਕਰ ਕੋਈ ਕੁੜੀ ਤੂੰ ਪਸੰਦ ਕੀਤੀ ਹੈ ਫਿਰ ਵੀ ਖੁੱਲ੍ਹ ਕੇ ਤੂੰ ਸਾਨੂੰ ਦੱਸ ਦੇ ਪਰੰਤੂ ਕੁੜੀ ਸਾਡੀ ਵੀ ਪਸੰਦ ਦੀ ਹੋਣੀ ਚਾਹੀਦੀ ਹੈ ਕਿਉਂਕਿ ਇਹ ਰਿਸ਼ਤੇਦਾਰੀ ਦਾ ਮਾਮਲਾ ਹੈ। ਸਾਰੀ ਉਮਰ ਰਿਸ਼ਤੇਦਾਰਾਂ ਦੇ ਨਾਲ ਮਿਲਣਾ ਵਰਤਣਾ ਹੁੰਦਾ ਹੈ। ਇਸ ਲਈ ਇਸ ਪਾਸੇ ਕਦਮ ਚੰਗੀ ਤਰ੍ਹਾਂ ਸੋਚ ਸਮਝ ਕੇ ਹੀ ਚੁੱਕਣਾ ਚਾਹੀਦਾ ਹੈ। ਬੋਲ ਤੈਨੂੰ ਉਹ ਰਿਸ਼ਤਾ ਮਨਜ਼ੂਰ ਹੈ ਜਿਸ ਰਿਸ਼ਤੇ ਬਾਰੇ ਤੇਰੀ ਅੰਮੀ ਗੱਲ ਕਰ ਰਹੀ ਹੈ?" ਮੁਹੰਮਦ ਅਜ਼ੀਜ਼ ਨੇ ਬੜੀ ਗੰਭੀਰਤਾ ਦੇ ਨਾਲ ਅਸਗਰ ਵੱਲ ਦੇਖਦੇ ਹੋਏ ਨੇ ਆਖਿਆ ਸੀ।

"ਨਹੀਂ ਅੱਬਾ, ਮੈਨੂੰ ਇਹ ਰਿਸ਼ਤਾ ਬਿਲਕੁਲ ਮਨਜ਼ੂਰ ਨਹੀਂ।" ਅਸਗਰ ਨੇ ਬਿਨਾਂ ਕਿਸੇ ਝਿਜਕ ਦੇ ਕਹਿ ਦਿੱਤਾ ਸੀ।

"ਕਿਉਂ ਨਹੀਂ ਤੈਨੂੰ ਇਹ ਰਿਸ਼ਤਾ ਮਨਜ਼ੂਰ?" ਨਸੀਰਹ ਨੇ ਬੜੀ ਜਲਦੀ ਦੇ ਨਾਲ ਅਸਗਰ ਨੂੰ ਝਿੜਕਦੀ ਹੋਈ ਨੇ ਸਵਾਲ ਕੀਤਾ ਸੀ।

"ਕਿਉਂਕਿ ਮੇਰਾ ਉਥੇ ਦਿਲ ਨਹੀਂ ਮੰਨਦਾ।"

"ਕਿਉਂ ਨਹੀਂ ਮੰਨਦਾ?" ਨਸੀਰਹ ਪੁੱਛ ਰਹੀ ਸੀ।

"ਕਿਉਂਕਿ ਅੰਮੀ, ਅਸਗਰ ਨੂੰ ਫਾਤਮਾ ਦੇ ਨਾਲ ਲਵ ਹੈ।" ਅਸਗਰ ਦੀ ਥਾਂ ਬਾਨੋਂ ਨੇ ਆਪਣੀ ਮਾਂ ਨੂੰ ਆਖਿਆ ਸੀ।

"ਹਾਂ ਅੰਮੀ ਜਾਨ, ਬਾਨੋਂ ਦੀ ਗੱਲ ਬਿਲਕੁਲ ਸਹੀ ਹੈ। ਮੈਂ ਫਾਤਮਾ ਨੂੰ ਦਿਲੋਂ ਚਾਹੁੰਦਾ ਹਾਂ। ਉਹ ਵੀ ਮੈਨੂੰ ਪਿਆਰ ਕਰਦੀ ਹੈ। ਮੇਰਾ ਨਿਕਾਹ ਉਹਦੇ ਨਾਲ ਹੀ ਹੋਵੇਗਾ।" ਅਸਗਰ ਨੇ ਝਿਜਕਦੇ-ਝਿਜਕਦੇ ਹੋਏ ਨੇ ਆਪਣੇ ਦਿਲ ਦੀ ਗੱਲ ਆਪਣੇ ਘਰਦਿਆਂ ਨੂੰ ਦੱਸ ਦਿੱਤੀ ਸੀ।

"ਮੈਂ ਤੇਰਾ ਨਿਕਾਹ ਉਸ ਕੁੜੀ ਦੇ ਨਾਲ ਬਿਲਕੁਲ ਨਹੀਂ ਹੋਣ ਦੇਣਾ।" ਨਸੀਰਹ ਥੋੜ੍ਹੇ ਗੁੱਸੇ ਵਿਚ ਅਸਗਰ ਨੂੰ ਕਹਿ ਰਹੀ ਸੀ।

"ਕਿਉਂ ਨਹੀਂ ਹੋਣ ਦੇਣਾ?"

"ਇਹ ਤਾਂ ਮੇਰੀ ਮਰਜ਼ੀ ਹੈ।"

"ਲੈ ਤਾਂ, ਅੰਮੀ ਜਾਨ, ਨਿਕਾਹ ਮੈਂ ਕਰਵਾਉਣਾ ਹੈ ਜਾਂ ਤੁਸੀਂ?"

"ਪੁੱਤਰ, ਤੂੰ ਇਹ ਨਾ ਸੋਚੀਂ ਕਿ ਘਰ ਵਿਚ ਸਦਾ ਤੇਰੀ ਹੀ ਪੁੱਗੇਗੀ। ਤੂੰ ਜੇਕਰ ਸਾਡੇ ਕੋਲੋਂ ਬਾਹਰਾ ਹੋ ਕੇ ਉਸ ਕੁੜੀ ਦੇ ਨਾਲ ਨਿਕਾਹ ਕਰੇਂਗਾ ਤਾਂ ਤੇਰੀ ਮਰਜ਼ੀ ਪਰੰਤੂ ਇਕ ਗੱਲ ਯਾਦ ਰੱਖ ਲਵੀਂ, ਸਾਰੀ ਉਮਰ ਤੂੰ ਮੁੜ ਸਾਡੇ ਮੱਥੇ ਨਾ ਲੱਗੀਂ।" ਨਸੀਰਹ ਖਿਝੀ ਹੋਈ ਆਵਾਜ਼ ਵਿਚ ਅਸਗਰ ਨੂੰ ਕਹਿ ਰਹੀ ਸੀ।

"ਅੰਮੀ ਜਾਨ, ਤੁਹਾਨੂੰ ਉਸ ਕੁੜੀ ਵਿਚ ਕਿਹੜੀ ਖ਼ਾਮੀ ਨਜ਼ਰ ਆਉਂਦੀ ਹੈ?" ਅਸਗਰ ਨੇ ਬੜੀ ਬੇਸਬਰੀ ਦੇ ਨਾਲ ਪੁੱਛਿਆ ਸੀ।

" ਉਸ ਕੁੜੀ ਵਿਚ ਇਕ ਖ਼ਾਮੀ ਨਹੀਂ, ਹਜ਼ਾਰ ਖ਼ਾਮੀਆਂ ਹਨ।"

"ਤੁਸੀਂ ਭਲਾ ਕੁਝ ਦੱਸੋਂਗੇ ਵੀ?"

"ਤੂੰ ਭਲਾ ਪੁੱਛ ਕੇ ਕੀ ਕਰੇਂਗਾ?"

"ਪਰ ਅੰਮੀ ਜਾਨ, ਮੈਨੂੰ ਵੀ ਤਾਂ ਪਤਾ ਲੱਗਣਾ ਚਾਹੀਦਾ ਹੈ।"

"ਤੈਨੂੰ ਮੈਂ ਉਹਦੀਆਂ ਕਿਹੜੀਆਂ-ਕਿਹੜੀਆਂ ਖ਼ਾਮੀਆਂ ਦੱਸਾਂ?"

"ਜਿਹੜੀਆਂ ਵੀ ਤੁਹਾਨੂੰ ਨਜ਼ਰ ਆਉਂਦੀਆਂ ਹਨ।"

"ਪਹਿਲੀ ਗੱਲ ਤੇ ਕੁੜੀ ਨਿਆਣੀ ਹੈ, ਤੇਰਾ ਨਿਕਾਹ ਉਹਦੇ ਨਾਲ ਹੋ ਹੀ ਨਹੀਂ ਸਕਣਾ।" ਨਸੀਰਹ ਨੇ ਕੁਝ ਸੋਚਦੀ ਹੋਈ ਨੇ ਆਖਿਆ ਸੀ।

"ਅੰਮੀ ਜਾਨ, ਤੁਹਾਨੂੰ ਕਿਹਨੇ ਆਖ ਦਿੱਤਾ ਕਿ ਫਾਤਮਾ ਅਜੇ ਨਿਆਣੀ ਹੈ। ਉਹ ਪੂਰੀ ਤਰ੍ਹਾਂ ਗਰਾਓਨ ਅੱਪ ਤੇ ਹੋ ਗਈ ਹੈ, ਹੋਰ ਉਸਨੇ ਕਿਸ ਤਰ੍ਹਾਂ ਹੋਣਾ ਹੈ? ਉਹਦੀ ਏਜ਼ ਸੋਲ੍ਹਾਂ ਸਾਲ ਤੋਂ ਉੱਪਰ ਹੋ ਗਈ ਹੈ। ਤੁਹਾਨੂੰ ਉਹ ਅਜੇ ਨਿਆਣੀ ਹੀ ਲੱਗਦੀ ਹੈ। ਅਸੀਂ ਹੁਣ ਲਾਅ ਮੁਤਾਬਕ ਕੋਰਟ ਮੈਰਿਜ ਕਰ ਸਕਦੇ ਹਾਂ।" ਅਸਗਰ ਨੇ ਆਪਣੀ ਮਾਂ ਨਸੀਰਹ ਨੂੰ ਚੰਗੀ ਤਰ੍ਹਾਂ ਸਮਝਾਉਂਦੇ ਹੋਏ ਨੇ ਆਖਿਆ ਸੀ।

"ਤੂੰ ਉਹਦੇ ਨਾਲ ਕੋਰਟ ਮੈਰਿਜ ਕਿਵੇਂ ਕਰਵਾ ਲਵੇਂਗਾ? ਅਸੀਂ ਤੇਰੇ ਮੈਰਿਜ ਦੇ ਪੇਪਰ ਉੱਪਰ ਸਾਈਨ ਹੀ ਨਹੀਂ ਕਰਨੇ। ਬੱਚੂ ਕਲੈਵਰ ਤਾਂ ਤੂੰ ਬਣਨ ਦੀਆਂ ਬਹੁਤ ਕੋਸ਼ਿਸ਼ਾਂ ਕਰ ਰਿਹਾ ਹੈਂ ਪਰੰਤੂ ਸਾਡੀ ਰਜ਼ਾਮੰਦੀ ਦੇ ਬਿਨਾਂ ਤੂੰ ਕੁਝ ਵੀ ਨਹੀਂ ਕਰ ਸਕਦਾ।" ਨਸੀਰਹ ਨੇ ਖ਼ੁਸ਼ ਹੁੰਦੀ ਹੋਈ ਨੇ ਆਖਿਆ ਸੀ।

"ਫਿਰ ਕੀ ਹੈ ਅੰਮੀ? ਅਸੀਂ ਹੋਰ ਦੋ ਸਾਲ ਵੇਟ ਕਰ ਲਵਾਂਗੇ। ਨਾਲੇ ਸਾਨੂੰ ਕਿਹੜੀ ਅਜੇ ਮੈਰਿਜ ਦੀ ਜ਼ਿਆਦਾ ਕਾਹਲੀ ਹੈ। ਜਦੋਂ ਫਾਤਮਾ ਅਠ੍ਹਾਰਾਂ ਸਾਲਾਂ ਦੀ ਹੋ ਜਾਵੇਗੀ, ਫਿਰ ਤਾਂ ਤੁਸੀਂ ਕੁਝ ਨਹੀਂ ਕਰ ਸਕਦੇ। ਅੰਮੀ ਜਾਨ, ਜੇਕਰ ਤੁਸੀਂ ਸਾਡੇ ਨਾਲ ਜ਼ਿੱਦ ਕਰੋਂਗੇ ਤਾਂ ਅਸੀਂ ਵੀ ਤੁਹਾਡੇ ਨਾਲ ਕੋਈ ਘੱਟ ਨਹੀਂ ਕਰਨੀ। ਜੇਕਰ

ਤੁਸੀਂ ਸਾਡਾ ਕਹਿਣਾ ਮੰਨੋਂਗੇ ਤਾਂ ਅਸੀਂ ਤੁਹਾਡਾ ਕਹਿਣਾ ਮੰਨਣ ਨੂੰ ਤਿਆਰ ਹਾਂ।" ਅਸਗਰ ਨੇ ਮੁਸਕਰਾਉਂਦੇ ਹੋਏ ਨੇ ਨਸੀਰਹ ਨੂੰ ਕਹਿ ਦਿੱਤਾ ਸੀ।

"ਪੁੱਤਰ, ਤੂੰ ਉਸ ਕੁੜੀ ਦਾ ਪਿੱਛਾ ਛੱਡ ਦੇ।"

"ਕਿਉਂ ਛੱਡ ਦੇਵਾਂ?"

"ਕਿਉਂਕਿ ਸਿਆਣੇ ਦਾ ਆਖਿਆ ਬਾਅਦ ਵਿਚ ਪਤਾ ਲੱਗਦਾ ਹੈ।"

"ਭਲਾ ਅੰਮੀ, ਮੈਂ ਕੋਈ ਬੇਬੀ ਥੋੜ੍ਹੀ ਹਾਂ।"

"ਬੇਬੀ ਤਾਂ ਫਿਰ ਵੀ ਕੁਝ ਚੁਸਤ ਹੁੰਦੇ ਹਨ ਪਰੰਤੂ ਤੇਰਾ ਬਰੇਨ ਤਾਂ ਪਤਾ ਨਹੀਂ ਕਾਹਦਾ ਹੈ? ਅੱਲਾਹ ਮੀਆਂ ਤੈਨੂੰ ਸੁਮੱਤ ਦੇਵੇ। ਪਤਾ ਨਹੀਂ ਉਸ ਕੁੜੀ ਨੇ ਤੇਰੇ ਸਿਰ ਕੀ ਪਾਇਆ ਹੋਇਆ ਹੈ, ਜਿਹੜਾ ਤੂੰ ਉਸਦਾ ਖਹਿੜਾ ਨਹੀਂ ਛੱਡਦਾ। ਪੁੱਤਰ, ਸਿਆਣਾ ਬਣ, ਆਪਣੀ ਅੜੀ ਅਜੇ ਵੀ ਛੱਡ ਦੇ। ਮੈਂ ਤੇਰੀ ਦੁਸ਼ਮਣ ਨਹੀਂ, ਤੇਰੇ ਭਲੇ ਲਈ ਹੀ ਤੈਨੂੰ ਆਖਦੀ ਹਾਂ।" ਨਸੀਰਹ ਨੇ ਬੜੇ ਪਿਆਰ ਦੇ ਨਾਲ ਅਸਗਰ ਨੂੰ ਸਮਝਾਉਂਦੀ ਹੋਈ ਨੇ ਆਖਿਆ ਸੀ।

"ਅੰਮੀ ਜਾਨ, ਤੁਸੀਂ ਮੇਰਾ ਭਲਾ ਨਹੀਂ ਕਰਦੇ, ਸਗੋਂ ਤੁਸੀਂ ਤਾਂ ਮੇਰਾ ਦਿਲ ਤੋੜਦੇ ਹੋ। ਤੁਸੀਂ ਮੈਨੂੰ ਹੌਂਸਲਾ ਤੇ ਕੀ ਦੇਣਾ ਹੋਇਆ ਸਗੋਂ ਮੈਨੂੰ ਡੀਪਰੈਸ ਕਰਦੇ ਹੋ।" ਅਸਗਰ ਨੇ ਉਦਾਸ ਹੁੰਦੇ ਹੋਏ ਨੇ ਕਿਹਾ ਸੀ।

"ਪੁੱਤਰ, ਉਹ ਕੁੜੀ ਚੰਗੀ ਨਹੀਂ।"

"ਕਿਉਂ ਨਹੀਂ ਚੰਗੀ?"

"ਕਿਉਂਕਿ ਉਹਦੇ ਵਿਚ ਕੁੜੀਆਂ ਵਾਲਾ ਇਕ ਵੀ ਗੁਣ ਨਹੀਂ।"

"ਤੁਹਾਨੂੰ ਉਹਦੇ ਵਿਚ ਕਿਹੜਾ ਗੁਣ ਨਹੀਂ ਦਿਸਦਾ?"

"ਨਾ ਤਾਂ ਉਸਦੀ ਸ਼ਕਲ ਹੈ ਅਤੇ ਨਾ ਹੀ ਉਹਦੇ ਕੋਲ ਅਕਲ ਹੈ।"

"ਅੰਮੀ ਜਾਨ, ਤੁਹਾਨੂੰ ਕੀ ਪਤਾ ਫਾਤਮਾ ਕਿੰਨੀ ਸਮਾਰਟ ਹੈ? ਉਹਦੇ ਨਾਲ ਦੀ ਸੋਹਣੀ ਕੁੜੀ ਪੂਰੀ ਦੁਨੀਆਂ ਵਿਚ ਨਹੀਂ ਹੋਣੀ।"

"ਸ਼ਕਲ ਨੂੰ ਕੀ ਕਰਨਾ ਹੈ? ਇਨਸਾਨ ਕੋਲ ਅਕਲ ਵੀ ਹੋਣੀ ਚਾਹੀਦੀ ਹੈ। ਉਹ ਕੋਈ ਕੁੜੀ ਹੈ? ਨਿਰੀ ਡੰਗਰ ਹੈ। ਤੇਰੇ ਲਈ ਉਹ ਕੁੜੀ ਹੀ ਰਹਿ ਗਈ ਹੈ? ਕੀ ਗੱਲ ਤੂੰ ਕਿਹੜਾ ਕੁਆਰਾ ਰਹਿ ਚੱਲਿਆ ਏਂ? ਪੁੱਤਰ, ਕੱਲ੍ਹ ਦਾ ਤੇ ਕੋਈ ਪਤਾ ਨਹੀਂ, ਅੱਜ ਤੇਰੇ ਲਈ ਕੁੜੀਆਂ ਦਾ ਕੋਈ ਘਾਟਾ ਨਹੀਂ। ਕੁੜੀਆਂ ਵੀ ਇਕ ਦੂਜੀ ਤੋਂ ਵੱਧ ਕੇ। ਅਜੇ ਤਾਂ ਲੋਕ ਤਰਲੇ ਕਰਦੇ ਫਿਰਦੇ ਹਨ। ਤੇਰਾ ਤਾਂ ਦਿਮਾਗ਼ ਖ਼ਰਾਬ

ਹੈ। ਐਵੇਂ ਚੂਹੀ ਜਿਹੀ ਉੱਤੇ ਡੁੱਲ੍ਹਿਆ ਫਿਰਦਾ ਹੈਂ। ਕੀ ਗੱਲ, ਤੇਰੇ ਕੋਈ ਹੋਰ ਕੁੜੀ ਪਸੰਦ ਨਹੀਂ ਆਉਂਦੀ?"

"ਫਾਤਮਾ ਨੂੰ ਕੀ ਹੋਇਆ? ਕੀ ਉਹ ਕੁੜੀ ਨਹੀਂ?"

"ਪੁੱਤਰ, ਇਨਸਾਨ ਦੀ ਸਿਰਫ਼ ਸੂਰਤ ਹੀ ਨਹੀਂ ਦੇਖੀਦੀ, ਉਸਦਾ ਕਰੈਕਟਰ ਵੀ ਦੇਖਣਾ ਚਾਹੀਦਾ ਹੈ।"

"ਫਾਤਮਾ ਦੇ ਕਰੈਕਟਰ ਨੂੰ ਕੀ ਹੋਇਆ ਹੈ? ਉਹਦੇ ਨਾਲ ਦੀ ਹਾਈ ਕਰੈਕਟਰ ਦੀ ਕੁੜੀ ਤੁਹਾਨੂੰ ਲੱਭਣੀ ਵੀ ਨਹੀਂ, ਐਨੀ ਵਿਚਾਰੀ ਚੰਗੀ ਹੈ।"

"ਮੈਨੂੰ ਉਹਦੇ ਬਾਰੇ ਸਾਰਾ ਕੁਝ ਪਤਾ ਹੈ। ਮੈਂ ਉਹਦੀਆਂ ਕਰਤੂਤਾਂ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ। ਅਜੇ ਤਾਂ ਉਹ ਫੁੱਲ ਭਰ ਹੋ ਕੇ ਕਈ ਫ਼ਰਿੰਡਾਂ ਨਾਲ ਆਵਾਰਾ ਘੁੰਮਦੀ ਫਿਰਦੀ ਹੈ। ਵੱਡੀ ਹੋ ਕੇ ਤਾਂ ਪਤਾ ਨਹੀਂ ਕੀ-ਕੀ ਚੰਦ ਚੜ੍ਹਾਏਗੀ? ਤੂੰ ਕਿਤੇ ਇਹ ਨਾ ਸਮਝੀਂ ਕਿ ਮੈਨੂੰ ਉਸ ਕੁੜੀ ਬਾਰੇ ਕਿਸੇ ਗੱਲ ਦਾ ਪਤਾ ਨਹੀਂ। ਫਿਰ ਮੈਂ ਕਿਵੇਂ ਤੇਰਾ ਰਿਸ਼ਤਾ ਉਥੇ ਕਰਨ ਦੇ ਲਈ ਹਾਂ ਕਰ ਦਿਆਂ?" ਨਸੀਰਹ ਨੇ ਆਪਣੇ ਪੁੱਤਰ ਅਸਗਰ ਨੂੰ ਆਪਣੇ ਦਿਲ ਦੀ ਸੁਣਾ ਦਿੱਤੀ ਸੀ ਅਤੇ ਉਸ ਦਾ ਖ਼ਿਆਲ ਸੀ ਕਿ ਇਹੋ ਜਿਹੀਆਂ ਸੱਚੀਆਂ ਗੱਲਾਂ ਫਾਤਮਾ ਬਾਰੇ ਸੁਣਕੇ ਅਸਗਰ ਆਪਣਾ ਇਰਾਦਾ ਬਦਲ ਲਵੇਗਾ। ਨਸੀਰਹ ਨੂੰ ਫਾਤਮਾ ਦੇ ਬਾਰੇ ਪੂਰੀ ਜਾਣਕਾਰੀ ਮਿਲਦੀ ਰਹਿੰਦੀ ਸੀ। ਫਾਤਮਾ ਦੇ ਗੁਆਂਢ ਵਿਚ ਨਸੀਰਹ ਦੀ ਇਕ ਸਹੇਲੀ ਰਹਿੰਦੀ ਸੀ। ਜਿਸ ਨੇ ਕੁਝ ਸਾਲ ਪਹਿਲਾਂ ਨਸੀਰਹ ਦੇ ਨਾਲ ਇਕੋ ਫਰਮ ਵਿਚ ਕੰਮ ਕੀਤਾ ਸੀ ਪਰੰਤੂ ਬਾਅਦ ਵਿਚ ਉਹ ਉਸ ਸ਼ਹਿਰ ਨੂੰ ਛੱਡ ਕੇ ਦੂਸਰੇ ਸ਼ਹਿਰ ਜਿੱਥੇ ਨਸ਼ੀਰਹ ਦੀ ਭੈਣ, ਫਾਤਮਾ ਦੀ ਮਾਂ, ਰਹਿੰਦੀ ਸੀ, ਚਲੀ ਗਈ ਸੀ।

ਕਈ ਵਾਰ ਨਸੀਰਹ ਆਪਣੀ ਸਹੇਲੀ ਨੂੰ ਟੈਲੀਫ਼ੋਨ ਕਰ ਲਿਆ ਕਰਦੀ ਸੀ ਅਤੇ ਕਈ ਵਾਰ ਉਸਦੀ ਸਹੇਲੀ ਉਸਨੂੰ ਟੈਲੀਫ਼ੋਨ ਕਰ ਦਿਆ ਕਰਦੀ ਸੀ। ਨਸੀਰਹ ਦੀ ਸਹੇਲੀ ਨੂੰ ਫਾਤਮਾ ਦੇ ਬਾਰੇ ਸਾਰਾ ਕੁਝ ਪਤਾ ਸੀ। ਉਸਨੇ ਖ਼ੁਦ ਵੀ ਆਪਣੀਆਂ ਅੱਖਾਂ ਦੇ ਨਾਲ ਫਾਤਮਾ ਨੂੰ ਕਈ ਮੁੰਡਿਆਂ ਦੇ ਨਾਲ ਆਵਾਰਾ ਘੁੰਮਦਿਆਂ ਦੇਖਿਆ ਸੀ। ਜਿਸ ਕਰਕੇ ਨਸੀਰਹ ਨੂੰ ਫਾਤਮਾ ਦੇ ਨਾਲ ਬਹੁਤ ਜ਼ਿਆਦਾ ਨਫ਼ਰਤ ਹੋ ਗਈ ਸੀ। ਇੱਥੋਂ ਤੱਕ ਕਿ ਨਸੀਰਹ ਤਾਂ ਫਾਤਮਾ ਦੀ ਸ਼ਕਲ ਤੱਕ ਦੇਖਣਾ ਵੀ ਪਸੰਦ ਨਹੀਂ ਸੀ ਕਰਦੀ ਅਤੇ ਉਹ ਆਪਣੀਆਂ ਧੀਆਂ ਨੂੰ ਹਮੇਸ਼ਾਂ ਵਰਜਦੀ ਰਹਿੰਦੀ ਸੀ ਕਿ ਉਹ ਫਾਤਮਾ ਦੇ ਨਾਲ ਟੈਲੀਫ਼ੋਨ ਉੱਪਰ ਕੋਈ ਫ਼ਾਲਤੂ ਗੱਲ ਨਾ ਕਰਿਆ ਕਰਨ।

ਨਸੀਰਹ ਦੇ ਦਿਲ ਦੀ ਮੁਰਾਦ ਸੀ ਕਿ ਉਸਦਾ ਪੁੱਤਰ ਅਸਗਰ, ਫਾਤਮਾ ਦੇ ਨਾਲ ਨਿਕਾਹ ਨਾ ਕਰਵਾਵੇ, ਸਗੋਂ ਕਿਸੇ ਹੋਰ ਚੰਗੀ ਲੜਕੀ ਦੇ ਨਾਲ ਨਿਕਾਹ ਕਰਵਾਵੇ ਪਰੰਤੂ ਅਸਗਰ ਆਪਣੀ ਜ਼ਿੱਦ ਉੱਪਰ ਪੂਰਾ ਅੜਿਆ ਹੋਇਆ ਸੀ। ਉਹ ਹਰ ਕੀਮਤ ਉੱਪਰ ਫਾਤਮਾ ਦੇ ਨਾਲ ਨਿਕਾਹ ਕਰਵਾਉਣ ਨੂੰ ਤਿਆਰ ਸੀ। ਨਸੀਰਹ ਅਸਗਰ ਨੂੰ ਇਸ ਪਾਸਿਉਂ ਰੋਕਣ ਦੇ ਲਈ ਹਰ ਕਿਸਮ ਦਾ ਉਪਰਾਲਾ ਵਰਤ ਰਹੀ ਸੀ। ਕਦੇ ਨਸੀਰਹ ਅਸਗਰ ਨੂੰ ਬੜੀ ਨਿਮਰਤਾ ਦੇ ਨਾਲ ਸਮਝਾਉਂਦੀ ਸੀ ਅਤੇ ਉਸਨੂੰ ਪਿਆਰ ਦੇ ਨਾਲ ਮਨਾਉਣ ਦੀ ਕੋਸ਼ਿਸ਼ ਕਰਦੀ ਸੀ ਪਰੰਤੂ ਉਸਨੂੰ ਕਾਮਯਾਬੀ ਹਾਸਲ ਨਹੀਂ ਸੀ ਹੁੰਦੀ। ਅਸਗਰ ਉਸਦੀਆਂ ਗੱਲਾਂ ਵੱਲ ਕੋਈ ਧਿਆਨ ਹੀ ਨਹੀਂ ਸੀ ਦਿੰਦਾ। ਕਈ ਵਾਰ ਨਸੀਰਹ ਉਸਨੂੰ ਧਮਕਾਉਣ ਲੱਗ ਪੈਂਦੀ ਸੀ ਕਿ ਜੇਕਰ ਉਹ ਫਾਤਮਾ ਦਾ ਖਹਿੜਾ ਨਹੀਂ ਛੱਡੇਗਾ ਤਾਂ ਪਰਿਵਾਰ ਦਾ ਕੋਈ ਵੀ ਜੀਅ ਅਸਗਰ ਦੇ ਨਾਲ ਨਹੀਂ ਬੋਲੇਗਾ ਅਤੇ ਉਹ ਉਸਨੂੰ ਹੋਰ ਵੀ ਕਈ ਕਿਸਮ ਦੀਆਂ ਧਮਕੀਆਂ ਦਿੰਦੀ ਰਹਿੰਦੀ ਸੀ ਪਰੰਤੂ ਅਸਗਰ ਦਾ ਇਰਾਦਾ ਅਡੋਲ ਸੀ। ਉਹ ਆਪਣੇ ਫ਼ੈਸਲੇ ਤੋਂ ਇੱਕ ਇੰਚ ਵੀ ਨਹੀਂ ਸੀ ਹਿੱਲਦਾ। ਦੁਖੀ ਹੋ ਕੇ ਕਈ ਵਾਰ ਨਸੀਰਹ ਗੁੱਸੇ ਵਿਚ ਆਣ ਕੇ ਅਸਗਰ ਨੂੰ ਝਿੜਕਣਾ ਸ਼ੁਰੂ ਕਰ ਦਿੰਦੀ ਸੀ ਪਰੰਤੂ ਅਸਗਰ ਢੀਠ ਬਣ ਚੁੱਕਾ ਸੀ। ਨਸੀਰਹ ਦੀਆਂ ਝਿੜਕਾਂ ਦਾ ਵੀ ਉਸ ਉੱਪਰ ਕੋਈ ਅਸਰ ਨਹੀਂ ਸੀ ਹੁੰਦਾ। ਅਖ਼ੀਰ ਜ਼ਿਆਦਾ ਦੁਖੀ ਹੋ ਕੇ ਨਸੀਰਹ ਨੇ ਇਕ ਹੋਰ ਤਰੀਕਾ ਵਰਤਿਆ ਸੀ। ਉਸਨੇ ਉੱਚੀ-ਉੱਚੀ ਆਵਾਜ਼ ਵਿਚ ਰੋ-ਰੋ ਕੇ ਅਸਗਰ ਅੱਗੇ ਹੱਥ ਜੋੜ-ਜੋੜ ਕੇ ਉਸਦੀਆਂ ਬੜੀਆਂ ਮਿੰਨਤਾਂ ਕੀਤੀਆਂ ਸੀ, ਉਸਦੇ ਬੜੇ ਤਰਲੇ ਕੀਤੇ ਸਨ, ਉਸਦੇ ਪੈਰੀਂ ਹੱਥ ਲਾਉਣ ਤੱਕ ਵੀ ਗਈ ਸੀ ਪਰੰਤੂ ਇਹਨਾਂ ਸਾਰੀਆਂ ਚੀਜ਼ਾਂ ਦਾ ਵੀ ਅਸਗਰ ਦੇ ਮਨ ਉੱਪਰ ਕੋਈ ਪ੍ਰਭਾਵ ਨਹੀਂ ਸੀ ਪਿਆ। ਅਸਗਰ ਇਕੋ ਰੱਟ ਹੀ ਲਗਾਈ ਜਾਂਦਾ ਸੀ ਕਿ ਉਸਦੀ ਮੈਰਿਜ ਫਾਤਮਾ ਦੇ ਨਾਲ ਹੀ ਹੋਵੇਗੀ, ਕਿਸੇ ਹੋਰ ਕੁੜੀ ਦੇ ਨਾਲ ਨਹੀਂ ਹੋਵੇਗੀ।

# 3

ਨਸੀਰਹ ਨੇ ਅਸਗਰ ਨੂੰ ਬੜੇ-ਬੜੇ ਡਰਾਵੇ ਵੀ ਦਿੱਤੇ ਸਨ ਕਿ ਜੇਕਰ ਉਹ ਉਸਦਾ ਕਹਿਣਾ ਨਹੀਂ ਮੰਨੇਗਾ ਤਾਂ ਉਹ ਜਾਂ ਤਾਂ ਜ਼ਹਿਰ ਖਾ ਕੇ ਆਤਮ-ਹੱਤਿਆ ਕਰ ਲਵੇਗੀ ਜਾਂ ਫਿਰ ਗੱਡੀ ਥੱਲੇ ਆ ਕੇ ਮਰ ਜਾਏਗੀ। ਇਹਨਾਂ ਗੱਲਾਂ ਦਾ ਵੀ ਅਸਗਰ ਉੱਪਰ ਕੋਈ ਅਸਰ ਨਹੀਂ ਸੀ ਹੋਇਆ।

ਕਈ ਦਿਨਾਂ ਤੱਕ ਘਰ ਵਿਚ ਕਲੇਸ਼ ਹੁੰਦਾ ਰਿਹਾ ਸੀ। ਨਸੀਰਹ ਨੇ ਆਪਣੇ ਆਪ ਨੂੰ ਬੜੇ ਤਸੀਹੇ ਵੀ ਦਿੱਤੇ ਸਨ। ਉਹ ਕਈ-ਕਈ ਡੰਗ ਭੁੱਖੀ ਵੀ ਰਹੀ ਸੀ ਅਤੇ ਉਸਨੇ ਰੋਟੀ ਵੀ ਨਹੀਂ ਖਾਧੀ ਸੀ। ਨਸੀਰਹ ਨੇ ਅੱਲਾਹ ਅੱਗੇ ਬੜੀਆਂ ਦੁਆਵਾਂ ਵੀ ਕੀਤੀਆਂ ਸਨ ਉਹ ਜਦੋਂ ਵੀ ਨਮਾਜ਼ ਪੜ੍ਹਦੀ ਸੀ, ਖ਼ੁਦਾ ਅੱਗੇ ਇਹੀ ਦੁਆ ਕਰਿਆ ਕਰਦੀ ਸੀ ਕਿ ਉਸਦਾ ਪੁੱਤਰ ਅਸਗਰ ਕਿਸੇ ਨਾ ਕਿਸੇ ਤਰ੍ਹਾਂ ਫਾਤਮਾ ਦੇ ਜਾਲ ਵਿਚੋਂ  ਬਾਹਰ ਨਿਕਲੇ ਅਤੇ ਉਸਦਾ ਨਿਕਾਹ ਕਿਸੇ ਹੋਰ ਕੁੜੀ ਦੇ ਨਾਲ ਹੋ ਜਾਵੇ। ਘਰ ਵਿਚ ਜ਼ਿਆਦਾ ਜ਼ੋਰ ਨਸੀਰਹ ਅਤੇ ਅਸਗਰ ਦਾ ਹੀ ਲੱਗ ਰਿਹਾ ਸੀ। ਮੁਹੰਮਦ ਅਜ਼ੀਜ਼ ਚਾਹੇਕਿ ਮਨੋਂ ਨਸੀਰਹ ਦੇ ਵੱਲ ਸੀ ਪਰੰਤੂ ਫਿਰ ਵੀ ਉਸਨੇ ਇਸ ਮਾਮਲੇ ਵਿਚ ਬਹੁਤਾ ਦਖ਼ਲ ਨਹੀਂ ਸੀ ਦਿੱਤਾ। ਫਿਰ ਵੀ ਉਸਨੇ ਚੰਗੇ ਤਰੀਕੇ ਦੇ ਨਾਲ ਅਸਗਰ ਨੂੰ ਕਈ ਵਾਰ ਸਮਝਾਉਣ ਦੀ ਕੋਸ਼ਿਸ਼ ਜ਼ਰੂਰ ਕੀਤੀ ਸੀ ਪਰੰਤੂ ਅਸਗਰ ਨੇ ਆਪਣੇ ਅੱਬਾ ਨੂੰ ਸਾਫ਼ ਕਹਿ ਦਿੱਤਾ ਸੀ ਕਿ ਉਸਦਾ ਨਿਕਾਹ ਫਾਤਮਾ ਦੇ ਨਾਲ ਹੀ ਹੋਵੇਗਾ। ਬਾਨੋਂ ਅਤੇ ਜ਼ੁਲੈਖਾਂ ਵੀ ਇਸ ਮਾਮਲੇ ਵਿਚ ਬਹੁਤਾ ਦਖ਼ਲ ਨਹੀਂ ਸੀ ਦੇ ਰਹੀਆਂ ਪਰੰਤੂ ਫਿਰ ਵੀ ਉਹ ਦਿਲੋਂ ਅਸਗਰ ਦਾ ਸਾਥ ਦੇ ਰਹੀਆਂ ਸਨ। ਅਸਗਰ ਦਾ ਸਾਥ ਉਹ ਇਸ ਕਰਕੇ ਨਹੀਂ ਸੀ ਦੇ ਰਹੀਆਂ ਕਿ ਫਾਤਮਾ ਉਹਨਾਂ ਦੇ ਪਸੰਦ ਸੀ। ਉਹ ਤਾਂ ਸਿਰਫ਼ ਇਸ ਮਾਮਲੇ ਨੂੰ ਅਸਗਰ ਦਾ ਨਿੱਜੀ ਮਾਮਲਾ ਹੀ ਸਮਝਦੀਆਂ ਸਨ। ਇਸ ਵਿਚ ਜ਼ਿਆਦਾ ਦਖ਼ਲ ਦੇਣਾ ਉਹ ਚੰਗਾ ਨਹੀਂ ਸੀ ਸਮਝਦੀਆਂ ਪਰੰਤੂ ਫਿਰ ਵੀ ਉਹਨਾਂ ਨੇ ਆਪਣੀ ਮਾਂ ਨੂੰ ਆਖਿਆ ਸੀ ਕਿ ਜੇਕਰ ਅਸਗਰ ਫਾਤਮਾ ਦੇ ਨਾਲ ਹੀ ਨਿਕਾਹ ਕਰਵਾਉਣਾ ਚਾਹੁੰਦਾ ਸੀ ਤਾਂ ਉਸਨੂੰ ਰੋਕਣਾ ਨਹੀਂ ਸੀ ਚਾਹੀਦਾ ਕਿਉਂਕਿ ਅਸਗਰ ਨੂੰ ਆਪਣੀ ਜ਼ਿੰਦਗੀ ਬਾਰੇ ਖ਼ੁਦ ਸੋਚਣਾ ਚਾਹੀਦਾ  ਸੀ ਪਰੰਤੂ ਆਪਣੀਆਂ ਧੀਆਂ ਦੀ ਇਸ ਗੱਲ ਦਾ ਉਸਨੇ ਬਹੁਤ ਬੁਰਾ ਮਨਾਇਆ ਸੀ ਅਤੇ ਉਸਨੇ ਉਹਨਾਂ ਨੂੰ ਝਿੜਕਾਂ ਵੀ ਦਿੱਤੀਆਂ ਸਨ ਅਤੇ ਅੱਗੇ ਤੋਂ ਇਸ ਤਰ੍ਹਾਂ ਕਹਿਣ ਤੋਂ ਵਰਜ ਵੀ ਦਿੱਤਾ ਸੀ।

ਅਸਗਰ ਨੇ ਆਪਣੇ ਘਰਦਿਆਂ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਸਨੇ ਆਪਣੇ ਮਾਂ-ਪਿਉ ਨੂੰ ਸਾਫ਼ ਸ਼ਬਦਾਂ ਵਿਚ ਆਖ ਦਿੱਤਾ ਸੀ ਕਿ ਜੇਕਰ ਉਹ ਉਸਦਾ ਨਿਕਾਹ ਫਾਤਮਾ ਦੇ ਨਾਲ ਨਹੀਂ ਕਰਨਗੇ ਤਾਂ ਉਹ ਘਰੋਂ ਦੌੜ ਜਾਵੇਗਾ। ਉਸਨੇ ਉਹਨਾਂ ਨੂੰ ਹੋਰ ਵੀ ਕਈ ਕਿਸਮ ਦੇ ਡਰਾਵੇ ਦੇਣੇ ਸ਼ੁਰੂ ਕਰ ਦਿੱਤੇ ਸਨ ਕਿ ਜੇਕਰ ਉਸਦੀ ਮੈਰਿਜ ਫਾਤਮਾ ਦੇ ਨਾਲ ਨਾ ਹੋਈ ਤਾਂ ਉਹ ਖ਼ੁਦਕੁਸ਼ੀ ਕਰ ਲਵੇਗਾ। ਜਦੋਂ ਨਸੀਰਹ ਅਸਗਰ ਦੇ ਮੂੰਹੋਂ ਇਹੋ ਜਿਹੇ ਵਾਕ ਸੁਣਦੀ ਸੀ ਤਾਂ ਉਸਦਾ ਦਿਲ ਕੰਬਣ ਲੱਗ ਪੈਂਦਾ ਸੀ। ਉਸਦਾ ਆਪਣਾ ਗੁੱਸਾ ਇਕਦਮ ਸ਼ਾਂਤ ਹੋ ਜਾਂਦਾ ਸੀ ਅਤੇ ਫਿਰ ਉਹ ਚੁੱਪ ਧਾਰਣ ਕਰ ਲੈਂਦੀ ਸੀ। ਕਈ ਵਾਰ ਜਦੋਂ ਨਸੀਰਹ ਦੇ ਮਨ ਵਿਚ ਇਹੋ ਜਿਹੇ ਵਿਚਾਰ ਆਉਂਦੇ ਸਨ ਤਾਂ ਉਹ ਬਹੁਤ ਹੀ ਜ਼ਿਆਦਾ ਉਦਾਸ ਹੋ ਜਾਂਦੀ ਸੀ। ਨਸੀਰਹ ਨੂੰ ਕਈ ਵਾਰ ਡਰਾਵਣੇ ਸੁਪਨੇ ਵੀ ਆਉਣ ਲੱਗ ਪੈਂਦੇ ਸਨ। ਰਾਤ ਨੂੰ ਉਹ ਕਈ ਵਾਰ ਡਰ ਕੇ ਸੁੱਤੀ-ਸੁੱਤੀ ਉੱਠ ਕੇ ਬੈਠ ਵੀ ਜਾਂਦੀ ਸੀ। ਉਸਦਾ ਮਨ ਪਤਾ ਨਹੀਂ ਹਰ ਦਮ ਕਿਉਂ ਸਹਿਮਿਆ-ਸਹਿਮਿਆ ਜਿਹਾ ਰਹਿੰਦਾ ਸੀ ? ਉਸਨੂੰ ਅਸਗਰ ਬਾਰੇ ਚਿੰਤਾ ਵੱਢ-ਵੱਢ ਕੇ ਖਾਂਦੀ  ਸੀ ਚਾਹੇਕਿ ਉਹ ਉਪਰਲੇ ਮਨੋਂ ਉਹਦੇ ਨਾਲ ਲੜ ਝਗੜ ਵੀ ਲੈਂਦੀ ਸੀ ਪਰੰਤੂ ਫਿਰ ਵੀ ਉਸਦਾ ਮਨ ਅਸਗਰ ਦੇ ਲਈ ਮਮਤਾ ਦੇ ਨਾਲ ਭਰਿਆ ਹੋਇਆ ਸੀ। ਉਹ ਦਿਲੋਂ ਅਸਗਰ ਨੂੰ ਬਹੁਤ ਹੀ ਜ਼ਿਆਦਾ ਮੋਹ ਪਿਆਰ ਕਰਦੀ ਸੀ ਪਰੰਤੂ ਫਿਰ ਵੀ ਉਹ ਅਸਗਰ ਦਾ ਨਿਕਾਹ ਫਾਤਮਾ ਦੇ ਨਾਲ ਨਹੀਂ ਸੀ ਹੋਣ ਦੇਣਾ ਚਾਹੁੰਦੀ। ਫਾਤਮਾ ਚਾਹੇਕਿ ਉਸਦੀ ਆਪਣੀ ਸਕੀ ਭੈਣ ਦੀ ਧੀ ਸੀ ਫਿਰ ਵੀ ਫਾਤਮਾ ਨਸੀਰਹ ਦੇ ਦਿਲੋਂ ਲੱਥ ਚੁੱਕੀ ਸੀ। ਨਸੀਰਹ ਫਾਤਮਾ ਨੂੰ ਬਹੁਤ ਹੀ ਜ਼ਿਆਦਾ ਨਫ਼ਰਤ ਕਰਦੀ ਸੀ। ਉਸਨੂੰ ਫਾਤਮਾ ਉੱਪਰ ਬਹੁਤ ਹੀ ਜ਼ਿਆਦਾ ਗੁੱਸਾ ਆਉਂਦਾ ਸੀ ਅਤੇ ਕਈ ਵਾਰ ਜਦੋਂ ਉਸਦੇ ਮਨ ਵਿਚ ਫਾਤਮਾ ਦਾ ਕੋਈ ਖ਼ਿਆਲ ਆਉਂਦਾ ਸੀ ਤਾਂ ਉਸਦਾ ਜੀਅ ਕਰਿਆ ਕਰਦਾ ਸੀ ਕਿ ਉਹ ਫਾਤਮਾ ਨੂੰ ਗੋਲੀ ਮਾਰ ਕੇ ਜਾਨੋਂ ਮਾਰ ਦੇਵੇ।

ਉਹਨਾਂ ਦੇ ਘਰ ਇਹ ਝਗੜਾ ਕਈ ਮਹੀਨਿਆਂ ਤੱਕ ਚਲਦਾ ਰਿਹਾ ਸੀ। ਅਖ਼ੀਰ ਵਿਚ ਅਸਗਰ ਨੂੰ ਜਿੱਤ ਹਾਸਲ ਹੋਈ ਸੀ। ਉਸਦੇ ਘਰਦਿਆਂ ਨੇ ਉਸਦਾ ਨਿਕਾਹ ਫਾਤਮਾ ਦੇ ਨਾਲ ਕਰਵਾਉਣਾ ਮੰਨ ਲਿਆ ਸੀ। ਨਸੀਰਹ ਨੂੰ ਆਪਣੀ ਜ਼ਿੱਦ ਛੱਡਣੀ ਪਈ ਸੀ ਚਾਹੇਕਿ ਉਹ ਦਿਲੋਂ ਫਿਰ ਵੀ ਅਸਗਰ ਦਾ ਨਿਕਾਹ ਫਾਤਮਾ ਦੇ ਨਾਲ ਕਰਨਾ ਨਹੀਂ ਸੀ ਚਾਹੁੰਦੀ। ਨਸੀਰਹ ਨੂੰ ਨਿਰਾਸ਼ਤਾ ਦਾ ਸਾਹਮਣਾ ਕਰਨਾ ਪਿਆ ਸੀ ਫਿਰ ਵੀ ਉਸਨੇ ਪੁੱਤਰ ਦੀ ਹਾਂ ਵਿਚ ਹਾਂ ਮਿਲਾ ਦਿੱਤੀ ਸੀ। ਜਦੋਂ ਤੋਂ

ਨਸੀਰਹ ਅਸਗਰ ਦਾ ਨਿਕਾਹ ਫਾਤਮਾ ਦੇ ਨਾਲ ਕਰਨ ਨੂੰ ਸਹਿਮਤ ਹੋਈ ਸੀ। ਉਦੋਂ ਤੋਂ ਅਸਗਰ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ ਰਿਹਾ। ਉਹ ਬਹੁਤ ਹੀ ਜ਼ਿਆਦਾ ਪ੍ਰਸੰਨ ਸੀ। ਫਾਤਮਾ ਦੇ ਘਰ ਦੇ ਤਾਂ ਪਹਿਲਾਂ ਹੀ ਦਿਲੋਂ ਫਾਤਮਾ ਦਾ ਨਿਕਾਹ ਅਸਗਰ ਦੇ ਨਾਲ ਕਰਨਾ ਚਾਹੁੰਦੇ ਸਨ। ਜਿਹਨਾਂ ਮਾਪਿਆਂ ਨੂੰ ਅਸਗਰ ਵਰਗਾ ਸੋਹਣਾ ਸੁਨੱਖਾ, ਚੰਗੀ ਸਿਹਤ ਵਾਲਾ, ਚੰਗੇ ਖ਼ਾਨਦਾਨ ਵਾਲਾ ਅਤੇ ਚੰਗੀ ਆਰਥਿਕ ਹਾਲਤ ਵਾਲਾ, ਧੀ ਦੇ ਲਈ ਵਰ ਮਿਲ ਸਕਦਾ ਸੀ। ਉਹਨਾਂ ਨੂੰ ਰੱਬੋਂ ਹੋਰ ਕੀ ਚਾਹੀਦਾ ਸੀ ? ਫਾਤਮਾ ਖ਼ੁਦ ਵੀ ਅਸਗਰ ਦੇ ਨਾਲ ਨਿਕਾਹ ਕਰਵਾਉਣ ਵਿਚ ਬੜੀ ਖ਼ੁਸ਼ ਸੀ।

ਅਸਗਰ ਅਤੇ ਫਾਤਮਾ ਦੀ ਕੋਰਟ ਮੈਰਿਜ ਦੇ ਕਾਗਜ਼ ਭਰ ਦਿੱਤੇ ਗਏ ਸਨ ਕਿਉਂਕਿ ਫਾਤਮਾ ਦੀ ਉਮਰ ਅਠ੍ਹਾਰਾਂ ਸਾਲ ਤੋਂ ਘੱਟ ਸੀ। ਇਸ ਲਈ ਫਾਤਮਾ ਦੇ ਮਾਂ-ਪਿਉ ਨੂੰ ਅਤੇ ਅਸਗਰ ਦੇ ਮਾਂ-ਪਿਉ ਨੂੰ ਉਹਨਾਂ ਦੀ ਕੋਰਟ ਮੈਰਿਜ ਦੀ ਰਜ਼ਾਮੰਦੀ ਦੇ ਪੇਪਰ ਉੱਪਰ ਦਸਤਖ਼ਤ ਕਰਨੇ ਪਏ ਸਨ। ਨਸੀਰਹ ਨੇ ਚਾਹੇਕਿ ਆਪਣੇ ਦਸਤਖ਼ਤ ਕਰ ਦਿੱਤੇ ਸਨ ਪਰੰਤੂ ਦਿਲੋਂ ਉਹ ਇਸ ਮੈਰਿਜ ਦੇ ਲਈ ਸਹਿਮਤ ਨਹੀਂ ਸੀ। ਉਸਨੂੰ ਮਜਬੂਰਨ ਇਹ ਕੌੜਾ ਘੁੱਟ ਭਰਨਾ ਪਿਆ ਸੀ।

ਅਦਾਲਤ ਨੇ ਦੋਹਾਂ ਪਰਿਵਾਰਾਂ ਨੂੰ ਮੈਰਿਜ ਦੀ ਤਾਰੀਖ਼ ਦੇਣ ਦੇ ਲਈ ਬੁਲਾ ਲਿਆ ਸੀ ਅਤੇ ਸਾਰਿਆਂ ਦੀ ਸਲਾਹ ਦੇ ਨਾਲ ਮੈਰਿਜ ਦਾ ਇਕ ਦਿਨ ਨਿਯਤ ਕੀਤਾ ਗਿਆ ਸੀ। ਜਿਉਂ-ਜਿਉਂ ਮੈਰਿਜ ਦਾ ਦਿਨ ਹੋਰ ਨੇੜੇ ਆਈ ਜਾਂਦਾ ਸੀ, ਅਸਗਰ ਦੀ ਫਾਤਮਾ ਦੇ ਲਈ ਬੇਸਬਰੀ ਹੋਰ ਵੀ ਜ਼ਿਆਦਾ ਵੱਧਦੀ ਜਾ ਰਹੀ ਸੀ। ਅਸਗਰ ਨੇ ਫਾਤਮਾ ਨੂੰ ਹੋਰ ਵੀ ਜ਼ਿਆਦਾ ਟੈਲੀਫ਼ੋਨ ਕਰਨੇ ਸ਼ੁਰੂ ਕਰ ਦਿੱਤੇ ਸਨ। ਉਸਦਾ ਜੀਅ ਕਰਦਾ ਸੀ ਕਿ ਉਸਦਾ ਫਾਤਮਾ ਦੇ ਨਾਲ ਨਿਕਾਹ ਇਕਦਮ ਹੋ ਜਾਵੇ। ਉਸਨੂੰ ਕੁਝ ਦਿਨਾਂ ਦਾ ਵਕਫ਼ਾ ਸਦੀਆਂ ਵਰਗਾ ਲੰਬਾ ਲੱਗ ਰਿਹਾ ਸੀ। ਅਸਗਰ ਫਾਤਮਾ ਨੂੰ ਹੋਰ ਵੀ ਜ਼ਿਆਦਾ ਯਾਦ ਕਰਨ ਲੱਗ ਪਿਆ ਸੀ। ਉਸਦੀਆਂ ਅੱਖਾਂ ਅੱਗੇ ਹਰ ਦਮ ਫਾਤਮਾ ਦਾ ਮੁਸਕਰਾਉਂਦਾ ਹੋਇਆ ਮੁਖੜਾ ਘੁੰਮਦਾ ਹੀ ਰਹਿੰਦਾ ਸੀ। ਉਸਨੂੰ ਜਦੋਂ ਕਿਤੇ ਇਕੱਲੇ ਨੂੰ ਫਾਤਮਾ ਦੀ ਕੋਈ ਗੱਲ ਯਾਦ ਆ ਜਾਂਦੀ ਸੀ। ਉਹ ਫਿਰ ਇਕੱਲਾ ਹੀ ਆਪਣੇ ਆਪ ਮੁਸਕਰਾਉਣ ਲੱਗ ਪੈਂਦਾ ਸੀ। ਫਾਤਮਾ ਦੇ ਨਾਲ ਵਿਆਹੁਤਾ ਜ਼ਿੰਦਗੀ ਬਿਤਾਉਣ ਬਾਰੇ, ਉਸਨੇ ਬਹੁਤ ਸਾਰੇ ਸੁਪਨੇ ਲਏ ਸਨ।

ਇਕ-ਇਕ ਦਿਨ ਗਿਣਦਿਆਂ ਅਸਗਰ ਦੀ ਫਾਤਮਾ ਦੇ ਨਾਲ ਕੋਰਟ ਮੈਰਿਜ ਦਾ ਦਿਨ ਆ ਗਿਆ ਸੀ। ਅਸਗਰ ਕੋਟ ਪੈਂਟ ਵਿਚ ਬਹੁਤ ਹੀ ਜ਼ਿਆਦਾ ਫੱਬ ਰਿਹਾ ਸੀ ਅਤੇ ਉਸਨੇ ਟਾਈ ਵੀ ਲਾਈ ਹੋਈ ਸੀ। ਫਾਤਮਾ ਗੁਲਾਬੀ ਰੰਗ ਦੇ ਜੈਂਪਰ ਸਲਵਾਰ ਵਿਚ ਪਰੀਆਂ ਵਰਗੀ ਸੋਹਣੀ ਨਜ਼ਰ ਆ ਰਹੀ ਸੀ। ਉਸਦਾ ਬਹੁਤ ਹੀ ਜ਼ਿਆਦਾ ਮੇਕ-ਅੱਪ ਕੀਤਾ ਹੋਇਆ ਸੀ, ਜਿਸ ਨਾਲ ਉਸ ਦੀ ਸੁੰਦਰਤਾ ਵਿਚ ਹੋਰ ਵੀ ਕਈ ਗੁਣਾਂ ਵਾਧਾ ਹੋ ਰਿਹਾ ਸੀ। ਦੋਹਾਂ ਦੀ ਜੋੜੀ ਬਹੁਤ ਹੀ ਫੱਬ ਰਹੀ ਸੀ। ਅਸਗਰ ਅਤੇ ਫਾਤਮਾ ਦੇ ਘਰਦਿਆਂ ਨੇ ਆਪਣੇ-ਆਪਣੇ ਸਾਰੇ ਸਾਕ-ਸਬੰਧੀਆਂ ਅਤੇ ਹੋਰ ਵਾਕਫ਼ੀਅਤ ਵਾਲੇ ਲੋਕਾਂ ਨੂੰ ਮੈਰਿਜ ’ਤੇ ਪਹੁੰਚਣ ਦਾ ਸੱਦਾ ਦਿੱਤਾ ਸੀ। ਇਸ ਲਈ ਕੋਰਟ ਮੈਰਿਜ ਵਿਚ ਸ਼ਾਮਲ ਹੋਣ ਦੇ ਲਈ ਲੋਕਾਂ ਦੀ ਭੀੜ ਲੱਗ ਗਈ ਸੀ। ਉਹਨਾਂ ਨੇ ਮੈਰਿਜ ਦੀ ਮੂਵੀ ਬਣਾਉਣ ਦਾ ਵੀ ਪ੍ਰਬੰਧ ਕੀਤਾ ਹੋਇਆ ਸੀ। ਕੈਮਰਿਆਂ ਦੇ ਨਾਲ ਉਹਨਾਂ ਦੀਆਂ ਤਸਵੀਰਾਂ ਵੀ ਖਿੱਚੀਆਂ ਜਾ ਰਹੀਆਂ ਸਨ। ਅਸਗਰ ਨੇ ਫਾਤਮਾ ਦਾ ਹੱਥ ਆਪਣੇ ਹੱਥ ਵਿਚ ਫੜਿਆ ਹੋਇਆ ਸੀ। ਦੋਵੇਂ ਬਹੁਤ ਜ਼ਿਆਦਾ ਖ਼ੁਸ਼ ਨਜ਼ਰ ਆ ਰਹੇ ਸਨ ਅਤੇ ਉਹ ਦੋਵੇਂ ਇਕ ਦੂਸਰੇ ਵੱਲ ਦੇਖ-ਦੇਖ ਕੇ ਮੁਸਕਰਾ ਰਹੇ ਸਨ।

ਅਦਾਲਤ ਦੇ ਜੱਜ ਦੇ ਸਾਹਮਣੇ ਪਹਿਲਾਂ ਅਸਗਰ ਨੇ ਦਸਤਖ਼ਤ ਕੀਤੇ ਸਨ ਅਤੇ ਫਿਰ ਫਾਤਮਾ ਨੇ ਦਸਤਖ਼ਤ ਕੀਤੇ ਸਨ। ਉਹਨਾਂ ਤੋਂ ਬਾਅਦ ਫਿਰ ਅਸਗਰ ਦੇ ਮਾਂ-ਪਿਉ ਦੇ ਕੋਲੋਂ ਦਸਤਖ਼ਤ ਕਰਵਾਏ ਗਏ ਸਨ ਅਤੇ ਫਿਰ ਫਾਤਮਾ ਦੇ ਮਾਂ-ਪਿਉ ਦੇ ਕੋਲੋਂ ਦਸਤਖ਼ਤ ਕਰਵਾਏ ਗਏ ਸਨ। ਜੱਜ ਨੇ ਆਪਣੇ ਭਾਸ਼ਣ ਵਿਚ ਆਖਿਆ ਸੀ ਕਿ ਉਹ ਦੋਵੇਂ ਆਉਣ ਵਾਲੇ ਸਮੇਂ ਵਿਚ ਇਕ ਦੂਜੇ ਨੂੰ ਹੋਰ ਵੀ ਜ਼ਿਆਦਾ ਪਿਆਰ ਕਰਨ ਅਤੇ ਇਕ ਦੂਸਰੇ ਨੂੰ ਪੂਰਾ ਸਹਿਯੋਗ ਦੇਣ ਅਤੇ ਇਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਣ ਦੀ ਕੋਸ਼ਿਸ਼ ਕਰਨ। ਜੱਜ ਨੇ ਜੋੜੀ ਨੂੰ ਆਪਣੀਆਂ ਸ਼ੁਭ ਇੱਛਾਵਾਂ ਭੇਂਟ ਕੀਤੀਆਂ ਸਨ ਅਤੇ ਜਿਸ ਬਦਲੇ ਅਸਗਰ ਅਤੇ ਫਾਤਮਾ, ਦੋਹਾਂ ਨੇ ਹੀ ਜੱਜ ਦਾ ਧੰਨਵਾਦ ਕੀਤਾ ਸੀ। ਅਖ਼ੀਰ ਵਿਚ ਜੱਜ ਨੇ ਅਸਗਰ ਨੂੰ ਮੈਰਿਜ ਦੇ ਸਰਟੀਫਿਕੇਟ ਫੜਾ ਦਿੱਤੇ ਸਨ ਅਤੇ ਉਹਦੇ ਨਾਲ ਹੱਥ ਮਿਲਾਇਆ ਸੀ। ਉਹਨਾਂ ਦੀ ਕੋਰਟ ਮੈਰਿਜ ਦਾ ਕੰਮ ਮੁਕੰਮਲ ਹੋ ਚੁੱਕਾ ਸੀ। ਕੋਰਟ ਮੈਰਿਜ ਵਿਚ ਜਿੰਨੇ ਵੀ ਲੋਕ ਸ਼ਾਮਲ ਹੋਏ ਸਨ ਫਿਰ ਉਹਨਾਂ ਸਾਰਿਆਂ ਨੂੰ ਖਾਣੇ ਦੀ ਦਾਅਵਤ ਦਿੱਤੀ ਗਈ ਸੀ। ਖਾਣਾ ਖਵਾਉਣ ਦਾ ਇੰਤਜ਼ਾਮ ਇਕ ਹੋਟਲ ਵਿਚ ਕੀਤਾ ਗਿਆ ਸੀ। ਜਿੱਥੇ ਵੱਖਰੀ-ਵੱਖਰੀ ਕਿਸਮ ਦੇ ਅੰਗਰੇਜ਼ੀ ਅਤੇ ਪਾਕਿਸਤਾਨੀ ਬੜੇ-ਬੜੇ ਵਧੀਆ ਸਵਾਦੀ

ਖਾਣਿਆਂ ਦਾ ਪ੍ਰਬੰਧ ਕੀਤਾ ਗਿਆ ਸੀ। ਸਾਰੇ ਲੋਕਾਂ ਨੂੰ ਫਿਰ ਕਾਰਾਂ ਵਿਚ ਬਿਠਾ ਕੇ ਇਕ ਹੋਟਲ ਵਿਚ ਪਹੁੰਚਾਇਆ ਗਿਆ ਸੀ। ਜਿੱਥੇ ਖਾਣਾ ਖਵਾਉਣ ਦਾ ਪ੍ਰਬੰਧ ਕੀਤਾ ਗਿਆ ਸੀ। ਸਾਰੇ ਲੋਕਾਂ ਨੇ ਅਸਗਰ ਅਤੇ ਫਾਤਮਾ ਨੂੰ ਮੈਰਿਜ ਦੀਆਂ ਮੁਬਾਰਕਾਂ ਦਿੱਤੀਆਂ ਸਨ ਅਤੇ ਉਹਨਾਂ ਦੋਹਾਂ ਨੇ ਬੜੀ ਨਿਮਰਤਾ ਦੇ ਨਾਲ ਆਪਣੇ ਸਿਰ ਝੁਕਾ ਕੇ ਸਾਰੇ ਲੋਕਾਂ ਦਾ ਧੰਨਵਾਦ ਕੀਤਾ ਸੀ।

ਲੋਕਾਂ ਦੀ ਭੀੜ ਦੇ ਨਾਲ ਹੋਟਲ ਵਿਚ ਬਹੁਤ ਸਾਰੀ ਰੌਣਕ ਹੋ ਗਈ ਸੀ। ਸਾਰੇ ਲੋਕਾਂ ਨੂੰ ਭੋਜਨ ਵਰਤਾਇਆ ਗਿਆ ਸੀ। ਖਾਣੇ ਦੇ ਨਾਲ ਕੁਝ ਖ਼ਾਸ-ਖ਼ਾਸ ਮਹਿਮਾਨਾਂ ਨੂੰ ਸ਼ਰਾਬ ਪਿਲਾਉਣ ਦਾ ਇੰਤਜ਼ਾਮ ਵੀ ਕੀਤਾ ਗਿਆ ਸੀ। ਖਾਣਾ ਖਾਣ ਤੋਂ ਬਾਅਦ ਕੁਝ ਕੁੜੀਆਂ ਮੁੰਡਿਆਂ ਨੇ ਥੋੜ੍ਹੀ ਦੇਰ ਦੇ ਲਈ ਡਾਂਸ ਵੀ ਕੀਤਾ ਸੀ। ਜਿਸਨੂੰ ਦੇਖ ਕੇ ਕੁਝ ਅਧਖੜ ਉਮਰ ਦੇ ਮਰਦਾਂ ਨੇ ਵੀ ਨੱਚਣਾ ਟੱਪਣਾ ਸ਼ੁਰੂ ਕਰ ਦਿੱਤਾ ਸੀ ਭਾਵੇਂਕਿ ਉਹਨਾਂ ਨੂੰ ਨੱਚਣਾ ਨਹੀਂ ਸੀ ਆਉਂਦਾ। ਹਰ ਇਕ ਦੇ ਚਿਹਰੇ ਉੱਪਰ ਖੇੜਾ ਨੱਚ ਰਿਹਾ ਸੀ ਅਤੇ ਸਾਰੇ ਲੋਕ ਬੜੇ ਖ਼ੁਸ਼ ਸਨ। ਨਸੀਰਹ ਵੀ ਉਪਰਲੇ ਮਨੋਂ ਖ਼ੁਸ਼ੀ ਪ੍ਰਗਟ ਕਰ ਰਹੀ ਸੀ ਚਾਹੇਕਿ ਅੰਦਰਲੇ ਮਨੋਂ ਉਹ ਖ਼ੁਸ਼ ਨਹੀਂ ਸਗੋਂ ਉਦਾਸ ਸੀ।

ਸ਼ਾਮ ਤੱਕ ਹੋਟਲ ਵਿਚ ਲੋਕਾਂ ਦੀ ਮਹਿਫ਼ਲ ਲੱਗੀ ਰਹੀ ਸੀ ਅਤੇ ਸ਼ਾਮ ਨੂੰ ਹਨੇਰਾ ਹੋਣ ਤੋਂ ਪਹਿਲਾਂ ਹੀ ਲੋਕਾਂ ਨੇ ਹੌਲੀ-ਹੌਲੀ ਆਪੋ ਆਪਣਿਆਂ ਘਰਾਂ ਨੂੰ ਖਿਸਕਣਾ ਸ਼ੁਰੂ ਕਰ ਦਿੱਤਾ ਸੀ। ਕੁਝ ਹੀ ਦੇਰ ਬਾਅਦ ਸਾਰੇ ਲੋਕ ਚਲੇ ਗਏ ਸਨ ਅਤੇ ਸਿਰਫ਼ ਫਾਤਮਾ ਦੇ ਘਰ ਦੇ ਜੀਅ, ਅਸਗਰ ਦੇ ਘਰ ਦੇ ਜੀਅ ਅਤੇ ਹੋਰ ਥੋੜ੍ਹੇ ਜਿਹੇ ਖ਼ਾਸ ਮਹਿਮਾਨ ਹੀ ਉੱਥੇ ਰਹਿ ਗਏ ਸਨ ਚਾਹੇਕਿ ਅਸਗਰ ਅਤੇ ਫਾਤਮਾ ਦੀ ਕਾਨੂੰਨ ਮੁਤਾਬਕ ਮੈਰਿਜ ਹੋ ਗਈ ਸੀ ਪਰੰਤੂ ਫਿਰ ਵੀ ਅਜੇ ਧਰਮ ਮੁਤਾਬਕ ਉਹਨਾਂ ਦਾ ਨਿਕਾਹ ਨਹੀਂ ਸੀ ਹੋਇਆ। ਫਾਤਮਾ ਨੂੰ ਉਸਦੇ ਮਾਂ-ਪਿਉ ਆਪਣੇ ਨਾਲ ਆਪਣੇ ਘਰ ਹੀ ਵਾਪਸ ਲੈ ਗਏ ਸਨ ਕਿਉਂਕਿ ਉਹਨਾਂ ਦੇ ਲਈ ਲੋਕ-ਲਾਜ ਰੱਖਣੀ ਵੀ ਜ਼ਰੂਰੀ ਸੀ। ਅਸਗਰ ਅਤੇ ਫਾਤਮਾ ਦੋਵੇਂ, ਆਪਸ ਵਿਚ ਇਕੱਠਾ ਰਹਿਣਾ ਚਾਹੁੰਦੇ ਸਨ ਪਰੰਤੂ ਫਿਰ ਵੀ ਉਹਨਾਂ ਨੇ ਆਪਣੇ ਵੱਡਿਆਂ ਦੇ ਫ਼ੈਸਲੇ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਸੀ। ਫਾਤਮਾ ਦੇ ਚਲੇ ਜਾਣ ਤੋਂ ਬਾਅਦ ਅਸਗਰ ਨੂੰ ਬਹੁਤ ਦੁੱਖ ਮਹਿਸੂਸ ਵੀ ਹੋਇਆ ਸੀ ਅਤੇ ਉਸਦਾ ਚਿਹਰਾ ਉਦਾਸ ਹੋ ਗਿਆ ਸੀ।

ਕੁਝ ਦਿਨਾਂ ਦੇ ਬਾਅਦ ਫਾਤਮਾ ਦੇ ਮਾਂ-ਪਿਉ ਨੇ ਅਸਗਰ ਦੇ ਮਾਂ-ਪਿਉ ਦੇ ਨਾਲ ਸਲਾਹ ਕਰਕੇ ਉਹਨਾਂ ਦੇ ਨਿਕਾਹ ਦਾ ਦਿਨ ਵੀ ਨਿਯਤ ਕਰ ਦਿੱਤਾ ਸੀ।

ਇਹ ਦਿਨ ਉਹਨਾਂ ਨੇ ਐਤਵਾਰ ਦਾ ਚੁਣਿਆ ਸੀ ਕਿਉਂਕਿ ਇਸ ਦਿਨ ਉਹਨਾਂ ਦੋਹਾਂ ਪਰਿਵਾਰਾਂ ਦੇ ਜੀਆਂ ਨੂੰ, ਹੋਰ ਯਾਰਾਂ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਛੁੱਟੀ ਹੋਣੀ ਸੀ। ਉਹਨਾਂ ਦੇ ਨਿਕਾਹ ਵਿਚ ਭਾਵੇਂਕਿ ਅਜੇ ਕੁਝ ਹਫ਼ਤੇ ਹੀ ਰਹਿੰਦੇ ਸਨ ਪ੍ਰੰਤੂ ਫਿਰ ਵੀ ਦੋਹਾਂ ਧਿਰਾਂ ਨੇ ਬੜੇ ਜ਼ੋਰ-ਸ਼ੋਰ ਦੇ ਨਾਲ ਨਿਕਾਹ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਸਨ। ਉਹਨਾਂ ਦੇ ਨਿਕਾਹ ਵਿਚ ਚਾਹੇਕਿ ਕੋਈ ਜ਼ਿਆਦਾ ਲੰਬਾ ਸਮਾਂ ਨਹੀਂ ਸੀ ਪਰੰਤੂ ਫਿਰ ਵੀ ਅਸਗਰ ਦੇ ਲਈ ਫਾਤਮਾ ਦੀ ਜੁਦਾਈ ਅਸਹਿ ਹੁੰਦੀ ਜਾ ਰਹੀ ਸੀ। ਅਸਗਰ ਨੇ ਆਪਣੇ ਨਿਕਾਹ ਦੇ ਕਾਰਡ ਛਪਵਾ ਕੇ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਤੱਕ ਅਪੜਾ ਦਿੱਤੇ ਸਨ। ਦੂਸਰੇ ਪਾਸੇ ਫਾਤਮਾ ਦੇ ਘਰਦਿਆਂ ਨੇ ਵੀ ਫਾਤਮਾ ਦੇ ਨਿਕਾਹ ਦੇ ਕਾਰਡ ਛਪਵਾ ਕੇ, ਸਭ ਰਿਸ਼ਤੇਦਾਰਾਂ ਨੂੰ ਵੰਡ ਦਿੱਤੇ ਸਨ ਅਤੇ ਉਹਨਾਂ ਨੂੰ ਆਉਣ ਦਾ ਸੱਦਾ ਦੇ ਦਿੱਤਾ ਗਿਆ ਸੀ। ਅਸਗਰ ਨੇ ਸ਼ਰਾਰਤ ਕਰਕੇ ਇਕ ਕਾਰਡ ਉੱਪਰ ਫਾਤਮਾ ਦਾ ਐਡਰੈੱਸ ਲਿਖਕੇ ਪੋਸਟ ਕਰ ਦਿੱਤਾ ਸੀ। ਕਾਰਡ ਵਿਚ ਉਸਨੇ ਆਪਣੇ ਹੱਥਾਂ ਦੇ ਨਾਲ ਅੰਗਰੇਜ਼ੀ ਵਿਚ ਉਸਨੂੰ ਉਸਦੇ ਆਪਣੇ ਨਿਕਾਹ ਵਿਚ ਆਉਣ ਦਾ ਸੱਦਾ ਦਿੱਤਾ ਸੀ ਅਤੇ ਉਸਨੂੰ ਆਉਣ ਦੀ ਤਾਕੀਦ ਕੀਤੀ ਗਈ ਸੀ। ਫਾਤਮਾ ਇਸਨੂੰ ਪੜ੍ਹਕੇ ਬੜੀ ਖ਼ੁਸ਼ ਹੋਈ ਸੀ ਅਤੇ ਉਸਨੇ ਅਸਗਰ ਵਲੋਂ ਭੇਜਿਆ ਹੋਇਆ ਕਾਰਡ ਆਪਣੀਆਂ ਸਾਰੀਆਂ ਸਹੇਲੀਆਂ ਨੂੰ ਦਿਖਾਇਆ ਸੀ। ਜਿਹੜਾ ਵੀ ਉਸ ਕਾਰਡ ਨੂੰ ਪੜ੍ਹਦਾ ਸੀ, ਉਸਦਾ ਹਾਸਾ ਨਿਕਲ ਜਾਇਆ ਕਰਦਾ ਸੀ।

ਧਾਰਮਿਕ ਰਸਮਾਂ ਦੇ ਨਾਲ ਅਸਗਰ ਦਾ ਨਿਕਾਹ ਇਕ ਮਸਜਿਦ ਵਿਚ ਫਾਤਮਾ ਦੇ ਨਾਲ ਹੋ ਗਿਆ ਸੀ। ਨਿਕਾਹ ਵਾਲੇ ਦਿਨ ਬਹੁਤ ਹੀ ਜ਼ਿਆਦਾ ਰੌਣਕ ਸੀ। ਮਸਜਿਦ ਔਰਤਾਂ, ਮਰਦਾਂ ਅਤੇ ਬੱਚਿਆਂ ਦੇ ਨਾਲ ਭਰੀ ਹੋਈ ਸੀ। ਨਿਕਾਹ ਤੋਂ ਪਹਿਲਾਂ ਮੌਲਵੀ ਅਤੇ ਗਵਾਹਾਂ ਦੀ ਹਾਜ਼ਰੀ ਵਿਚ, ਅਸਗਰ ਅਤੇ ਫਾਤਮਾ ਦੋਹਾਂ ਦੇ ਕੋਲੋਂ ਇਸ ਨਿਕਾਹ ਦੀ ਸਹਿਮਤੀ ਬਾਰੇ ਪੁੱਛਿਆ ਗਿਆ ਸੀ। ਦੋਹਾਂ ਦੀ ਸਹਿਮਤੀ ਤੋਂ ਬਾਅਦ ਮੌਲਵੀ ਨੇ ਕੁਰਾਨ ਦੀਆਂ ਆਇਤਾਂ ਪੜ੍ਹਕੇ ਨਿਕਾਹ ਦੀ ਰਸਮ ਪੂਰੀ ਕਰ ਦਿੱਤੀ ਸੀ। ਰਿਵਾਜ ਅਨੁਸਾਰ ਇੱਕ ਰਜਿਸਟਰ ਵਿਚ ਉਸ ਨਿਕਾਹ ਦੀ ਐਂਟਰੀ ਕਰ ਦਿੱਤੀ ਗਈ ਸੀ। ਅਸਗਰ ਨੇ ਮੇਹਰ ਦੀ ਰਕਮ ਫਾਤਮਾ ਨੂੰ ਸੌਂਪ ਦਿੱਤੀ ਸੀ। ਸਾਰੇ ਲੋਕ ਇਸ ਜੋੜੀ ਨੂੰ ਮੁਬਾਰਕਾਂ ਦੇ ਰਹੇ ਸਨ। ਅਸਗਰ ਫਾਤਮਾ ਦੇ ਨਾਲ ਨਿਕਾਹ ਪੜ੍ਹਾ ਕੇ ਬਹੁਤ ਹੀ ਜ਼ਿਆਦਾ ਖ਼ੁਸ਼ ਨਜ਼ਰ ਆ ਰਿਹਾ ਸੀ। ਉਹ ਆਪਣੇ ਆਪ ਨੂੰ ਬਹੁਤ ਹੀ ਜ਼ਿਆਦਾ ਖ਼ੁਸ਼ਕਿਸਮਤ ਸਮਝਦਾ ਸੀ। ਅਸਗਰ ਦੀ ਫਾਤਮਾ ਦੇ

ਨਾਲ ਨਿਕਾਹ ਕਰਵਾਉਣ ਦੀ ਆਪਣੀ ਜ਼ਿੰਦਗੀ ਦੀ ਸਭ ਤੋਂ ਵੱਡੀ ਇੱਛਾ ਸੀ ਅਤੇ ਉਸਦੀ ਇਹ ਇੱਛਾ ਖ਼ੁਦਾ ਨੇ ਪੂਰੀ ਕਰ ਦਿੱਤੀ ਸੀ। ਉਸਨੇ ਦਿਲੋਂ ਕਈ ਵਾਰ ਖ਼ੁਦਾ ਦਾ ਸ਼ੁਕਰ ਅਦਾ ਕੀਤਾ ਸੀ। ਖ਼ੁਸ਼ੀ ਦੇ ਨਾਲ ਉਸਦੇ ਜ਼ਮੀਨ ਉੱਪਰ ਪੈਰ ਨਹੀਂ ਸਨ ਲੱਗਦੇ। ਅਸਗਰ ਅਤੇ ਫਾਤਮਾ ਨੇ ਇਕੱਠੇ ਰਹਿਣਾ ਸ਼ੁਰੂ ਕਰ ਦਿੱਤਾ ਸੀ।

ਅਸਗਰ ਨੇ ਨਿਕਾਹ ਦੇ ਲਈ ਆਪਣੇ ਕੰਮ ਤੋਂ ਇਕ ਮਹੀਨੇ ਦੀ ਛੁੱਟੀ ਲਈ ਸੀ। ਉਸਦੀ ਛੁੱਟੀ ਦੇ ਦਿਨ ਖ਼ਤਮ ਹੋ ਗਏ ਸਨ ਅਤੇ ਉਸਨੇ ਮੁੜ ਕੰਮ ਉੱਪਰ ਜਾਣਾ ਸ਼ੁਰੂ ਕਰ ਦਿੱਤਾ ਸੀ। ਅਸਗਰ ਕੰਮ ਉੱਪਰ ਚਲਾ ਜਾਂਦਾ ਸੀ। ਨਸੀਰਹ ਅਤੇ ਮੁਹੰਮਦ ਅਜ਼ੀਜ਼ ਵੀ ਕੰਮ ਉੱਪਰ ਚਲੇ ਜਾਂਦੇ ਸਨ। ਬਾਨੋਂ ਅਤੇ ਜ਼ੁਲੈਖਾਂ ਆਪਣੇ ਸਕੂਲ ਨੂੰ ਚਲੀਆਂ ਜਾਂਦੀਆਂ ਸਨ। ਫਾਤਮਾ ਘਰ ਵਿਚ ਇਕੱਲੀ ਹੀ ਹੁੰਦੀ ਸੀ। ਉਹ ਸਾਰਾ-ਸਾਰਾ ਦਿਨ ਆਪਣਾ ਮੇਕ-ਅੱਪ ਕਰਨ ਵਿਚ ਜਾਂ ਆਪਣੇ ਆਪ ਨੂੰ ਸ਼ਿੰਗਾਰਨ ਅਤੇ ਸਜਾਉਣ ਵਿਚ ਹੀ ਰੁੱਝੀ ਰਹਿੰਦੀ ਸੀ। ਉਸਦੀ ਘਰ ਦੇ ਕੰਮਾਂ ਵਿਚ ਕੋਈ ਦਿਲਚਸਪੀ ਨਹੀਂ ਸੀ। ਇੱਥੋਂ ਤੱਕ ਕਿ ਉਹ ਖਾਣਾ ਬਣਾਉਣ ਦਾ ਕੰਮ ਵੀ ਨਹੀਂ ਸੀ ਕਰਦੀ। ਨਸੀਰਹ ਨੂੰ ਕੰਮ ਤੋਂ ਵਾਪਸ ਆਣ ਕੇ ਖ਼ੁਦ ਹੀ ਖਾਣਾ ਤਿਆਰ ਕਰਨਾ ਪੈਂਦਾ ਸੀ। ਫਾਤਮਾ ਨੂੰ ਨਸੀਰਹ ਦਾ ਪਕਾਇਆ ਹੋਇਆ ਖਾਣਾ ਵੈਸੇ ਵੀ ਪਸੰਦ ਨਹੀਂ ਸੀ ਆਉਂਦਾ। ਜਦੋਂ ਅਸਗਰ ਕੰਮ ਤੋਂ ਵਾਪਸ ਸ਼ਾਮ ਨੂੰ ਘਰ ਆਉਂਦਾ ਸੀ ਤਾਂ ਫਾਤਮਾ ਅਸਗਰ ਨੂੰ ਹੋਟਲ ਵਿਚ ਖਾਣਾ ਖਵਾਉਣ ਦੇ ਲਈ ਆਖ ਦਿੰਦੀ ਸੀ ਅਤੇ ਅਸਗਰ ਉਸੇ ਵੇਲੇ ਫਾਤਮਾ ਨੂੰ ਕਾਰ ਵਿਚ ਬਿਠਾ ਕੇ ਹੋਟਲ ਵਿਚ ਖਾਣਾ ਖਵਾਉਣ ਦੇ ਲਈ ਲੈ ਜਾਂਦਾ ਸੀ। ਜਦੋਂ ਦਾ ਅਸਗਰ ਨੇ ਫਾਤਮਾ ਦੇ ਨਾਲ ਨਿਕਾਹ ਕਰਵਾਇਆ ਸੀ ਉਦੋਂ ਦਾ ਫਾਤਮਾ ਨੇ ਅਸਗਰ ਦਾ ਖ਼ਰਚ ਬਹੁਤ ਜ਼ਿਆਦਾ ਵਧਾ ਦਿੱਤਾ ਸੀ। ਅਸਗਰ ਨੇ ਕਦੇ ਵੀ ਆਪਣੀ ਜ਼ਿੰਦਗੀ ਵਿਚ ਐਨੀ ਜ਼ਿਆਦਾ ਫ਼ਜ਼ੂਲ ਖ਼ਰਚੀ ਨਹੀਂ ਸੀ ਕੀਤੀ ਜਿੰਨੀ ਜ਼ਿਆਦਾ ਫਾਤਮਾ ਉਸ ਕੋਲੋਂ ਕਰਵਾ ਰਹੀ ਸੀ।

ਫਾਤਮਾ ਜਦੋਂ ਵੀ ਕਿਸੇ ਚੀਜ਼ ਦੀ ਸਿਫ਼ਾਰਸ਼ ਕਰਦੀ ਸੀ, ਅਸਗਰ ਉਸੇ ਵੇਲੇ ਹੀ ਉਸਦੀ ਖ਼ਾਹਿਸ਼ ਨੂੰ ਪੂਰਾ ਕਰਦਾ ਸੀ। ਫਾਤਮਾ ਜਿਹੜੀ ਵੀ ਗੱਲ ਕਹਿੰਦੀ ਸੀ, ਅਸਗਰ ਉਸਨੂੰ ਝੱਟ ਦੇ ਨਾਲ ਮੰਨ ਲੈਂਦਾ ਸੀ। ਉਸਨੇ ਕਦੇ ਵੀ ਫਾਤਮਾ ਦੀ ਕੋਈ ਗੱਲ ਮੰਨਣ ਤੋਂ ਇਨਕਾਰ ਨਹੀਂ ਸੀ ਕੀਤਾ। ਸਿਰਫ਼ ਇਕ ਗੱਲ ਫਾਤਮਾ ਦੀ ਮੰਨਣ ਤੋਂ ਅਸਗਰ ਇਨਕਾਰ ਕਰਦਾ ਆ ਰਿਹਾ ਸੀ। ਫਾਤਮਾ ਪਹਿਲੇ ਦਿਨ ਤੋਂ ਹੀ ਅਸਗਰ ਨੂੰ ਇਹ ਗੱਲ ਕਹਿੰਦੀ ਆ ਰਹੀ ਸੀ ਕਿ ਉਹ ਘਰਦਿਆਂ ਦੇ ਨਾਲੋਂ ਅਲੱਗ ਹੋ ਜਾਣ ਪਰੰਤੂ ਅਸਗਰ ਉਸਦੀ ਇਸ ਗੱਲ ਨੂੰ ਬਹਾਨਿਆਂ ਦੇ ਨਾਲ ਟਾਲ ਦਿੰਦਾ

ਸੀ। ਉਹ ਅਕਸਰ ਫਾਤਮਾ ਨੂੰ ਪੁੱਛਦਾ ਰਹਿੰਦਾ ਸੀ ਕਿ ਉਸਨੂੰ ਕੀ ਤੰਗੀ ਸੀ ਅਤੇ ਉਹ ਕਿਉਂ ਜੁਦਾ ਹੋਣਾ ਚਾਹੁੰਦੀ ਸੀ? ਪਰੰਤੂ ਫਾਤਮਾ ਦੇ ਕੋਲ ਅਜੇ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ ਅਤੇ ਉਹ ਕਈ ਕਿਸਮ ਦੇ ਬਹਾਨੇ ਲੱਭਣ ਦੀਆਂ ਕੋਸ਼ਿਸ਼ਾਂ ਹੀ ਕਰਦੀ ਰਹਿੰਦੀ ਸੀ।

ਇਕ ਦਿਨ ਨਸੀਰਹ ਦੀ ਕੰਮ ਉੱਪਰ ਅਚਾਨਕ ਤਬੀਅਤ ਖ਼ਰਾਬ ਹੋ ਗਈ ਸੀ ਅਤੇ ਉਹ ਕੰਮ ਤੋਂ ਛੁੱਟੀ ਲੈ ਕੇ ਵਾਪਸ ਘਰ ਨੂੰ ਮੁੜ ਆਈ ਸੀ। ਘਰ ਪਹੁੰਚ ਕੇ ਉਸਨੇ ਘੰਟੀ ਦਾ ਬਟਨ ਦਬਾਇਆ ਸੀ ਅਤੇ ਉਹ ਖੜੀ ਇੰਤਜ਼ਾਰ ਕਰ ਰਹੀ ਸੀ ਪਰੰਤੂ ਕਾਫ਼ੀ ਦੇਰ ਤੱਕ ਉਡੀਕਣ ਤੋਂ ਬਾਅਦ ਵੀ ਦਰਵਾਜ਼ਾ ਨਹੀਂ ਸੀ ਖੁੱਲ੍ਹਿਆ। ਤਬੀਅਤ ਖ਼ਰਾਬ ਹੋਣ ਦੇ ਕਾਰਣ ਉਸਦੇ ਕੋਲੋਂ ਖੜੋਇਆ ਨਹੀਂ ਸੀ ਜਾਂਦਾ ਅਤੇ ਉਸਦੇ ਸਿਰ ਨੂੰ ਚੱਕਰ ਆ ਰਹੇ ਸਨ। ਇਸ ਲਈ ਉਸਨੇ ਘੰਟੀ ਦੇ ਬਟਨ ਨੂੰ ਮੁੜ-ਮੁੜ ਕੇ ਦਬਾਉਣਾ ਸ਼ੁਰੂ ਕਰ ਦਿੱਤਾ ਸੀ ਅਤੇ ਜ਼ੋਰ-ਜ਼ੋਰ ਦੀ ਹੱਥਾਂ ਦੇ ਨਾਲ ਦਰਵਾਜ਼ੇ ਨੂੰ ਖੜਕਾਉਣਾ ਸ਼ੁਰੂ ਕਰ ਦਿੱਤਾ ਸੀ। ਕਾਫ਼ੀ ਸਮੇਂ ਤੱਕ ਨਸੀਰਹ ਮੁੜ-ਮੁੜ ਘੰਟੀ ਦਾ ਬਟਨ ਦਬਾਉਂਦੀ ਰਹੀ ਸੀ ਅਤੇ ਦਰਵਾਜ਼ੇ ਨੂੰ ਖੜਕਾਉਂਦੀ ਰਹੀ ਸੀ। ਬਹੁਤ ਦੇਰ ਬਾਅਦ ਅੰਦਰੋਂ ਫਾਤਮਾ ਦੀ ਗੁੱਸੇ ਭਰੀ ਆਵਾਜ਼ ਸੁਣਾਈ ਦਿੱਤੀ ਸੀ,

"ਕੌਣ?"

"ਕੁੜੇ ਤੈਨੂੰ ਸੁਣਦਾ ਨਹੀਂ। ਅੰਦਰ ਮਰ ਗਈ ਏਂ? ਅੱਧਾ ਘੰਟਾ ਹੋ ਗਿਆ ਮੈਨੂੰ ਉਡੀਕਦੀ ਨੂੰ ਅਤੇ ਤੇਰੇ ਉੱਪਰ ਕੋਈ ਅਸਰ ਹੀ ਨਹੀਂ। ਤੈਨੂੰ ਘਰ ਬੈਠੀ ਨੂੰ ਬਾਹਰ ਦੀ ਬਿੜਕ ਵੀ ਸੁਣਾਈ ਨਹੀਂ ਦਿੰਦੀ?" ਨਸੀਰਹ ਨੂੰ ਖਿਝ ਚੜ੍ਹ ਗਈ ਸੀ ਅਤੇ ਉਹ ਥੋੜ੍ਹੀ ਗੁੱਸੇ ਭਰੀ ਆਵਾਜ਼ ਵਿਚ ਆਖ ਰਹੀ ਸੀ।

"ਮੈਨੂੰ ਕੀ ਪਤਾ ਸੀ ਤੂੰ ਹੈਂ? ਤੇਰੇ ਕੋਲੋਂ ਬੋਲ ਨਹੀਂ ਸੀ ਹੁੰਦਾ? ਅੱਗੇ ਤੂੰ ਇਸ ਵੇਲੇ ਕੰਮ ਤੋਂ ਵਾਪਸ ਆਉਂਦੀ ਏਂ?" ਫਾਤਮਾ ਬੂਹਾ ਖੋਲ੍ਹਦੀ ਹੋਈ ਕਹਿ ਰਹੀ ਸੀ। ਨਸੀਰਹ ਨੂੰ ਦੇਖ ਕੇ ਉਸਦਾ ਮਨ ਨਫ਼ਰਤ ਦੇ ਨਾਲ ਭਰ ਗਿਆ ਸੀ।

ਨਸੀਰਹ ਨੂੰ ਆਪਣੀ ਨੂੰਹ ਫਾਤਮਾ ਉੱਪਰ ਬਹੁਤ ਹੀ ਜ਼ਿਆਦਾ ਗੁੱਸਾ ਆ ਰਿਹਾ ਸੀ ਅਤੇ ਉਸਨੇ ਇਸ ਗੁੱਸੇ ਨੂੰ ਅੰਦਰੋਂ-ਅੰਦਰੀਂ ਹੀ ਪੀ ਲਿਆ ਸੀ। ਨਸੀਰਹ ਦੀ ਸਿਹਤ ਠੀਕ ਨਾ ਹੋਣ ਦੇ ਕਾਰਣ ਉਹ ਇੱਕ ਬੈੱਡ ਉੱਪਰ ਲੇਟ ਗਈ ਸੀ। ਅਜੇ ਉਸਨੂੰ ਲੇਟੀ ਨੂੰ ਕੁਝ ਦੇਰ ਹੀ ਹੋਈ ਸੀ ਕਿ ਉਸਨੂੰ ਕਿਸੇ ਦੇ ਪੈਰਾਂ ਦੀ ਬਿੜਕ ਸੁਣਾਈ ਦਿੱਤੀ ਸੀ। ਨਸੀਰਹ ਨੇ ਪਾਸਾ ਵੱਟ ਕੇ ਦੇਖਿਆ ਸੀ। ਇੱਕ ਗੱਭਰੂ ਫਾਤਮਾ ਦੇ ਕਮਰੇ ਵਿਚੋਂ ਨਿਕਲ ਕੇ ਬਾਹਰ ਦੇ ਦਰਵਾਜ਼ੇ ਵੱਲ ਨੂੰ ਜਾ ਰਿਹਾ ਸੀ। ਉਸਦੇ

ਮਗਰ ਫਾਤਮਾ ਵੀ ਮੁਸਕਰਾਉਂਦੀ ਹੋਈ ਜਾ ਰਹੀ ਸੀ। ਦੋਵੇਂ ਆਪਸ ਵਿਚ ਹੌਲੀ-ਹੌਲੀ ਅੰਗਰੇਜ਼ੀ ਵਿਚ ਗੱਲਾਂ ਕਰਦੇ ਜਾ ਰਹੇ ਸਨ। ਉਹ ਕੀ ਗੱਲਾਂ ਕਰ ਰਹੇ ਸਨ ਇਸ ਬਾਰੇ ਨਸੀਰਹ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਸਮਝ ਨਹੀਂ ਸੀ ਸਕੀ। ਕੁਝ ਦੇਰ ਤੱਕ ਉਹ ਬੂਹੇ ਕੋਲ ਖੜ੍ਹਕੇ ਆਪਸ ਵਿਚ ਗੱਲਾਂ ਕਰਦੇ ਰਹੇ ਸਨ। ਨਸੀਰਹ ਨੂੰ ਕਦੇ-ਕਦੇ ਫਾਤਮਾ ਦੇ ਹੱਸਣ ਦੀ ਆਵਾਜ਼ ਸੁਣਾਈ ਦਿੰਦੀ ਸੀ। ਕਦੇ-ਕਦੇ ਗੱਭਰੂ ਦਾ ਹਾਸਾ ਵੀ ਸੁਣਾਈ ਦਿੰਦਾ ਸੀ। ਥੋੜ੍ਹੀ ਦੇਰ ਮਗਰੋਂ ਗੱਭਰੂ ਚਲਾ ਗਿਆ ਸੀ ਅਤੇ ਫਾਤਮਾ ਨੇ ਘਰ ਦਾ ਦਰਵਾਜ਼ਾ ਬੰਦ ਕਰ ਦਿੱਤਾ ਸੀ। ਉਹ ਮੁੜ ਆਪਣੇ ਕਮਰੇ ਵੱਲ ਨੂੰ ਜਾ ਰਹੀ ਸੀ ਕਿ ਮਗਰੋਂ ਨਸੀਰਹ ਨੇ ਉੱਚੀ ਆਵਾਜ਼ ਦੇ ਵਿਚ ਉਸਨੂੰ ਆਖਿਆ ਸੀ,

"ਫਾਤਮਾ?"

"ਕੀ?" ਫਾਤਮਾ ਨੇ ਆਪਣੇ ਕਦਮ ਉਸ ਥਾਂ ਹੀ ਰੋਕ ਲਏ ਸਨ।

"ਇਕ ਮਿੰਟ ਮੇਰੀ ਗੱਲ ਸੁਣੀਂ।"

ਫਾਤਮਾ ਨਸੀਰਹ ਦੇ ਕੋਲ ਚਲੀ ਗਈ ਸੀ ਅਤੇ ਰੁੱਖੀ ਜਿਹੀ ਆਵਾਜ਼ ਦੇ ਵਿਚ ਉਹਦੇ ਕੋਲੋਂ ਪੁੱਛ ਰਹੀ ਸੀ,

"ਹਾਂ ਦੱਸ?"

"ਇਹ ਮੁੰਡਾ ਕੌਣ ਸੀ?" ਨਸੀਰਹ ਨੇ ਵੀ ਥੋੜ੍ਹੀ ਖਿਝੀ ਹੋਈ ਆਵਾਜ਼ ਵਿਚ ਫਾਤਮਾ ਦੇ ਕੋਲੋਂ ਪੁੱਛਿਆ ਸੀ।

" ਤੈਨੂੰ ਕੀ? ਜਿਹੜਾ ਮਰਜ਼ੀ ਹੋਵੇ, ਤੂੰ ਪੁੱਛ ਕੇ ਕੀ ਲੈਣਾ ਹੈ?" ਫਾਤਮਾ ਦੀ ਆਵਾਜ਼ ਹੋਰ ਵੀ ਵਧੇਰੇ ਰੁੱਖੀ ਹੋ ਗਈ ਸੀ।

"ਇੱਥੇ ਕੀ ਕਰਨ ਆਇਆ ਸੀ?"

"ਜੋ ਕੁਝ ਮਰਜ਼ੀ ਕਰਨ ਆਇਆ ਹੋਵੇ, ਤੂੰ ਕੀ ਕਹਿਣਾ? ਤੈਨੂੰ ਕੀ?" ਫਾਤਮਾ ਥੋੜ੍ਹੀ ਖਿਝੀ ਹੋਈ ਆਵਾਜ਼ ਵਿਚ ਨਸੀਰਹ ਨੂੰ ਆਖ ਰਹੀ ਸੀ।

"ਮੈਂ ਘਰ ਦੀ ਮਾਲਕਣ ਹਾਂ। ਤੇਰੇ ਕੋਲੋਂ ਪੁੱਛ ਸਕਦੀ ਹਾਂ।" ਨਸੀਰਹ ਨੇ ਕਿਹਾ ਸੀ।

"ਮੈਂ ਨਹੀਂ ਦੱਸਦੀ। ਤੂੰ ਕੀ ਕਰ ਲਵੇਂਗੀ?" ਫਾਤਮਾ ਆਕੜ ਰਹੀ ਸੀ।

"ਤੈਨੂੰ ਮੈਂ ਅਜੇ ਵੀ ਬੰਦਿਆਂ ਵਾਂਗ ਪੁੱਛਦੀ ਹਾਂ, ਦੱਸ ਦੇ ਨਹੀਂ ਗੱਲ ਬਹੁਤ ਜ਼ਿਆਦਾ ਵੱਧ ਜਾਵੇਗੀ?"

"ਮੈਨੂੰ ਤੇਰਾ ਡਰ ਨਹੀਂ ਮਾਰਿਆ। ਤੂੰ ਮੈਨੂੰ ਕੀ ਕਰ ਲਵੇਂਗੀ?"

"ਘਰੋਂ ਬਾਹਰ ਕੱਢ ਦਿਆਂਗੀ। ਹੋਰ ਕੀ ਕਰਨਾ ਹੈ ?"

"ਕਿਉਂ ? ਤੂੰ ਕੱਢ ਕੇ ਤਾਂ ਦਿਖਾਲ ? ਕਿਤੇ ਆਪ ਨੂੰ ਨਾ ਘਰੋਂ ਬਾਹਰ ਨਿਕਲਣਾ ਪਵੇ ?" ਫਾਤਮਾ ਨਸੀਰਹ ਨੂੰ ਧਮਕਾ ਰਹੀ ਸੀ।

ਨਸੀਰਹ ਦਾ ਗੁੱਸਾ ਹੋਰ ਵੀ ਜ਼ਿਆਦਾ ਵੱਧ ਗਿਆ ਸੀ। ਉਹ ਰੋਹ ਭਰੀ ਆਵਾਜ਼ ਦੇ ਵਿਚ ਉੱਚੀ-ਉੱਚੀ ਕਹਿ ਰਹੀ ਸੀ,

"ਕੁੱਤੀਏ, ਇਕ ਤੂੰ ਕਾਲੀਆਂ ਕਰਤੂਤਾਂ ਕਰਦੀ ਏਂ, ਉਪਰੋਂ ਬਕਵਾਸ ਕਰਦੀ ਏਂ ? ਤੈਨੂੰ ਕਿਸੇ ਕੰਜਰ ਨੇ ਬੋਲਣ ਦਾ ਚੱਜ ਨਹੀਂ ਸਿਖਾਇਆ ?"

"ਯੂ ਸ਼ੱਟ ਅੱਪ। ਕੁੱਤੀ ਤੂੰ ਆਪ ਹੋਵੇਂਗੀ। ਆਈ ਐਮ ਏ ਹਿਊਮਨ ਬੀਇੰਗ।" ਫਾਤਮਾ ਵੀ ਨਸੀਰਹ ਦੀ ਕੋਈ ਗੱਲ ਝੱਲਣ ਨੂੰ ਤਿਆਰ ਨਹੀਂ ਸੀ।

"ਇਕ ਸਾਰਾ-ਸਾਰਾ ਦਿਨ ਘਰ ਵਿਹਲੀ ਹੀ ਬੈਠੀ ਰਹਿੰਦੀ ਹੈਂ। ਦੂਜਾ ਬਿਗਾਨੇ ਖ਼ਸਮਾਂ ਨੂੰ ਘਰ ਬੁਲਾ-ਬੁਲਾ ਕੇ ਸਾਡੀ ਇੱਜ਼ਤ ਨੂੰ ਮਿੱਟੀ ਵਿਚ ਮਿਲਾਉਂਦੀ ਹੈਂ। ਫਿਰ ਵੀ ਰੋਅਬ ਪਾਉਂਦੀ ਹੈਂ ? ਬਦਕਾਰ ਕਿਸੇ ਥਾਂ ਦੀ।" ਨਸੀਰਹ ਫਾਤਮਾ ਨੂੰ ਉੱਚੀ-ਉੱਚੀ ਆਵਾਜ਼ ਵਿਚ ਲਾਹਨਤਾਂ ਪਾ ਰਹੀ ਸੀ।

"ਆਪਣਾ ਬੂਥਾ ਬੰਦ ਰੱਖ ਲੈ। ਮੈਂ ਤੇਰੀ ਕੋਈ ਗੱਲ ਨਹੀਂ ਸੁਣਨੀ। ਜੇ ਤੂੰ ਇਕ ਆਖੇਂਗੀ ਤਾਂ ਜਵਾਬ ਵਿਚ ਦਸ ਸੁਣੇਂਗੀ।" ਫਾਤਮਾ ਉੱਪਰ ਨਸੀਰਹ ਦੇ ਗੁੱਸੇ ਦਾ ਇਹ ਪ੍ਰਭਾਵ ਪੈ ਰਿਹਾ ਸੀ ਕਿ ਉਹ ਵੀ ਉਸਨੂੰ ਅਵਾ ਤਵਾ ਬੋਲ ਰਹੀ ਸੀ।

"ਤੈਨੂੰ ਸ਼ਰਮ ਨਹੀਂ ਆਉਂਦੀ ?"

"ਤੈਨੂੰ ਸ਼ਰਮ ਨਹੀਂ ਆਉਂਦੀ ?"

"ਮੈਨੂੰ ਸ਼ਰਮ ਕਿਉਂ ਆਵੇ ?"

"ਮੈਨੂੰ ਵੀ ਕਿਉਂ ਆਵੇ ?"

"ਤੂੰ ਤੇ ਲੋਕਾਂ ਨਾਲ ਖੇਹ ਉਡਾਉਂਦੀ ਏਂ। ਤੈਨੂੰ ਸ਼ਰਮ ਨਹੀਂ ਆਉਂਦੀ, ਯਾਰਾਂ ਨੂੰ ਘਰ ਸੱਦ-ਸੱਦ ਕੇ ਤੂੰ ਸਾਡੀ ਬੇਇੱਜ਼ਤੀ ਕਰਵਾਉਂਦੀ ਹੈਂ। ਉਂਝ ਹੀ ਉਹਨਾਂ ਦੇ ਨਾਲ ਨਿਕਲ ਕੇ ਚਲੀ ਜਾ ਤਾਂ।" ਨਸੀਰਹ ਉਸਨੂੰ ਸੱਚੀਆਂ ਸੁਣਾ ਰਹੀ ਸੀ।

"ਤੂੰ ਕਿਹੜੀ ਖੇਹ ਨਹੀਂ ਉਡਾਉਂਦੀ ਹੋਣੀ ? ਕੀ ਪਤਾ ਕੰਮ ਉੱਤੇ ਕਿੰਨੇ-ਕਿੰਨੇ ਫ਼ਰੈਂਡ ਰੱਖੇ ਹੋਣ ? ਜਿਹੜੀਆਂ ਆਪ ਇਸ ਤਰ੍ਹਾਂ ਦੀਆਂ ਹੋਣ, ਉਹਨਾਂ ਨੂੰ ਦੂਸਰੀਆਂ ਵੀ ਆਪਣੇ ਵਰਗੀਆਂ ਦਿਸਦੀਆਂ ਹਨ। ਆਪਣੇ ਆਪ ਨੂੰ ਬਹੁਤਾ ਕਲੈਵਰ ਨਾ ਸਮਝੀਂ ? ਮੈਂ ਕੋਈ ਬੌਂਦਰ ਨਹੀਂ ਕਰਦੀ। ਨਾਲੇ ਮੈਨੂੰ ਤੇਰਾ ਡਰ ਨਹੀਂ ਮਾਰਿਆ ਹੋਇਆ।" ਫਾਤਮਾ ਨਸੀਰਹ ਦੀ ਕੱਖ ਪ੍ਰਵਾਹ ਨਹੀਂ ਸੀ ਕਰ ਰਹੀ।

"ਡਰ ਤਾਂ ਤੈਨੂੰ ਆਪੇ ਨਹੀਂ ਮਾਰਿਆ ਹੋਇਆ, ਜਿਹੜਾ ਕੋਈ ਤੈਨੂੰ ਪੁੱਛਣ-ਗਿੱਛਣ ਵਾਲਾ ਹੀ ਨਹੀਂ। ਜੇ ਤੈਨੂੰ ਕਿਸੇ ਦਾ ਡਰ ਹੋਵੇ, ਫਿਰ ਤੂੰ ਇੱਥੇ ਘਰ ਬੈਠ ਕੇ ਹੀ ਵਿਹਲੀਆਂ ਖਾਵੇਂ? ਤੇਰੇ ਵਰਗੀਆਂ ਓਵਰਟਾਈਮ ਲਾਉਂਦੀਆਂ ਨਹੀਂ ਥੱਕਦੀਆਂ। ਤੇ ਤੂੰ ਸਾਰਾ ਦਿਨ ਘਰ ਬੈਠ ਕੇ ਬੈੱਡ ਹੀ ਤੋੜਦੀ ਰਹਿੰਦੀ ਏਂ। ਜੇ ਭਾਂਡੇ ਦਾ ਮੂੰਹ ਖੁੱਲ੍ਹਾ ਹੋਵੇ ਤਾਂ ਕੁੱਤੇ ਨੂੰ ਹੀ ਕੁਝ ਸ਼ਰਮ ਚਾਹੀਦੀ ਹੈ। ਜੇਕਰ ਕੋਈ ਤੈਨੂੰ ਕਹਿਣ ਵਾਲਾ ਨਹੀਂ, ਤੈਨੂੰ ਆਪਣੇ ਆਪ ਹੀ ਕੋਈ ਸੋਝੀ ਕਰਨੀ ਚਾਹੀਦੀ ਹੈ। ਜਿਸ ਤਰ੍ਹਾਂ ਤੂੰ ਕਰਦੀ ਏਂ, ਇਸ ਤਰ੍ਹਾਂ ਤਾਂ ਕਦੇ ਅਮੀਰਜ਼ਾਦੀਆਂ ਵੀ ਨਹੀਂ ਕਰਦੀਆਂ। ਉਹ ਵੀ ਖਾਣ-ਪੀਣ ਜੋਗਾ ਕੰਮ ਕਰ ਲੈਂਦੀਆਂ ਹਨ। ਵਿਹਲੀ ਤਾਂ ਤੂੰ ਰਹਿਣਾ ਹੀ ਹੋਇਆ ਉਲਟਾ ਸਾਡੇ ਸਿਰ ਖੇਹ ਪਵਾਉਂਦੀ ਹੈਂ। ਲੋਕ ਕੀ ਆਖਣਗੇ? ਸਾਨੂੰ ਤਾਂ ਤੂੰ ਕਿਤੇ ਖੜ੍ਹੇ ਹੋਣ ਜੋਗੇ ਵੀ ਨਹੀਂ ਛੱਡਿਆ। ਅਸੀਂ ਲੋਕਾਂ ਸਾਹਮਣੇ ਧੌਣ ਉੱਚੀ ਕਰਕੇ ਵੀ ਨਹੀਂ ਤੁਰ ਸਕਦੇ। ਸਾਡੇ ਘਰ ਨੂੰ ਤਾਂ ਤੂੰ ਇਕ ਕਲੰਕ ਲੱਗੀ ਹੋਈ ਏਂ। ਇਹਦੇ ਨਾਲੋਂ ਜੇ ਤੂੰ ਮਰ ਮੁੱਕ ਵੀ ਜਾਵੇਂ, ਦੱਸ ਕੀ ਦੁੱਖ ਹੈ? ਇਹੋ ਜਿਹੀ ਨੂੰਹ ਧੀ ਨਾਲੋਂ ਤਾਂ ਬੰਦਾ ਉਂਝ ਹੀ ਇਕੱਲਾ ਚੰਗਾ ਹੈ। ਜਿੱਦਣ ਤੇਰਾ ਸਿਆਪਾ ਕਰਨ ਗਏ ਸੀ, ਮੈਂ ਮੁੰਡੇ ਨੂੰ ਬਥੇਰਾ ਕਲਪੀ ਸੀ, ਬਥੇਰੀਆਂ ਉਹਦੀਆਂ ਮਿੰਨਤਾਂ ਕੀਤੀਆਂ ਸਨ ਪਰੰਤੂ ਉਹਨੇ ਮੇਰੀ ਇਕ ਨਾ ਸੁਣੀ। ਮੈਨੂੰ ਤਾਂ ਪਹਿਲਾਂ ਹੀ ਪਤਾ ਸੀ ਕਿ ਇਹ ਸੌਗ਼ਾਤ ਕਿਹੋ ਜਿਹੀ ਹੈ? ਪਰੰਤੂ ਸਾਡੇ ਛੋਕਰੇ ਨੇ ਸਾਡੀ ਇਕ ਵੀ ਪੇਸ਼ ਨਹੀਂ ਜਾਣ ਦਿੱਤੀ। ਪਤਾ ਨਹੀਂ ਉਹਦੇ ਸਿਰ ਕੀ ਪਾਇਆ ਹੋਇਆ ਹੈ? ਅੱਜ ਆ ਲੈਣ ਦੇ ਘਰ ਸ਼ਾਮ ਨੂੰ, ਉਹਦੀ ਵੀ ਖ਼ਬਰ ਚੰਗੀ ਤਰ੍ਹਾਂ ਲੈਂਦੀ ਹਾਂ। ਬਹੁਤਾ ਕਸੂਰ ਤਾਂ ਉਹਦਾ ਹੀ ਹੈ ਜਿਸਨੇ ਇਸ ਚੁੜੇਲ ਨੂੰ ਜ਼ਿਆਦਾ ਹੀ ਭੂਹੇ ਕੀਤਾ ਹੋਇਆ ਹੈ। ਇਸਨੂੰ ਬਹੁਤਾ ਹੀ ਸਿਰ ਉੱਪਰ ਚੁੱਕਿਆ ਹੋਇਆ ਹੈ। ਜੇਕਰ ਉਹ ਚੱਜ ਦਾ ਹੋਵੇ ਤਾਂ ਕਿਉਂ ਇਹ ਪੁਆੜੇ ਪੈਣ?" ਨਸੀਰਹ ਗੁੱਸੇ ਵਿਚ ਲਗਾਤਾਰ ਬੋਲਦੀ ਜਾ ਰਹੀ ਸੀ।

"ਅੱਜ ਆ ਲੈਣ ਦੇ ਉਹਨੂੰ। ਇਸ ਘਰ ਵਿਚ ਅੱਜ ਜਾਂ ਅਸੀਂ ਰਹਾਂਗੇ ਜਾਂ ਤੁਸੀਂ ਰਹੋਂਗੇ? ਮੈਂ ਕਦੇ ਕਿਸੇ ਕੋਲੋਂ ਕੋਈ ਗੱਲ ਨਹੀਂ ਸੁਣੀ। ਤੇਰੀਆਂ ਵੀ ਗੱਲਾਂ ਮੈਂ ਕਿਉਂ ਸੁਣਾਂ? ਅੱਜ ਤੂੰ ਜਿੰਨੀ ਮੇਰੀ ਇਨਸਲਟ ਕੀਤੀ ਹੈ। ਮੈਂ ਇਸਦਾ ਬਦਲਾ ਜ਼ਰੂਰ ਲਵਾਂਗੀ। ਤੂੰ ਕਿਤੇ ਭੁਲੇਖੇ ਵਿਚ ਨਾ ਰਹੀਂ ਕਿ ਸ਼ਾਇਦ ਤੈਨੂੰ ਕੁਝ ਆਖਣਾ ਹੀ ਨਹੀਂ? ਮੈਂ ਤਾਂ ਸਾਰੀ ਲਾਈਫ਼ ਹੀ ਤੇਰੀਆਂ ਗਾਲ੍ਹਾਂ ਨੂੰ ਨਹੀਂ ਭੁੱਲ ਸਕਾਂਗੀ। ਤੂੰ ਹੋਰਨਾਂ ਉੱਪਰ ਰੋਅਬ ਪਾਉਣਾ ਗਿੱਝੀ ਹੋਵੇਂਗੀ ਪਰ ਮੈਂ ਤੇਰਾ ਰੋਅਬ ਨਹੀਂ ਝੱਲਣਾ। ਤੂੰ ਮੇਰੀ ਮਾਂ ਨਹੀਂ ਲੱਗਦੀ?"

"ਮਾਂ ਨਹੀਂ ਸੱਸ ਤਾਂ ਲੱਗਦੀ ਹਾਂ?"

"ਨਹੀਂ, ਮੇਰੀ ਤੂੰ ਕੁਝ ਵੀ ਨਹੀਂ ਲੱਗਦੀ। ਆਈ ਹੇਟ ਯੂ। ਤੂੰ ਮੇਰੀ ਐਨਮੀ ਏਂ। ਆਈ ਵਿਲ ਟੀਚ ਯੂ ਏ ਲੈਸਨ। ਮੈਂ ਕਦੇ ਵੀ ਇਹਨਾਂ ਗੱਲਾਂ ਨੂੰ ਭੁਲਾ ਨਹੀਂ ਸਕਦੀ।" ਫਾਤਮਾ ਨੂੰ ਮੁੜ-ਮੁੜ ਕੇ ਨਸੀਰਹ ਉੱਪਰ ਗੁੱਸਾ ਆ ਰਿਹਾ ਸੀ।

"ਫਿਰ ਦੱਸਦੀ ਕਿਉਂ ਨਹੀਂ, ਉਹ ਹਰਾਮਜ਼ਾਦਾ ਕੌਣ ਸੀ?"

"ਹਰਾਮਜ਼ਾਦਾ ਤੇਰਾ ਮੁੰਡਾ ਹੋਵੇਗਾ? ਡੌਂਟ ਅਬਿਯੂਜ਼ ਮਾਈ ਫ਼ਰੈਂਡ। ਉਹਨੇ ਤੇਰਾ ਕੁਝ ਨਹੀਂ ਵਿਗਾੜਿਆ। ਤੈਨੂੰ ਉਹਨੂੰ ਕੋਈ ਗੱਲ ਕਹਿਣ ਦਾ ਕੋਈ ਹੱਕ ਨਹੀਂ।"

"ਫਿਰ ਦੱਸ ਉਹ ਇੱਥੇ ਕੀ ਕਰਨ ਆਇਆ ਸੀ?"

"ਤੈਨੂੰ ਲਿਖ ਕੇ ਤਾਂ ਨਹੀਂ ਦੇ ਸਕਦੀ ਕਿ ਉਹ ਇੱਥੇ ਕੀ ਕਰਨ ਆਇਆ ਸੀ? ਜਦੋਂ ਤੇਰੇ ਕੋਲ ਕੋਈ ਇਸ ਤਰ੍ਹਾਂ ਆਉਂਦਾ ਹੈ, ਉਹ ਕੀ ਕਰਨ ਆਉਂਦਾ ਹੁੰਦਾ ਹੈ? ਮੈਂ ਤਾਂ ਕਦੇ ਤੇਰੇ ਕੋਲੋਂ ਇਸ ਬਾਰੇ ਕੁਝ ਨਹੀਂ ਪੁੱਛਿਆ। ਤੂੰ ਕਿਉਂ ਫਿਰ ਮੇਰੇ ਕੋਲੋਂ ਪੁੱਛਦੀ ਏਂ? ਇਹ ਤਾਂ ਮੇਰਾ ਪਰਸਨਲ ਮੈਟਰ ਹੈ, ਤੂੰ ਇਹਦੇ ਵਿਚ ਕੋਈ ਦਖ਼ਲ ਨਹੀਂ ਦੇ ਸਕਦੀ। ਮੇਰੇ ਕੋਲ ਇੱਕ ਬੰਦਾ ਛੱਡ ਕੇ ਸੌ ਬੰਦੇ ਆਇਆ ਕਰਨਗੇ, ਤੂੰ ਕਰ ਲੈ ਜੋ ਕੁਝ ਕਰਨਾ ਹੈ। ਆਈ ਐਮ ਨੌਟ ਅਫ਼ਰੈੱਡ ਆਫ਼ ਯੂ।"

"ਫਿਰ ਤੂੰ ਇਸ ਘਰ ਵਿਚ ਨਹੀਂ ਰਹਿ ਸਕਦੀ। ਇਹੋ ਜਿਹੇ ਕੰਮ ਕਰਨੇ ਹਨ ਤਾਂ ਚੁੱਪ ਕਰਕੇ ਆਪਣੇ ਮਾਪਿਆਂ ਦੇ ਘਰ ਚਲੀ ਜਾ। ਇਹੋ ਜਿਹੀਆਂ ਕਰਤੂਤਾਂ ਤੂੰ ਆਪਣੇ ਮਾਂ-ਪਿਉ ਦੇ ਘਰ ਜਾ ਕੇ ਕਰੀਂ। ਨਾਲੇ ਉਹਨਾਂ ਦੀਆਂ ਅੱਖਾਂ ਵੀ ਖੁੱਲ੍ਹ ਜਾਣਗੀਆਂ। ਉਹਨਾਂ ਨੂੰ ਵੀ ਪਤਾ ਲੱਗ ਜਾਵੇਗਾ ਕਿ ਉਹਨਾਂ ਦੀ ਧੀ ਕਿਹੋ ਜਿਹੇ ਚੰਦ ਚੜ੍ਹਾਉਂਦੀ ਹੈ? ਉਹ ਵੀ ਨਿਖ਼ਸਮੀਏਂ ਤੇਰੇ ਵਰਗੇ ਹੀ ਹੋਣੇ ਹਨ। ਜੇਕਰ ਉਹ ਚੰਗੇ ਹੁੰਦੇ ਤਾਂ ਤੂੰ ਇਹ ਚੱਜ ਕਾਹਨੂੰ ਘੋਲਣੇ ਸਨ? ਐਵੇਂ ਤਾਂ ਨਹੀਂ ਬਜ਼ੁਰਗਾਂ ਨੇ ਆਖਿਆ ਹੋਇਆ ਕਿ ਜਿਹੋ ਜਿਹੀ ਕੋਕੋ ਉਹੋ ਜਿਹੇ ਕੋਕੋ ਦੇ ਬੱਚੇ। ਸਾਡੀ ਤਾਂ ਕਿਸਮਤ ਹੀ ਸੜ ਗਈ, ਮੁੰਡੇ ਦਾ ਨਿਕਾਹ ਕਰਕੇ। ਨਾ ਅਸੀਂ ਉਹਦਾ ਨਿਕਾਹ ਇਸ ਕੁਲਹਿਣੀ ਦੇ ਨਾਲ ਕਰਦੇ, ਨਾ ਐਨਾ ਜ਼ਿਆਦਾ ਦੁਖੀ ਹੁੰਦੇ। ਉਸ ਪਾਪੀ ਨੂੰ ਅਸੀਂ ਬਥੇਰਾ ਰੋਕਿਆ, ਬਥੇਰਾ ਟੋਕਿਆ, ਅਸੀਂ ਤਾਂ ਉਸਨੂੰ ਸਮਝਾਉਣ ਦੀਆਂ ਬਥੇਰੀਆਂ ਕੋਸ਼ਿਸ਼ਾਂ ਕੀਤੀਆਂ ਪਰੰਤੂ ਸਾਡੀ ਕੋਈ ਪੇਸ਼ ਨਾ ਗਈ। ਉਸ ਪਾਪੀ ਨੇ ਸਾਡੀ ਇਕ ਨਾ ਮੰਨੀ। ਉਸਦੇ ਲਈ ਸੋਨੇ ਵਰਗੀਆਂ ਕੁੜੀਆਂ ਦੇ ਰਿਸ਼ਤੇ ਆਏ, ਐਨੇ ਵਧੀਆ ਖ਼ਾਨਦਾਨੀ ਕੁੜੀਆਂ ਦੇ ਰਿਸ਼ਤੇ ਆਏ ਜਿਹਨਾਂ ਨੂੰ ਦੇਖ-ਦੇਖ ਕੇ ਭੁੱਖ ਲੱਥਦੀ ਸੀ

ਪਰੰਤੂ ਬੇਈਮਾਨ ਇਸ ਚਗ਼ਲ ਉੱਪਰ ਹੀ ਡੁੱਲ੍ਹਿਆ ਹੋਇਆ ਸੀ। ਪੈਸਾ ਖੋਟਾ ਆਪਣਾ, ਬਾਣੀਏ ਨੂੰ ਕੀ ਦੋਸ਼? ਮੁੰਡਾ ਤਾਂ ਮੇਰਾ ਆਪਣਾ ਹੀ ਵਿਗੜਿਆ ਹੋਇਆ ਹੈ। ਜੇ ਉਹ ਚੱਜ ਦਾ ਹੋਵੇ ਤਾਂ ਫਿਰ ਕਿਉਂ ਐਨੇ ਜ਼ਿਆਦਾ ਪੁਆੜੇ ਪੈਣ? ਜੇ ਉਹ ਚੰਗਾ ਹੋਵੇ ਤਾਂ ਇਹਦੇ ਦੁਆਲੇ ਜੁੱਤੀ ਲਾਹਵੇ। ਬਿਨਾਂ ਜੁੱਤੀ ਦੇ ਡਰ ਦੇ ਇਸ ਕਮਜ਼ਾਤ ਨੇ ਠੀਕ ਨਹੀਂ ਹੋਣਾ। ਕੱਲ੍ਹ ਦੀ ਭੂਤਨੀ ਕਬਰਾਂ 'ਚ ਅੱਧ। ਅਜੇ ਕੱਲ੍ਹ ਹੀ ਆਈ ਹੈ ਅਤੇ ਹੁਣੇ ਹੀ ਘਰ ਦੀ ਮਾਲਕਣ ਬਣ ਕੇ ਬੈਠ ਗਈ ਹੈ। ਇਹਨੇ ਤਾਂ ਹੁਣ ਤੋਂ ਹੀ ਰੋਅਬ ਪਾਉਣਾ ਸ਼ੁਰੂ ਕਰ ਦਿੱਤਾ ਹੈ। ਹੁਕਮ ਤਾਂ ਇਸ ਤਰ੍ਹਾਂ ਚਲਾਉਂਦੀ ਹੈ ਜਿਵੇਂਕਿ ਕਿਸੇ ਰਾਜੇ ਦੀ ਧੀ ਹੋਵੇ। ਅਕਲ ਨਾ ਮੌਤ ਕਮਜ਼ਾਤ ਨੂੰ। ਕਿਹੜੇ ਮਾੜੇ ਦਿਨ ਇਸ ਸ਼ੂਕਰ ਨੂੰ ਅਸੀਂ ਆਪਣੇ ਘਰ ਲੈ ਆਏ। ਹੋਰ ਕਿਸੇ ਨੇ ਤਾਂ ਮੁੱਲ 'ਚ ਵੀ ਨਹੀਂ ਸੀ ਖ਼ਰੀਦਣੀ। ਇਸ ਸੌਗ਼ਾਤ ਨੂੰ ਇਹਦੇ ਘਰਦਿਆਂ ਨੇ ਸਾਡੇ ਵਾਸਤੇ ਹੀ ਰੱਖਿਆ ਸੀ? ਮੁੰਡਾ ਮੇਰਾ ਸੋਨੇ ਵਰਗਾ ਸੀ, ਇਹ ਕਾਲੇ ਮੂੰਹ ਵਾਲੀ, ਨੀਲੇ ਪੈਰਾਂ ਵਾਲੀ ਉਸਨੂੰ ਕਲੰਕ ਬਣ ਕੇ ਚਿੰਬੜੀ ਹੈ ਅਤੇ ਉਹਦਾ ਪਿੱਛਾ ਛੱਡਣ ਦਾ ਨਾਂ ਨਹੀਂ ਲੈਂਦੀ। ਕਮਜ਼ਾਤੇ! ਇਸ ਘਰੋਂ ਦਫ਼ਾ ਹੋ ਜਾ, ਕੱਲ੍ਹ ਹੀ ਮੁੰਡੇ ਦਾ ਨਿਕਾਹ ਹੋਰ ਕਿਤੇ ਕਰਾ ਲਿਆਵਾਂਗੀ। ਨੀ ਮੇਰੇ ਪੁੱਤਰ ਦੇ ਤਾਂ ਤੂੰ ਪੈਰਾਂ ਵਰਗੀ ਵੀ ਨਹੀਂ। ਜੇ ਕੋਲ ਕੋਈ ਚੱਜ ਹੁੰਦਾ ਜਾਂ ਕੋਈ ਗੁਣ ਹੁੰਦਾ ਫਿਰ ਪਤਾ ਨਹੀਂ ਕੀ ਕਰਦੀ? ਅਜੇ ਤਾਂ ਐਬਾਂ ਦੇ ਨਾਲ ਭਰੀ ਹੋਈ ਹੈ ਫਿਰ ਵੀ ਇਹਦੀ ਆਕੜ ਨਹੀਂ ਦੇਖੀ ਜਾਂਦੀ। ਬੰਦੇ ਨੂੰ ਬੈਠਣ ਉੱਠਣ ਅਤੇ ਬੋਲਣ ਚਾਲਣ ਦਾ ਪਤਾ ਤਾਂ ਹੋਣਾ ਹੀ ਚਾਹੀਦਾ ਹੈ। ਕੁਝ ਨਾ ਕੁਝ ਅਕਲ ਤਾਂ ਕੋਲ ਜ਼ਰੂਰ ਹੀ ਹੋਣੀ ਚਾਹੀਦੀ ਹੈ ਪਰ ਇਹਦੀ ਅਕਲ ਤਾਂ ਪਤਾ ਨਹੀਂ ਕਿੱਥੇ ਚਲੀ ਗਈ ਹੈ? ਇਹ ਛੋਕਰੀ ਸਾਡੇ ਲਾਇਕ ਨਹੀਂ ਸੀ, ਇਹਨੂੰ ਤਾਂ ਕੰਜਰਾਂ ਦੇ ਘਰ ਜਾਣਾ ਚਾਹੀਦਾ ਸੀ।" ਨਸੀਰਹ ਲਗਾਤਾਰ ਬੋਲਦੀ ਜਾ ਰਹੀ ਸੀ। ਕਦੇ-ਕਦੇ ਉਹ ਫਾਤਮਾ ਨੂੰ ਇਹ ਗੱਲਾਂ ਸੁਣਾਉਣ ਲੱਗ ਜਾਂਦੀ ਸੀ ਅਤੇ ਕਦੇ-ਕਦੇ ਉਹ ਆਪਣੇ ਆਪ ਨਾਲ ਹੀ ਉੱਚੀ-ਉੱਚੀ ਗੱਲਾਂ ਕਰਨ ਲੱਗ ਜਾਂਦੀ ਸੀ। ਜ਼ਿਆਦਾ ਬੋਲਣ ਦੇ ਨਾਲ ਉਸਦਾ ਗਲਾ ਦੁਖਣ ਲੱਗ ਪਿਆ ਸੀ ਅਤੇ ਉਸਦਾ ਸਿਰ ਪੀੜ ਕਰਨ ਲੱਗ ਗਿਆ ਸੀ। ਉਸਦੀ ਤਬੀਅਤ ਹੋਰ ਵੀ ਜ਼ਿਆਦਾ ਖ਼ਰਾਬ ਹੋ ਗਈ ਸੀ। ਫਿਰ ਵੀ ਉਹਦੇ ਕੋਲੋਂ ਚੁੱਪ ਨਹੀਂ ਸੀ ਕੀਤਾ ਜਾਂਦਾ। ਉਹ ਫਾਤਮਾ ਉੱਪਰ ਆਪਣਾ ਗੁੱਸਾ ਕੱਢ ਰਹੀ ਸੀ।

# 4

ਫਾਤਮਾ ਨੇ ਅਖ਼ੀਰ ਵਿਚ ਟੈਲੀਫ਼ੋਨ ਦਾ ਨੰਬਰ ਡਾਇਲ ਕਰ ਦਿੱਤਾ ਸੀ ਅਤੇ ਉਹ ਅਸਗਰ ਦੇ ਨਾਲ ਜਿਹੜਾ ਕਿ ਹੋਟਲ ਵਿਚ ਆਪਣੇ ਕੰਮ ਉੱਪਰ ਸੀ, ਗੱਲਾਂ ਕਰਨੀਆਂ ਚਾਹੁੰਦੀ ਸੀ। ਟੈਲੀਫ਼ੋਨ ਦੀ ਘੰਟੀ ਵੱਜ ਰਹੀ ਸੀ। ਹੋਟਲ ਦੇ ਮੈਨੇਜਰ ਨੇ ਰਿਸੀਵਰ ਚੁੱਕਿਆ ਸੀ। ਉਸਨੇ ਪਹਿਲਾਂ ਹੋਟਲ ਦਾ ਨਾਂ ਲਿਆ ਸੀ ਅਤੇ ਫਿਰ ਉਸਨੇ ਆਪਣਾ ਨਾਂ ਦੱਸਿਆ ਸੀ।

"ਹੈਲੋ! ਇਟਸ ਮੀ, ਵਾਈਫ਼ ਆਫ਼ ਮਿਸਟਰ ਮੁਹੰਮਦ ਅਸਗਰ। ਆਈ ਵਾਂਟ ਟੂ ਟਾਕ ਵਿਦ ਮਿਸਟਰ ਅਸਗਰ ਜਸਟ ਫਾਰ ਏ ਮੋਮੰਟ, ਇਟਸ ਵੈਰੀ ਅਰਜੈਂਟ।"

"ਹੋਲਡ ਆਨ, ਪਲੀਜ਼।" ਕਹਿ ਕੇ ਮੈਨੇਜਰ ਨੇ ਰਿਸੀਵਰ ਨੂੰ ਹੇਠਾਂ ਰੱਖ ਦਿੱਤਾ ਸੀ ਅਤੇ ਉਹ ਰਸੋਈ ਵਿਚ ਅਸਗਰ ਨੂੰ ਬੁਲਾਉਣ ਦੇ ਲਈ ਚਲਾ ਗਿਆ ਸੀ। ਅਸਗਰ ਆਪਣੇ ਕੰਮ ਵਿਚ ਮਸਤ ਸੀ। ਜਦੋਂ ਮੈਨੇਜਰ ਨੇ ਉਸਨੂੰ ਦੱਸਿਆ ਸੀ ਕਿ ਕੋਈ ਟੈਲੀਫ਼ੋਨ ਉੱਪਰ ਉਸ ਨਾਲ ਗੱਲ ਬਾਤ ਕਰਨੀ ਚਾਹੁੰਦਾ ਸੀ। ਬੜੀ ਜਲਦੀ ਦੇ ਨਾਲ ਅਸਗਰ ਟੈਲੀਫ਼ੋਨ ਵੱਲ ਵਧਿਆ ਸੀ ਅਤੇ ਉਸਨੇ ਬੜੀ ਫੁਰਤੀ ਦੇ ਨਾਲ ਰਿਸੀਵਰ ਨੂੰ ਚੁੱਕ ਕੇ ਆਖਿਆ ਸੀ,

"ਹੈਲੋ! ਆਈ ਐਮ ਅਸਗਰ।"

"ਹੈਲੋ! ਇਟਸ ਮੀ ਫਾਤਮਾ।"

"ਹੈਲੋ ਡਾਰਲਿੰਗ,! ਹਾਓ ਆਰ ਯੂ ?"

"ਨਾਟ ਸੋ ਗੁੱਡ। ਰੀਅਲੀ ਆਈ ਐਮ ਫੈੱਡ ਅੱਪ ਵਿਦ ਯੂਅਰ ਫੈਮਿਲੀ।"

"ਵਟ ਇਜ਼ ਰੌਂਗ ਵਿਦ ਯੂ ?"

"ਅਸਗਰ, ਜਲਦੀ ਘਰ ਆ ਜਾ।"

"ਕਿਉਂ ? ਕੋਈ ਜ਼ਰੂਰੀ ਕੰਮ ਹੈ ?"

"ਯੈੱਸ, ਬਹੁਤ ਜ਼ਰੂਰੀ ਕੰਮ ਹੈ।"

"ਕੀ ? ਮੈਨੂੰ ਪਹਿਲਾਂ ਦੱਸ ਤਾਂ ਦੇ ?"

"ਨਹੀਂ ਮੈਂ ਫ਼ੋਨ ਤੇ ਨਹੀਂ ਦੱਸਣਾ। ਘਰ ਆ ਜਾ, ਫਿਰ ਦੱਸਾਂਗੀ।"

"ਤੂੰ ਮੈਨੂੰ ਇੱਥੇ ਦੱਸ ਦੇ।"

“ਤੈਨੂੰ ਇੱਕ ਵਾਰੀ ਕਹਿ ਦਿੱਤਾ ਜਲਦੀ ਘਰ ਆ ਜਾ, ਨਹੀਂ ਮੈਂ ਮੰਮ ਡੈਡ ਦੇ ਘਰ ਚਲੀ ਜਾਵਾਂਗੀ। ਆਈ ਕਾਂਟ ਲਿਵ ਇਨ ਯੂਅਰ ਹਾਊਸ, ਇਟ ਇਜ਼ ਜਸਟ ਲਾਇਕ ਏ ਫੋਰੈਸਟ। ਯੂਅਰ ਫੈਮਿਲੀ ਇਜ਼ ਅਨਸਿਵੀਲਾਈਜ਼ਡ।”

“ਤੂੰ ਮੈਨੂੰ ਕੋਈ ਗੱਲ ਵੀ ਦੱਸੇਂਗੀ?”

“ਤੇਰੀ ਈਡੀਅਟ ਅੰਮੀ ਮੇਰੇ ਨਾਲ ਲੜੀ ਜਾਂਦੀ ਹੈ।”

“ਅੰਮੀ? ਉਹ ਤਾਂ ਇਸ ਵੇਲੇ ਕੰਮ ’ਤੇ ਹੋਵੇਗੀ। ਉਹਦੀ ਛੁੱਟੀ ਦਾ ਅਜੇ ਟਾਇਮ ਨਹੀਂ ਹੋਇਆ? ਉਹ ਤਾਂ ਸ਼ਾਮ ਨੂੰ ਘਰ ਆਵੇਗੀ।”

“ਸ਼ਾਮ ਨੂੰ ਨਹੀਂ ਆਉਣਾ, ਉਹ ਤਾਂ ਮੇਰਾ ਸਿਰ ਖਾਣ ਨੂੰ ਚਾਰ ਘੰਟਿਆਂ ਦੀ ਘਰ ਆਣ ਕੇ ਬੈਠੀ ਹੈ। ਇਹ ਲੋਕ ਤਾਂ ਡਿਊਟੀ ਨੂੰ ਮਜ਼ਾਕ ਸਮਝਦੇ ਹਨ। ਇਹਨਾਂ ਦਾ ਤਾਂ ਘਰ ਦਾ ਹੀ ਰਾਜ ਹੈ, ਜਦੋਂ ਮਰਜ਼ੀ ਕੰਮ ਤੇ ਚਲੇ ਗਏ, ਜਦੋਂ ਜੀਅ ਕੀਤਾ ਘਰ ਵਾਪਸ ਆ ਗਏ।”

“ਅੱਛਾ ਡਾਰਲਿੰਗ! ਮੈਂ ਇਸ ਵੇਲੇ ਬਹੁਤ ਜ਼ਿਆਦਾ ਬਿਜ਼ੀ ਹਾਂ। ਮੈਨੇਜਰ ਵੀ ਮਾਈਂਡ ਕਰੇਗਾ। ਬਾਕੀ ਗੱਲਾਂ ਸ਼ਾਮ ਨੂੰ ਕਰਾਂਗੇ।”

“ਤੂੰ ਹੁਣ ਨਹੀਂ ਆ ਸਕਦਾ?”

“ਨਹੀਂ।”

“ਕਿਉਂ? ਹੁਣ ਕੀ ਗੱਲ ਹੈ?”

“ਤੈਨੂੰ ਨਹੀਂ ਪਤਾ ਕੰਮ ਬਹੁਤ ਜ਼ਿਆਦਾ ਹੈ। ਇੱਥੇ ਤਾਂ ਸਿਰ ਖੁਰਕਣ ਦੀ ਵੀ ਵਿਹਲ ਨਹੀਂ। ਇਸ ਵੇਲੇ ਤਾਂ ਅਸੀਂ ਦਸ ਮਿੰਟ ਵੀ ਨਹੀਂ ਕੱਢ ਸਕਦੇ।”

“ਤੂੰ ਆਪਣੀ ਕਰੇਜ਼ੀ ਅੰਮੀ ਨੂੰ ਸੂਤ ਕਰ ਲੈ ਨਹੀਂ ਤਾਂ ਮੈਂ ਉਸਦਾ ਮਰਡਰ ਕਰ ਦੇਣਾ ਹੈ ਫਿਰ ਨਾ ਆਖੀਂ? ਮੇਰੀ ਉਸਨੇ ਬਹੁਤ ਇਨਸਲਟ ਕੀਤੀ ਹੈ। ਮੈਂ ਇਸ ਨੂੰ ਟੌਲਰੇਟ ਨਹੀਂ ਕਰ ਸਕਦੀ।”

“ਓ. ਕੇ. ਮੈਂ ਸ਼ਾਮ ਨੂੰ ਆਣ ਕੇ ਗੱਲ ਕਰਾਂਗਾ। ਜੇ ਉਹ ਕੁਝ ਬੋਲੇ ਵੀ ਤਾਂ ਵੀ ਤੂੰ ਅੰਮੀ ਅੱਗੇ ਮੂੰਹ ਨਹੀਂ ਖੋਲ੍ਹਣਾ। ਤੂੰ ਚੁੱਪ ਹੀ ਰਹੀਂ।”

“ਉਹ ਮੈਨੂੰ ਜੋ ਕੁਝ ਮਰਜ਼ੀ ਆਖੀ ਜਾਵੇ, ਮੈਂ ਉਹਦੀਆਂ ਗਾਲ੍ਹਾਂ ਚੁੱਪ ਕਰਕੇ ਸੁਣੀ ਜਾਵਾਂ? ਕਿਉਂ ਮੈਂ ਉਹਦਾ ਕਰਜ਼ਾ ਦੇਣਾ ਹੈ? ਅੰਮੀ ਤੇਰੀ ਲੱਗਦੀ ਹੋਵੇਗੀ, ਮੇਰੀ ਉਹ ਕੁਝ ਨਹੀਂ ਲੱਗਦੀ। ਜੇ ਤੈਨੂੰ ਉਹਦਾ ਐਨਾ ਹੀ ਪਿਆਰ ਆਉਂਦਾ ਹੈ, ਤੂੰ ਉਹਨੂੰ ਆਪਣੇ ਨਾਲ ਲੈ ਜਾਇਆ ਕਰ। ਮੇਰੀ ਤੂੰ ਕੋਈ ਵਰੀ ਨਾ ਕਰੀਂ, ਮੈਂ ਆਪਣੇ ਘਰ ਚਲੀ ਜਾਵਾਂਗੀ।”

"ਡਾਰਲਿੰਗ! ਹੁਣ ਬੱਸ ਕਰ, ਕਾਫ਼ੀ ਦੇਰ ਹੋ ਗਈ ਹੈ। ਬਾਕੀ ਗੱਲਾਂ ਫਿਰ ਕਰ ਲਵਾਂਗੇ। ਗੱਲਾਂ ਤੇ ਮੁੱਕਣੀਆਂ ਨਹੀਂ। ਓ. ਕੇ. ਬਾਏ-ਬਾਏ।"

"ਓ. ਕੇ. ਬਾਏ-ਬਾਏ।" ਕਹਿ ਕੇ ਫਾਤਮਾ ਨੇ ਟੈਲੀਫ਼ੋਨ ਦਾ ਰਿਸੀਵਰ ਥੱਲੇ ਰੱਖ ਦਿੱਤਾ ਸੀ। ਫਿਰ ਉਹ ਆਪਣੇ ਕਮਰੇ ਵਿਚ ਚਲੀ ਗਈ ਸੀ ਅਤੇ ਬਿਸਤਰੇ ਉੱਪਰ ਲੇਟ ਗਈ ਸੀ। ਫਾਤਮਾ ਨੇ ਮੁੜ ਕੇ ਆਪਣੀ ਸੱਸ ਨਸੀਰਹ ਦੀ ਗੱਲ ਵਿਚ ਕੋਈ ਹੁੰਗਾਰਾ ਨਹੀਂ ਸੀ ਭਰਿਆ।

ਸ਼ਾਮ ਨੂੰ ਬਾਕੀ ਦੇ ਜੀਅ ਵੀ ਘਰ ਆ ਗਏ ਸਨ। ਅਸਗਰ ਜਿਉਂ ਹੀ ਕੰਮ ਤੋਂ ਵਾਪਸ ਆਣ ਕੇ ਘਰ ਦੇ ਦਰਵਾਜ਼ੇ ਅੰਦਰ ਵੜਿਆ ਸੀ, ਨਸੀਰਹ ਨੇ ਝੱਟ ਦੇ ਨਾਲ ਅਸਗਰ ਨੂੰ ਆਵਾਜ਼ ਮਾਰੀ ਸੀ,

"ਅਸਗਰ, ਇੱਕ ਮਿੰਟ ਮੇਰੀ ਗੱਲ ਸੁਣ ਕੇ ਜਾਵੀਂ।"

"ਹਾਂ, ਕੀ ਗੱਲ ਹੈ ? ਐਨਾ ਜ਼ਰੂਰੀ ਕੰਮ ਪੈ ਗਿਆ ?" ਐਨਾ ਕਹਿ ਕੇ ਅਸਗਰ ਆਪਣੀ ਅੰਮੀ ਦੇ ਕੋਲ ਚਲਾ ਗਿਆ ਸੀ।

"ਇਕ ਮਿੰਟ ਅੰਦਰ ਚੱਲ, ਤੇਰੇ ਨਾਲ ਬਹੁਤ ਜ਼ਰੂਰੀ ਗੱਲ ਕਰਨੀ ਹੈ।" ਇਹ ਕਹਿ ਕੇ ਨਸੀਰਹ ਕਮਰੇ ਅੰਦਰ ਚਲੀ ਗਈ ਸੀ। ਅਸਗਰ ਵੀ ਆਪਣੀ ਅੰਮੀ ਦੇ ਮਗਰ-ਮਗਰ ਕਮਰੇ ਅੰਦਰ ਚਲਾ ਗਿਆ ਸੀ। ਕਮਰੇ ਅੰਦਰ ਅਸਗਰ ਦਾ ਪਿਉ ਮੁਹੰਮਦ ਅਜ਼ੀਜ਼ ਅਤੇ ਅਸਗਰ ਦੀਆਂ ਦੋਵੇਂ ਭੈਣਾਂ ਬਾਨੋਂ ਅਤੇ ਜ਼ੁਲੈਖਾਂ ਬੈਠੀਆਂ ਹੋਈਆਂ ਸਨ। ਨਸੀਰਹ ਨੇ ਜਾਂਦਿਆਂ ਹੀ ਬਾਨੋਂ ਅਤੇ ਜ਼ੁਲੈਖਾਂ ਨੂੰ ਕਮਰੇ ਵਿਚੋਂ ਬਾਹਰ ਜਾਣ ਦੇ ਲਈ ਕਹਿ ਦਿੱਤਾ ਸੀ।

"ਬਾਨੋਂ! ਜ਼ੁਲੈਖਾਂ! ਪੰਜ ਮਿੰਟ ਦੇ ਲਈ ਤੁਸੀਂ ਆਪਣੇ ਕਮਰੇ ਵਿਚ ਚਲੀਆਂ ਜਾਉ। ਜਲਦੀ ਕਰੋ, ਬਹੁਤੀ ਦੇਰ ਨਾ ਕਰੋ।"

"ਕਿਉਂ ਅੰਮੀ, ਕੀ ਗੱਲ ਹੋ ਗਈ ? ਅਸੀਂ ਤੁਹਾਨੂੰ ਇੱਥੇ ਬੈਠੀਆਂ ਚੰਗੀਆਂ ਨਹੀਂ ਲੱਗਦੀਆਂ ?" ਬਾਨੋਂ ਨੇ ਆਪਣੀ ਮਾਂ ਨਸੀਰਹ ਦੇ ਚਿਹਰੇ ਵੱਲ ਬੜੀ ਨੀਝ ਦੇ ਨਾਲ ਦੇਖਦੀ ਹੋਈ ਨੇ ਆਖਿਆ ਸੀ।

"ਤੁਹਾਨੂੰ ਸੁਣਿਆ ਨਹੀਂ, ਅਸੀਂ ਕੋਈ ਜ਼ਰੂਰੀ ਗੱਲ ਕਰਨੀ ਹੈ।" ਨਸੀਰਹ ਨੇ ਉਹਨਾਂ ਨੂੰ ਘੂਰਦੀ ਹੋਈ ਨੇ ਕਿਹਾ ਸੀ।

"ਅੰਮੀ, ਅਸੀਂ ਨਹੀਂ ਤੁਹਾਡੀ ਗੱਲ ਸੁਣ ਸਕਦੇ ?" ਜ਼ੁਲੈਖਾਂ ਨੇ ਮੁਸਕਰਾਉਂਦੀ ਹੋਈ ਨੇ ਨਸੀਰਹ ਦੇ ਕੋਲੋਂ ਪੁੱਛਿਆ ਸੀ।

"ਨਹੀਂ, ਤੁਸੀਂ ਸਾਡੀਆਂ ਗੱਲਾਂ ਨਹੀਂ ਸੁਣ ਸਕਦੀਆਂ। ਤੁਸੀਂ ਸਾਡੀਆਂ ਗੱਲਾਂ ਵਿਚੋਂ ਕੀ ਲੈਣਾ ਦੇਣਾ ਹੈ? ਕਦੇ ਵੀ ਸਿਆਣਿਆਂ ਦੀਆਂ ਗੱਲਾਂ ਵਿਚ ਨਹੀਂ ਆਈਦਾ।" ਨਸੀਰਹ ਇੱਕ ਉਂਗਲ ਦੇ ਨਾਲ ਉਹਨਾਂ ਨੂੰ ਕਮਰੇ ਵਿਚੋਂ ਬਾਹਰ ਜਾਣ ਦਾ ਇਸ਼ਾਰਾ ਕਰਦੀ ਹੋਈ ਕਹਿ ਰਹੀ ਸੀ।

"ਮੰਮੀ, ਪਲੀਜ਼!" ਜ਼ੁਲੈਖਾਂ ਨੇ ਤਰਲਾ ਜਿਹਾ ਲਿਆ ਸੀ।

"ਤੁਹਾਨੂੰ ਇੱਕ ਵਾਰ ਨਹੀਂ ਸੁਣਦਾ, ਇਕਦਮ ਇਸ ਕਮਰੇ ਵਿਚੋਂ ਬਾਹਰ ਚਲੀਆਂ ਜਾਉ। ਟਾਈਮ ਨੂੰ ਵੇਸਟ ਨਾ ਕਰੋ।"

ਨਸੀਰਹ ਦੀ ਗੱਲ ਮੰਨ ਕੇ ਬਾਨੋਂ ਅਤੇ ਜ਼ੁਲੈਖਾਂ ਆਪਣੇ ਕਮਰੇ ਵਿਚ ਚਲੀਆਂ ਗਈਆਂ ਸਨ। ਨਸੀਰਹ ਨੇ ਕਮਰੇ ਨੂੰ ਅੰਦਰੋਂ ਕੁੰਡੀ ਲਗਾ ਕੇ ਦਰਵਾਜ਼ੇ ਨੂੰ ਚੰਗੀ ਤਰ੍ਹਾਂ ਬੰਦ ਕਰ ਦਿੱਤਾ ਸੀ। ਨਸੀਰਹ ਅਸਗਰ ਦੇ ਕੋਲ ਬਹਿੰਦੀ ਹੋਈ ਆਖ ਰਹੀ ਸੀ,

"ਪੁੱਤਰ, ਦੇਖ ਲੈ ਇਹ ਕਾਲੇ ਮੂੰਹ ਵਾਲੀ ਕੀ ਕਰਤੂਤਾਂ ਘੋਲਣ ਲੱਗ ਪਈ ਹੈ? ਅਜੇ ਇੱਥੇ ਆਈ ਨੂੰ ਕੁਝ ਮਹੀਨੇ ਹੀ ਹੋਏ ਹਨ। ਇਸਨੇ ਹੁਣ ਤੋਂ ਹੀ ਸਾਨੂੰ ਜ਼ਲੀਲ ਕਰਨਾ ਸ਼ੁਰੂ ਕਰ ਦਿੱਤਾ ਹੈ। ਸਾਡੀ ਇੱਜ਼ਤ ਨੂੰ ਇਹ ਪੈਰਾਂ ਹੇਠ ਰੋਲਣ 'ਤੇ ਤੁਲੀ ਬੈਠੀ ਹੈ। ਇਸਨੇ ਤਾਂ ਸ਼ਰਮ ਹਯਾ ਨੂੰ ਲਾਹ ਕੇ ਵੇਚ ਕੇ ਖਾ ਲਿਆ ਹੈ। ਸਾਡੀ ਸਾਰੀ ਉਮਰ ਦੀ ਬਣੀ ਹੋਈ ਇੱਜ਼ਤ ਨੂੰ ਇਸਨੇ ਮਿੱਟੀ ਵਿਚ ਮਿਲਾਉਣਾ ਸ਼ੁਰੂ ਕਰ ਦਿੱਤਾ ਹੈ। ਪੁੱਤਰ, ਅਸੀਂ ਤਾਂ ਕਿਤੇ ਖੜ੍ਹਨ ਜੋਗੇ ਵੀ ਨਹੀਂ ਰਹਿ ਗਏ। ਅਸੀਂ ਲੋਕਾਂ ਨੂੰ ਕਿਹੜਾ ਮੂੰਹ ਦਿਖਾਵਾਂਗੇ? ਜੇਕਰ ਕੋਈ ਦੇਖੇ ਸੁਣੇਗਾ ਤਾਂ ਕੀ ਆਖੇਗਾ?" ਨਸੀਰਹ ਬੜੀ ਉਦਾਸ ਜਿਹੀ ਨਜ਼ਰ ਆਉਂਦੀ ਸੀ। ਉਸਦੇ ਦਿਲ ਨੂੰ ਡੂੰਘਾ ਸਦਮਾ ਪਹੁੰਚਿਆ ਸੀ। ਨਸੀਰਹ ਨੇ ਸਾਰੀ ਵਾਰਦਾਤ ਆਪਣੇ ਪਤੀ ਮੁਹੰਮਦ ਅਜ਼ੀਜ਼ ਨੂੰ ਪਹਿਲਾਂ ਹੀ ਦੱਸ ਦਿੱਤੀ ਸੀ। ਮੁਹੰਮਦ ਅਜ਼ੀਜ਼ ਕਮਰੇ ਦੀ ਇੱਕ ਨੁੱਕਰ ਵਿਚ ਧੌਣ ਥੱਲੇ ਨੂੰ ਸੁੱਟੀ ਹੋਈ ਬੈਠਾ ਹੋਇਆ ਸੀ। ਉਹ ਆਪਣੀਆਂ ਸੋਚਾਂ ਵਿਚ ਗੁਆਚਿਆ ਹੋਇਆ ਸੀ ਅਤੇ ਫਿਰ ਵੀ ਉਸਦੀ ਉਤਸੁਕਤਾ ਨਸੀਰਹ ਦੇ ਬੋਲਾਂ ਵੱਲ ਸੀ। ਉਹ ਬੜੇ ਧਿਆਨ ਦੇ ਨਾਲ ਉਸਦੀਆਂ ਗੱਲਾਂ ਨੂੰ ਸੁਣ ਰਿਹਾ ਸੀ ਚਾਹੇਕਿ ਉਹ ਆਪ ਕੋਈ ਵੀ ਲਫ਼ਜ਼ ਨਹੀਂ ਸੀ ਬੋਲ ਰਿਹਾ। ਅਸਗਰ ਬੜੀ ਹੈਰਾਨੀ ਦੇ ਨਾਲ ਨਸੀਰਹ ਦੀਆਂ ਗੱਲਾਂ ਸੁਣ ਰਿਹਾ ਸੀ। ਉਸਨੂੰ ਸਮਝ ਨਹੀਂ ਸੀ ਆ ਰਹੀ ਕਿ ਨਸੀਰਹ ਕੀ ਕਹਿਣਾ ਚਾਹੁੰਦੀ ਸੀ? ਉਹ ਬੜੀ ਨੀਝ ਦੇ ਨਾਲ ਆਪਣੀ ਅੰਮੀ ਦੇ ਚਿਹਰੇ ਨੂੰ

ਪੜ੍ਹਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਸੀ। ਇਸ ਲਈ ਉਸਨੇ ਆਪਣੀ ਅੰਮੀ ਨੂੰ ਸਵਾਲ ਕੀਤਾ ਸੀ।

"ਅੰਮੀ, ਕੀ ਗੱਲ ਹੋ ਗਈ ਹੈ ? ਤੁਸੀਂ ਕਹਿਣਾ ਕੀ ਚਾਹੁੰਦੇ ਹੋ ? ਮੈਨੂੰ ਚੰਗੀ ਤਰ੍ਹਾਂ ਵਿਚਲੀ ਗੱਲ ਦੱਸੋ, ਮੈਨੂੰ ਇਸ ਤਰ੍ਹਾਂ ਕੋਈ ਸਮਝ ਨਹੀਂ ਆਉਂਦੀ।"

"ਪੁੱਤਰ, ਤੂੰ ਕਿਹੜਾ ਹੁਣ ਨਿਆਣਾ ਏਂ ? ਤੈਨੂੰ ਕੀ ਦੱਸਾਂ ? ਮੈਨੂੰ ਤੇ ਦੱਸਦੀ ਨੂੰ ਵੀ ਸ਼ਰਮ ਆਉਂਦੀ ਹੈ। ਤੈਨੂੰ ਸਾਫ਼ ਲਫ਼ਜ਼ਾਂ ਵਿਚ ਦੱਸ ਦਿਆਂ ਤੇਰੀ ਜ਼ਨਾਨੀ ਦਾ ਚਾਲ ਚੱਲਣ ਠੀਕ ਨਹੀਂ। ਅਸੀਂ ਸਾਰੇ ਤਾਂ ਆਪੋ-ਆਪਣੇ ਕੰਮਾਂ ਉੱਪਰ ਚਲੇ ਜਾਂਦੇ ਹਾਂ, ਇਹ ਮਗਰੋਂ ਪਰਾਏ-ਮਰਦਾਂ ਨੂੰ ਘਰ ਬੁਲਾਉਂਦੀ ਹੈ ਅਤੇ ਸਾਡੀ ਇੱਜ਼ਤ ਨੂੰ ਦਾਗ਼ ਲਗਾਉਂਦੀ ਹੈ। ਪੁੱਤਰ, ਤੇਰੀਆਂ ਮੈਂ ਲੱਖ ਮਿੰਨਤਾਂ ਕੀਤੀਆਂ ਸਨ ਕਿ ਇਸ ਕੁੜੀ ਦਾ ਆਚਰਣ ਠੀਕ ਨਹੀਂ। ਤੇਰੇ ਮੈਂ ਐਨੇ ਤਰਲੇ ਪਾਏ ਸਨ ਪਰੰਤੂ ਤੂੰ ਮੇਰੀ ਇੱਕ ਨਾ ਮੰਨੀ। ਜੇਕਰ ਤੂੰ ਉਦੋਂ ਸਾਡੇ ਆਖੇ ਲੱਗਿਆ ਹੁੰਦਾ ਤਾਂ ਅੱਜ ਸਾਨੂੰ ਖੱਜਲ-ਖੁਆਰ ਨਾ ਹੋਣਾ ਪੈਂਦਾ। ਅੱਜ ਸਾਡੀ ਇੱਜ਼ਤ ਨੂੰ ਦਾਗ਼ ਨਹੀਂ ਸੀ ਲੱਗਣਾ। ਤੈਨੂੰ ਕਿਤੇ ਕੁੜੀਆਂ ਦਾ ਕੋਈ ਘਾਟਾ ਸੀ ? ਤੈਨੂੰ ਥਾਂ-ਥਾਂ ਤੋਂ ਰਿਸ਼ਤੇ ਆਉਂਦੇ ਸਨ। ਪੁੱਤਰ, ਕਿਸੇ ਖ਼ਾਨਦਾਨ ਦੀ ਧੀ ਸਾਡੇ ਘਰ ਆਈ ਹੁੰਦੀ, ਸਾਡੀ ਇੱਜ਼ਤ ਹੋਰ ਜ਼ਿਆਦਾ ਬਣਾਉਂਦੀ। ਤੂੰ ਚੰਗੀਆਂ-ਚੰਗੀਆਂ, ਸੋਹਣੀਆਂ ਸੁਨੱਖੀਆਂ ਭਲੀਆਂਮਾਣਸਾਂ ਕੁੜੀਆਂ ਦੇ ਰਿਸ਼ਤਿਆਂ ਨੂੰ ਠੁਕਰਾਇਆ। ਤੂੰ ਇਸ ਕਮਜ਼ਾਤ ਉੱਤੇ ਹੀ ਜਾਨ ਦਿੰਦਾ ਰਿਹਾ। ਨਾ ਇਹਨੂੰ ਬੈਠਣ-ਉੱਠਣ ਦਾ ਚੱਜ ਹੈ, ਨਾ ਬੋਲਣ ਦਾ। ਜਦੋਂ ਅਵਾ-ਤਵਾ ਬੋਲਦੀ ਹੈ, ਫਿਰ ਕੋਈ ਵੱਡਾ ਛੋਟਾ ਨਹੀਂ ਦੇਖਦੀ। ਨਾ ਕੋਈ ਘਰ ਦਾ ਕੰਮ ਕਰਦੀ ਹੈ, ਨਾ ਬਾਹਰ ਕੰਮ ਉੱਪਰ ਜਾਂਦੀ ਹੈ। ਸਾਰਾ-ਸਾਰਾ ਦਿਨ ਕਮਰਿਆਂ ਅੰਦਰ ਲੇਟੀ ਰਹਿੰਦੀ ਹੈ। ਇਹਦਾ ਤਾਂ ਸਾਨੂੰ ਭੋਰਾ ਵੀ ਸਹਾਰਾ ਨਹੀਂ। ਲੋਕਾਂ ਦੀਆਂ ਵੀ ਨੂੰਹਾਂ ਹਨ। ਸਾਰਾ-ਸਾਰਾ ਦਿਨ ਬਾਹਰ ਕੰਮ ਉੱਪਰ ਜਾਂਦੀਆਂ ਹਨ ਅਤੇ ਸ਼ਾਮ ਨੂੰ ਆਣ ਕੇ ਸਾਰਾ ਕੰਮ ਘਰਾਂ ਦਾ ਕਰਦੀਆਂ ਹਨ। ਇਹ ਇਕ ਤਾਂ ਵਿਹਲੀ ਰਹਿੰਦੀ ਹੈ, ਦੂਜਾ ਬਕਵਾਸ ਕਰਦੀ ਰਹਿੰਦੀ ਹੈ ਅਤੇ ਸਾਡੀ ਗ਼ੈਰ-ਹਾਜ਼ਰੀ ਵਿਚ ਪਰਾਏ ਬੰਦਿਆਂ ਨੂੰ ਘਰ ਬੁਲਾ ਕੇ ਸਾਡੇ ਸਿਰ ਖੇਹ ਉਡਾਉਂਦੀ ਹੈ। ਪੁੱਤਰ, ਤੂੰ ਅਜੇ ਵੀ ਸੰਭਲ ਜਾ, ਮੌਕੇ ਨੂੰ ਸੰਭਾਲ, ਨਹੀਂ ਤਾਂ ਜੇਕਰ ਵੇਲਾ ਹੱਥੋਂ ਨਿਕਲ ਗਿਆ ਫਿਰ ਸਾਰੀ ਜ਼ਿੰਦਗੀ ਪਛਤਾਵੇਂਗਾ। ਇਹੋ ਜਿਹੀ ਤੀਵੀਂ ਦਾ, ਆਦਮੀ ਨੂੰ ਵਿਸਾਹ ਨਹੀਂ ਖਾਣਾ ਚਾਹੀਦਾ। ਇਹੋ ਜਿਹੀ ਜੇ ਯਾਰਾਂ ਕੋਲੋਂ ਖ਼ਸਮ ਨੂੰ ਵੀ ਮਰਵਾ ਦੇਵੇ ਤਾਂ ਕੋਈ ਇਹਦੀ ਕੀ ਲੱਤ ਭੰਨ ਲਵੇਗਾ ? ਪੁੱਤਰ, ਅਜੇ ਵੀ ਸਿਆਣਾ ਬਣ। ਉਹਦੇ

ਉੱਪਰ ਰੋਅਬ ਪਾ ਅਤੇ ਉਹਨੂੰ ਜੁੱਤੀ ਹੇਠ ਰੱਖ ਨਹੀਂ ਤਾਂ ਜੇਕਰ ਉਹ ਤੇਰੇ ਹੱਥਾਂ ਵਿਚੋਂ ਨਿਕਲ ਗਈ ਤਾਂ ਸਾਰੀ ਉਮਰ ਤੂੰ ਉਹਦੇ ਭਾਂਡੇ ਮਾਂਜਣ ਜੋਗਾ ਹੀ ਰਹਿ ਜਾਵੇਂਗਾ। ਜੇ ਮੇਰੀ ਮੰਨੇਂ ਤਾਂ ਚੁੱਪ ਕਰਕੇ ਇਸ ਬਦਕਾਰ ਨੂੰ ਛੱਡ ਦੇ। ਇਕ ਹਫ਼ਤੇ ਦੇ ਅੰਦਰ ਹੀ ਤੇਰਾ ਰਿਸ਼ਤਾ ਕਿਸੇ ਚੰਗੇ ਘਰ ਕਰ ਦੇਵਾਂਗੀ। ਸਾਡੇ ਲਈ ਕੁੜੀਆਂ ਦਾ ਕਾਲ ਨਹੀਂ ਪੈ ਗਿਆ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਜੇ ਤੈਨੂੰ ਸਾਡੇ ਉੱਪਰ ਕੋਈ ਤਰਸ ਨਹੀਂ ਆਉਂਦਾ ਘੱਟੋ-ਘੱਟ ਤੂੰ ਆਪਣੇ ਆਪ ਉੱਪਰ ਹੀ ਕੋਈ ਰਹਿਮ ਕਰ। ਦੇਖ ਪੁੱਤਰ, ਆਪਣੀ ਜਵਾਨੀ ਨੂੰ ਮਿੱਟੀ ਵਿਚ ਨਾ ਰੋਲ। ਇਸ ਬਲਾ ਨੂੰ ਕਿਸੇ ਨਾ ਕਿਸੇ ਢੰਗ ਦੇ ਨਾਲ ਆਪਣੇ ਗਲੋਂ ਉਤਾਰ ਦੇ। ਨਾਲੇ ਸਾਡੀ ਵੀ ਜਾਨ ਕੁਝ ਸੁਖਾਲੀ ਹੋ ਜਾਵੇਗੀ। ਅਸੀਂ ਤੇਰੇ ਦੁਸ਼ਮਣ ਨਹੀਂ, ਤੇਰਾ ਭਲਾ ਹੀ ਸੋਚਦੇ ਹਾਂ। ਇਹ ਬਦਕਾਰ ਸੁਧਰਨ ਵਾਲੀ ਹੈ ਨਹੀਂ। ਅੱਜ ਇਹ ਇਕ ਨੂੰ ਘਰ ਬੁਲਾਉਂਦੀ ਹੈ, ਕੱਲ੍ਹ ਨੂੰ ਹੋਰ ਵੀ ਕਈਆਂ ਨੂੰ ਘਰ ਬੁਲਾਏਗੀ। ਪੁੱਤਰ, ਸਾਡੇ ਕੋਲੋਂ ਤਾਂ ਇਹ ਚੀਜ਼ਾਂ ਬਰਦਾਸ਼ਤ ਨਹੀਂ ਹੋਣੀਆਂ।" ਨਸੀਰਹ ਇਕੋ ਸਾਹ ਹੀ ਲਗਾਤਾਰ ਬੋਲਦੀ ਜਾ ਰਹੀ ਸੀ। ਜ਼ਿਆਦਾ ਬੋਲਣ ਦੇ ਨਾਲ ਉਸਦਾ ਗਲਾ ਖ਼ੁਸ਼ਕ ਹੋ ਰਿਹਾ ਸੀ।

ਅਸਗਰ ਨੂੰ ਆਪਣੀ ਅੰਮੀ ਦੀਆਂ ਗੱਲਾਂ ਉੱਪਰ ਯਕੀਨ ਨਹੀਂ ਸੀ ਆ ਰਿਹਾ। ਇਸ ਲਈ ਉਸਨੇ ਝੱਟ ਦੇ ਨਾਲ ਪੁੱਛਿਆ ਸੀ,

"ਅੰਮੀ, ਤੁਸੀਂ ਘਰ ਕਿਸੇ ਨੂੰ ਆਉਂਦੇ ਵੀ ਦੇਖਿਆ ਹੈ ਜਾਂ ਵੈਸੇ ਹੀ ਲੋਕਾਂ ਦੀਆਂ ਗੱਲਾਂ ਸੁਣਕੇ ਵਿਸ਼ਵਾਸ ਕਰੀ ਜਾਂਦੇ ਹੋ ?"

"ਵੇ ਪੁੱਤਰ, ਮੈਨੂੰ ਤੇਰੀ ਕਸਮ ਲੱਗੇ ਜੇਕਰ ਮੈਂ ਰੱਤੀ ਭਰ ਵੀ ਝੂਠ ਬੋਲਾਂ। ਅੱਜ ਮੇਰੀ ਤਬੀਅਤ ਖ਼ਰਾਬ ਹੋ ਗਈ ਸੀ। ਇਸ ਲਈ ਮੈਂ ਜਲਦੀ ਛੁੱਟੀ ਲੈ ਕੇ ਆ ਗਈ ਸੀ। ਜਦੋਂ ਮੈਂ ਘਰ ਆਈ, ਦਰਵਾਜ਼ਿਉਂ ਬਾਹਰ ਅੱਧਾ ਘੰਟਾ ਖੜੀ ਰਹੀ। ਮੈਂ ਬਥੇਰੀਆਂ ਘੰਟੀਆਂ ਵਜਾਈਆਂ ਅਤੇ ਦਰਵਾਜ਼ੇ ਨੂੰ ਖੜਕਾਇਆ ਪਰੰਤੂ ਇਸਨੇ ਬੂਹਾ ਖੋਲ੍ਹਣ ਦਾ ਨਾਂ ਹੀ ਨਹੀਂ ਲਿਆ। ਅਖ਼ੀਰ ਫਿਰ ਇਹਨੇ ਆਪਣੀ ਮਰਜ਼ੀ ਦੇ ਨਾਲ ਦਰਵਾਜ਼ੇ ਨੂੰ ਖੋਲ੍ਹਿਆ। ਜਦੋਂ ਮੈਂ ਅੰਦਰ ਮੰਜੇ ਉੱਪਰ ਜਾ ਲੇਟੀ ਤਾਂ ਮੈਂ ਇੱਕ ਛੋਕਰੇ ਨੂੰ ਤੁਹਾਡੇ ਕਮਰੇ ਅੰਦਰੋਂ ਬਾਹਰ ਨਿਕਲਦੇ ਹੋਏ ਦੇਖਿਆ, ਇਹ ਵੀ ਉਹਦੇ ਨਾਲ ਹੱਸਦੀ ਹੋਈ ਗਿਟਮਿਟ ਕਰ ਰਹੀ ਸੀ। ਉਹਦੇ ਨਾਲ ਤਾਂ ਹੱਸ-ਹੱਸ ਕੇ ਗੱਲਾਂ ਕਰਦੀ ਸੀ ਅਤੇ ਮੇਰੇ ਨਾਲ ਤਾਂ ਸਿੱਧੇ ਮੂੰਹ ਬੋਲਦੀ ਵੀ ਨਹੀਂ। ਬਾਹਰਲੇ ਦਰਵਾਜ਼ੇ ਵਿਚ ਵੀ ਇਹ ਉਸ ਛੋਕਰੇ ਦੇ ਨਾਲ ਗੱਲਾਂ ਕਰਦੀ ਰਹੀ। ਜੇ ਝੂਠ ਹੈ ਤਾਂ ਉਸਨੂੰ

ਮੇਰੇ ਮੂੰਹ ਦੇ ਸਾਹਮਣੇ ਲਿਆ ਕੇ ਪੁੱਛ। ਜੇਕਰ ਉਹ ਝੂਠ ਬੋਲੇਗੀ ਤਾਂ ਮੈਂ ਉਹਦੀਆਂ ਸਾਰਿਆਂ ਦੇ ਸਾਹਮਣੇ ਲੱਤਾਂ ਵੀ ਤੋੜਾਂਗੀ। ਪੁੱਤਰ, ਇਹਨੂੰ ਕਿਸੇ ਦਾ ਡਰ ਨਹੀਂ ਰਹਿ ਗਿਆ। ਜੇਕਰ ਇਹਨੂੰ ਕਿਸੇ ਦਾ ਡਰ ਹੋਵੇ ਤਾਂ ਇਹ ਕਿਉਂ ਇਸ ਤਰ੍ਹਾਂ ਕਰੇ? ਇਹ ਹੁਣ ਸਾਡੇ ਘਰ ਦੀ ਭੇਤਣ ਹੋ ਗਈ ਹੈ। ਅਸੀਂ ਇਹਦੇ ਨਾਲ ਜਿੰਨਾ ਜ਼ਿਆਦਾ ਲਿਹਾਜ਼ ਕਰਦੇ ਹਾਂ ਉੱਨਾ ਜ਼ਿਆਦਾ ਇਹ ਹੋਰ ਭੂਹੇ ਚੜ੍ਹਦੀ ਹੈ। ਇਕ ਵਾਰ ਡਾਂਗ ਫੜ ਕੇ ਇਹਨੂੰ ਚੰਗੀ ਤਰ੍ਹਾਂ ਸਿੱਧੀ ਕਰ, ਉਂਝ ਪਿਆਰ ਦੇ ਨਾਲ ਇਹਨੇ ਸੁਧਰਨਾ ਵੀ ਨਹੀਂ। ਇਹ ਬਦਕਾਰ ਕੁੜੀ ਤਾਂ ਜੁੱਤੀ ਨਾਲ ਹੀ ਮੰਨਣ ਵਾਲੀ ਹੈ।” ਨਸੀਰਹ ਦੀਆਂ ਗੱਲਾਂ ਦਾ ਅਸਗਰ ਉੱਪਰ ਕਾਫ਼ੀ ਜ਼ਿਆਦਾ ਅਸਰ ਹੋ ਰਿਹਾ ਸੀ। ਇਸ ਲਈ ਉਸਨੇ ਨਸੀਰਹ ਨੂੰ ਆਖਿਆ ਸੀ,

“ਅੰਮੀ ਜਾਨ, ਤੁਸੀਂ ਫ਼ਿਕਰ ਨਾ ਕਰੋ। ਮੈਂ ਹੁਣੇ ਹੀ ਜਾ ਕੇ ਉਹਦੀ ਖ਼ਬਰ ਚੰਗੀ ਤਰ੍ਹਾਂ ਲੈਂਦਾ ਹਾਂ ਪਰੰਤੂ ਤੁਸੀਂ ਉਸਨੂੰ ਕੋਈ ਗੱਲ ਨਹੀਂ ਆਖਣੀ।”

ਅਸਗਰ ਇਹ ਗੱਲ ਕਹਿ ਕੇ ਆਪਣੇ ਕਮਰੇ ਵਿਚ ਚਲਾ ਗਿਆ ਸੀ। ਜਿੱਥੇ ਫਾਤਮਾ ਲੰਮੀ ਪਈ ਹੋਈ ਸੀ। ਅਸਗਰ ਨੂੰ ਦੇਖ ਕੇ ਫਾਤਮਾ ਮੁਸਕਰਾਈ ਸੀ, ਜਿਸਨੂੰ ਦੇਖ ਕੇ ਅਸਗਰ ਦਾ ਅੱਧਾ ਗੁੱਸਾ ਤਾਂ ਉਂਝ ਹੀ ਠੰਡਾ ਹੋ ਗਿਆ ਸੀ। ਫਿਰ ਵੀ ਉਸਨੇ ਜਾਂਦਿਆਂ ਹੀ ਫਾਤਮਾ ਦੇ ਕੋਲੋਂ ਪੁੱਛਿਆ ਸੀ,

“ਫਾਤਮਾ!”

“ਕੀ?”

“ਅੱਜ ਘਰੇ ਕੌਣ ਆਇਆ ਸੀ?”

“ਪੀਟਰ ਆਇਆ ਸੀ।”

“ਕਿਹੜਾ ਪੀਟਰ?”

“ਮੇਰਾ ਕਲਾਸ ਫੈਲੋ, ਬਹੁਤ ਹੀ ਨਾਈਸ ਮੁੰਡਾ ਹੈ। ਨੇਚਰ ਵੀ ਵਿਚਾਰੇ ਦੀ ਬੜੀ ਚੰਗੀ ਹੈ।”

“ਕੀ ਕਰਨ ਆਇਆ ਸੀ?”

“ਕੀ ਗੱਲ ਉਹ ਮਿਲਣ ਦੇ ਲਈ ਵੀ ਨਹੀਂ ਆ ਸਕਦਾ? ਅਸਗਰ, ਤੇਰੀ ਅੰਮੀ ਮੈਨੂੰ ਗ਼ਲਤ ਸਮਝਦੀ ਹੈ। ਮੈਂ ਉਸ ਤਰ੍ਹਾਂ ਦੀ ਲੜਕੀ ਨਹੀਂ ਹਾਂ। ਜਿਸ ਤਰ੍ਹਾਂ ਦੀ ਤੇਰੀ ਅੰਮੀ ਮੈਨੂੰ ਸਮਝਦੀ ਹੈ। ਤੇਰੇ ਨਾਲ ਵੀ ਤਾਂ ਕਈ ਕੁੜੀਆਂ ਦੀ ਹੈਲੋ-ਹੈਲੋ ਹੈ, ਦੱਸ ਮੈਨੂੰ ਮੈਂ ਕਦੇ ਮਾਈਂਡ ਕੀਤਾ ਹੈ? ਟਰੱਸਟ ਵੀ ਕੋਈ ਚੀਜ਼ ਹੈ। ਜਦ ਮੈਂ ਤੇਰੇ ਉੱਪਰ ਟਰੱਸਟ ਕਰਦੀ ਹਾਂ ਤੈਨੂੰ ਵੀ ਫਿਰ ਮੇਰੇ ਉੱਪਰ ਟਰੱਸਟ ਕਰਨਾ ਚਾਹੀਦਾ ਹੈ।”

"ਫਿਰ ਉਹ ਤੈਨੂੰ ਇਕੱਲੀ ਨੂੰ ਮਿਲਣ ਦੇ ਲਈ ਕਿਉਂ ਆਇਆ? ਉਸਨੂੰ ਚਾਹੀਦਾ ਸੀ ਕਿ ਉਹ ਸ਼ਾਮ ਨੂੰ ਆਉਂਦਾ, ਜੇਕਰ ਉਹ ਸਾਡੇ ਹੁੰਦਿਆਂ ਤੇ ਆਇਆ ਹੁੰਦਾ ਤਾਂ ਕਿਸੇ ਨੇ ਵੀ ਮਾਈਂਡ ਨਹੀਂ ਸੀ ਕਰਨਾ।"

"ਸ਼ਾਮ ਨੂੰ ਉਹਦੇ ਕੋਲ ਟਾਈਮ ਨਹੀਂ ਸੀ। ਉਹ ਕਿਤੇ ਅਚਾਨਕ ਆ ਗਿਆ। ਉਹਨੂੰ ਫਿਰ ਕਿਸੇ ਸੰਡੇ ਵਾਲੇ ਦਿਨ ਬੁਲਾ ਲਵਾਂਗੇ। ਤੁਸੀਂ ਇਕ ਦੂਜੇ ਨੂੰ ਜਾਣਨ ਲੱਗ ਜਾਵੋਂਗੇ। ਅੰਮੀ ਤੇਰੀ ਨੇ ਉਹਨੂੰ ਹੈਲੋ ਤੱਕ ਨਹੀਂ ਆਖੀ। ਜੇ ਕੋਈ ਘਰ ਆਵੇ ਫਿਰ ਇਸ ਤਰ੍ਹਾਂ ਥੋੜ੍ਹੀ ਕਰੀਦਾ ਹੈ? ਉਹ ਤਾਂ ਬਹੁਤ ਹੀ ਜ਼ਿਆਦਾ ਨੈਰੋ ਮਾਈਂਡਡ ਹੈ। ਉਹ ਵਾਪਸ ਪਾਕਿਸਤਾਨ ਕਿਉਂ ਨਹੀਂ ਚਲੀ ਜਾਂਦੀ?" ਫਾਤਮਾ ਅਸਗਰ ਦੀ ਹਰ ਗੱਲ ਦਾ ਜਵਾਬ ਮੁਸਕਰਾ-ਮੁਸਕਰਾ ਕੇ ਦਿੰਦੀ ਸੀ। ਅਸਗਰ ਉੱਪਰ ਫਾਤਮਾ ਦੀਆਂ ਮੁਸਕਰਾਹਟਾਂ ਦਾ ਜਾਦੂ ਵਰਗਾ ਅਸਰ ਹੋ ਗਿਆ ਸੀ ਅਤੇ ਉਸਦਾ ਸਾਰਾ ਗੁੱਸਾ ਅਲੋਪ ਹੋ ਗਿਆ ਸੀ। ਅਸਗਰ ਦੀ ਤਸੱਲੀ ਹੋ ਗਈ ਸੀ ਅਤੇ ਉਸਨੂੰ ਫਾਤਮਾ ਦੇ ਆਚਰਣ ਉੱਪਰ ਕਿਸੇ ਕਿਸਮ ਦਾ ਵੀ ਸ਼ੱਕ ਨਹੀਂ ਸੀ ਰਿਹਾ। ਫਾਤਮਾ ਬੜੀ ਚੁਸਤ ਕੁੜੀ ਸੀ। ਉਸਨੇ ਗੱਲਾਂ-ਗੱਲਾਂ ਦੇ ਵਿਚ ਹੀ ਅਸਗਰ ਦੇ ਕੰਨ ਨਸੀਰਹ ਦੇ ਖਿਲਾਫ਼ ਭਰਨੇ ਸ਼ੁਰੂ ਕਰ ਦਿੱਤੇ ਸਨ। ਜਿਸਦਾ ਸਿੱਟਾ ਇਹ ਨਿਕਲਿਆ ਸੀ ਕਿ ਉਲਟਾ ਅਸਗਰ ਦੇ ਮਨ ਵਿਚ ਨਸੀਰਹ ਪ੍ਰਤੀ ਗੁੱਸਾ ਭਰ ਗਿਆ ਸੀ। ਇਸ ਲਈ ਉਹ ਫਾਤਮਾ ਦੇ ਕੋਲੋਂ ਉੱਠ ਕੇ ਆਪਣੀ ਅੰਮੀ ਨਸੀਰਹ ਦੇ ਕਮਰੇ ਵਿਚ ਚਲਾ ਗਿਆ ਸੀ, ਉਸਨੇ ਜਾਂਦਿਆਂ ਹੀ ਆਪਣੀ ਅੰਮੀ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਸੀ,

"ਅੰਮੀ, ਤੁਸੀਂ ਵੀ ਪਾਗਲ ਹੋ ਗਏ ਲੱਗਦੇ ਹੋ, ਗੱਲ ਤੇ ਕੁਝ ਵੀ ਨਹੀਂ ਸੀ, ਤੁਸੀਂ ਤੇ ਐਵੇਂ ਹੀ ਨਿੱਕੀ ਜਿਹੀ ਗੱਲ ਨੂੰ ਵਧਾ-ਵਧਾ ਕੇ ਕੀ ਦਾ ਕੀ ਬਣਾ ਦਿੱਤਾ ਹੈ। ਮੈਂ ਚੰਗੀ ਤਰ੍ਹਾਂ ਉਹਨੂੰ ਪੁੱਛ ਕੇ ਆਇਆ ਹਾਂ, ਉਹਦੇ ਦਿਲ ਵਿਚ ਕੋਈ ਮੈਲ ਨਹੀਂ। ਤੁਸੀਂ ਸਿਆਣੇ ਬਣਿਆ ਕਰੋ, ਐਵੇਂ ਬਿਨਾਂ ਸੋਚੇ ਸਮਝੇ, ਤੁਹਾਨੂੰ ਉਸ ਵਿਚਾਰੀ ਉੱਪਰੇ ਝੂਠੇ ਇਲਜ਼ਾਮ ਨਹੀਂ ਲਗਾਉਣੇ ਚਾਹੀਦੇ। ਉਹ ਬਹੁਤ ਮਾਈਂਡ ਕਰਦੀ ਹੈ। ਤੁਸੀਂ ਹੁਣ ਆਪਣੇ ਪੁਰਾਣੇ ਖ਼ਿਆਲ ਛੱਡ ਦਿਉ, ਇਧਰਲੇ ਮੁੰਡੇ-ਕੁੜੀਆਂ ਖੁੱਲ੍ਹੇ ਸੁਭਾਅ ਦੇ ਹਨ, ਉਹਨਾਂ ਨੂੰ ਗ਼ਲਤ ਨਹੀਂ ਸਮਝਣਾ ਚਾਹੀਦਾ। ਨਾਲੇ ਫਾਤਮਾ ਦੀ ਇੱਜ਼ਤ ਵੀ ਤਾਂ ਆਪਣੀ ਹੀ ਇੱਜ਼ਤ ਹੈ। ਜੇ ਤੁਸੀਂ ਹੀ ਇਸ ਤਰ੍ਹਾਂ ਉਸਨੂੰ ਗ਼ਲਤ ਸਮਝਣ ਲੱਗ ਪਏ, ਲੋਕਾਂ ਨੇ ਤਾਂ ਆਪ ਹੀ ਕੋਲੋਂ ਬਥੇਰੀਆਂ ਗੱਲਾਂ ਜੋੜ ਲੈਣੀਆਂ ਹਨ। ਨਾਲੇ ਫਾਤਮਾ ਹੁਣ ਕੋਈ ਨਿਆਣੀ ਥੋੜ੍ਹੀ ਹੈ, ਉਸਨੂੰ ਚੰਗੇ ਮਾੜੇ ਦੀ ਪਛਾਣ ਹੈ।"

ਨਸੀਰਹ ਨੂੰ ਬੜੀ ਹੈਰਾਨੀ ਹੋ ਰਹੀ ਸੀ। ਉਸਨੇ ਤਾਂ ਸੋਚਿਆ ਸੀ ਕਿ ਅਸਗਰ ਫਾਤਮਾ ਉੱਪਰ ਸਖ਼ਤੀ ਵਰਤੇਗਾ ਅਤੇ ਉਸਨੂੰ ਕੁੱਟੇਗਾ ਮਾਰੇਗਾ ਵੀ ਪਰੰਤੂ ਉਸਦੀ ਉਮੀਦ ਦੇ ਉਲਟ ਵਾਪਰਿਆ ਸੀ। ਫਾਤਮਾ ਦੀ ਬਜਾਏ ਅਸਗਰ ਨੂੰ ਗੁੱਸਾ ਆਪਣੀ ਮਾਂ ਨਸੀਰਹ ਉੱਪਰ ਜ਼ਿਆਦਾ ਸੀ। ਨਸੀਰਹ ਮੂੰਹ ਚੁੱਕ-ਚੁੱਕ ਕੇ ਅਸਗਰ ਵੱਲ ਦੇਖ ਰਹੀ ਸੀ। ਉਸਨੇ ਉਦਾਸੀ ਭਰੇ ਚਿਹਰੇ ਦੇ ਨਾਲ ਅਸਗਰ ਨੂੰ ਆਖਿਆ ਸੀ,

"ਪੁੱਤਰ, ਮੈਂ ਤੇਰੀ ਦੋਖਣ ਤੇ ਨਹੀਂ। ਮੈਨੂੰ ਅੱਲਾਹ ਤਾਅਲਾ ਮੇਰੇ ਕੀਤੇ ਦੀ ਸਜ਼ਾ ਦੇਵੇ, ਮੈਂ ਦੋਜ਼ਖ਼ ਵਿਚ ਸੜ-ਸੜ ਕੇ ਮਰਾਂ, ਜੇਕਰ ਮੈਂ ਉਸ ਕੁਲਹਿਣੀ ਉੱਪਰ ਝੂਠਾ ਇਲਜ਼ਾਮ ਲਾਇਆ ਹੋਵੇ। ਨਾਲੇ ਚੋਰ ਨਾਲੇ ਚਤਰ। ਇਕ ਪਾਸੇ ਤਾਂ ਬਦਮਾਸ਼ੀਆਂ ਕਰਦੀ ਹੈ, ਦੂਜੇ ਪਾਸੇ ਆਪਣੇ ਆਪ ਨੂੰ ਬੜੀ ਹੁਸ਼ਿਆਰ ਸਮਝਦੀ ਹੈ। ਤੈਨੂੰ ਅਜੇ ਇਹਦੇ ਪਾਖੰਡਾਂ ਦਾ ਨਹੀਂ ਪਤਾ। ਤੂੰ ਇਸ ਤਰ੍ਹਾਂ ਪੁਚੂ-ਪੁਚੂ ਕਰਕੇ ਹੋਰ ਸਿਰ ਉੱਤੇ ਚਾੜ੍ਹ ਲੈਣੀ ਹੈ। ਮੈਂ ਤਾਂ ਤੇਰੇ ਭਲੇ ਲਈ ਕਹਿੰਦੀ ਹਾਂ ਪਰੰਤੂ ਤੇਰੇ ਉੱਪਰ ਮਾਂ ਦੀਆਂ ਕਹੀਆਂ ਗੱਲਾਂ ਦਾ ਕੋਈ ਅਸਰ ਨਹੀਂ। ਪੁੱਤਰ! ਬੀਤਿਆ ਵੇਲਾ ਕਦੇ ਹੱਥ ਨਹੀਂ ਆਉਂਦਾ ਹੁੰਦਾ। ਬੰਦੇ ਦੀ ਲੱਥੀ ਇੱਜ਼ਤ ਵਾਪਸ ਨਹੀਂ ਮਿਲਦੀ ਹੁੰਦੀ। ਸਿਆਣਿਆਂ ਨੇ ਐਵੇਂ ਤਾਂ ਨਹੀਂ ਆਖਿਆ ਹੋਇਆ ਕਿ ਬੁਰਾਈ ਨੂੰ ਸ਼ੁਰੂ ਵਿਚ ਹੀ ਦਬਾ ਦਿਉ। ਪੁੱਤਰ, ਤੂੰ ਕਿਸੇ ਦਿਨ ਅੰਮੀ ਦੀਆਂ ਆਖੀਆਂ ਗੱਲਾਂ ਨੂੰ ਯਾਦ ਕਰ-ਕਰ ਕੇ ਕੰਧਾਂ ਵਿਚ ਸਿਰ ਦੇ-ਦੇ ਕੇ ਰੋਇਆ ਕਰੇਂਗਾ। ਤੇਰੇ ਸਿਰ ਤਾਂ ਪਤਾ ਨਹੀਂ ਉਸਨੇ ਕੀ ਪਾਇਆ ਹੋਇਆ ਹੈ? ਤੈਨੂੰ ਉਹ ਜੋ ਕੁਝ ਵੀ ਕਹਿੰਦੀ ਹੈ ਤੂੰ ਉਸ ਉੱਪਰ ਝੱਟ ਵਿਸ਼ਵਾਸ ਕਰ ਲੈਂਦਾ ਏਂ। ਸਾਡੀ ਤਾਂ ਉਮਰ ਲੰਘ ਗਈ, ਚੰਗੇ ਮਾੜੇ ਬੰਦੇ ਦੀ ਪਛਾਣ ਇਕ ਮਿੰਟ ਵਿਚ ਕਰ ਦੇਈਏ। ਤੈਨੂੰ ਮੇਰੀਆਂ ਗੱਲਾਂ ਭੈੜੀਆਂ ਲੱਗਦੀਆਂ ਹਨ ਕਿਉਂਕਿ ਸੱਚ ਹਮੇਸ਼ਾਂ ਕੌੜਾ ਹੁੰਦਾ ਹੈ। ਪੁੱਤਰ, ਜੇ ਸਾਡਾ ਕਹਿਣਾ ਨਹੀਂ ਮੰਨੇਂਗਾ ਤਾਂ ਸਾਡਾ ਤਾਂ ਕੁਝ ਨਹੀਂ ਵਿਗੜਨਾ, ਤੇਰੀ ਹੀ ਜ਼ਿੰਦਗੀ ਰੁਲਣੀ ਹੈ।" ਨਸੀਰਹ ਨੇ ਲੰਮਾ ਸਾਹ ਲੈਂਦੀ ਹੋਈ ਨੇ ਆਖਿਆ ਸੀ।

"ਅੰਮੀ, ਮੈਂ ਕੋਈ ਹੁਣ ਬੇਬੀ ਥੋੜ੍ਹੀ ਹਾਂ ਕਿ ਮੈਨੂੰ ਕਿਸੇ ਗੱਲ ਦਾ ਪਤਾ ਹੀ ਨਹੀਂ। ਅਸੀਂ ਵੀ ਤਾਂ ਕੰਮਾਂ ਕਾਰਾਂ ਤੇ ਮੁੰਡੇ ਕੁੜੀਆਂ ਆਪਸ ਵਿਚ ਹੱਸ ਖੇਡ ਲੈਂਦੇ ਹਾਂ ਇਹਦਾ ਮਤਲਬ ਇਹ ਥੋੜ੍ਹੀ ਹੈ ਕਿ ਸਾਡੇ ਦਿਲਾਂ ਵਿਚ ਮੈਲ ਹੈ। ਐਵੇਂ ਕਿਸੇ ਨੂੰ ਗ਼ਲਤ ਨਹੀਂ ਸਮਝੀਦਾ ਹੁੰਦਾ। ਕਿਸੇ ਨੂੰ ਕੋਈ ਵੀ ਗੱਲ ਆਖਣੀ ਹੋਵੇ ਪਹਿਲਾਂ ਸੋਚ ਸਮਝ ਲੈਣਾ ਚਾਹੀਦਾ ਹੈ। ਤੁਸੀਂ ਤਾਂ ਬਿਨਾਂ ਸੋਚੇ ਸਮਝੇ ਹੀ ਦੂਜਿਆਂ ਉੱਪਰ ਚਿੱਕੜ ਸੁੱਟਣ ਲੱਗ ਜਾਂਦੇ ਹੋ। ਇਹ ਕੋਈ ਗੱਲ ਕਹਿਣ ਦਾ ਤਰੀਕਾ ਹੈ? ਅੰਮੀ, ਮੈਂ ਫਿਰ

ਤੁਹਾਨੂੰ ਕਹਿੰਦਾ ਹਾਂ ਕਿ ਤੁਸੀਂ ਫਾਤਮਾ ਨੂੰ ਅੱਗੇ ਤੋਂ ਕੋਈ ਗੱਲ ਨਹੀਂ ਆਖਣੀ।" ਅਸਗਰ ਆਪਣੀ ਮਾਂ ਨੂੰ ਇਹ ਗੱਲਾਂ ਕਹਿ ਕੇ ਫਾਤਮਾ ਦੇ ਕੋਲ ਚਲਾ ਗਿਆ ਸੀ। ਨਸੀਰਹ ਦੇ ਮੂੰਹੋਂ ਫਿਰ ਕੋਈ ਆਵਾਜ਼ ਨਹੀਂ ਸੀ ਨਿਕਲੀ ਪਰੰਤੂ ਫਿਰ ਵੀ ਉਸਦਾ ਮਨ ਦੁਖੀ ਸੀ ਅਤੇ ਉਹ ਆਪਣੀਆਂ ਸੋਚਾਂ ਦੇ ਵਿਚ ਗਵਾਚੀ ਹੋਈ ਸੀ।

# 5

ਕਈ ਦਿਨ ਹੋਰ ਲੰਘ ਗਏ ਸਨ। ਫਾਤਮਾ ਨੇ ਹਰ ਰੋਜ਼ ਹੀ ਮਿੱਠੀਆਂ-ਮਿੱਠੀਆਂ ਗੱਲਾਂ ਦੇ ਨਾਲ ਅਸਗਰ ਨੂੰ ਬਾਕੀ ਪਰਿਵਾਰ ਦੇ ਖਿਲਾਫ਼ ਉਕਸਾਉਣਾ ਸ਼ੁਰੂ ਕਰ ਦਿੱਤਾ ਸੀ। ਜਿਸਦਾ ਨਤੀਜਾ ਇਹ ਨਿਕਲਿਆ ਸੀ ਕਿ ਅਸਗਰ ਦੇ ਮਨ ਵਿਚ ਆਪਣੇ ਪਰਿਵਾਰ ਦੇ ਲਈ ਬਹੁਤ ਹੀ ਜ਼ਿਆਦਾ ਨਫ਼ਰਤ ਪੈਦਾ ਹੋ ਗਈ ਸੀ। ਫਾਤਮਾ ਅਸਗਰ ਨੂੰ ਹਰ ਰੋਜ਼ ਹੀ ਆਪਣਾ ਨਵਾਂ ਵੱਖਰਾ ਘਰ ਲੈ ਲੈਣ ਦੀ ਸਿਫ਼ਾਰਸ਼ ਕਰਿਆ ਕਰਦੀ ਸੀ। ਅਸਗਰ ਵੀ ਫਾਤਮਾ ਦੀ ਇਸ ਗੱਲ ਦੇ ਨਾਲ ਸਹਿਮਤ ਹੋ ਗਿਆ ਸੀ। ਅਸਗਰ ਫਾਤਮਾ ਦੀ ਹਰ ਮੰਗ ਨੂੰ ਪੂਰਾ ਕਰਦਾ ਆਇਆ ਸੀ ਅਤੇ ਉਸਨੇ ਫਾਤਮਾ ਦਾ ਕਿਸੇ ਵੀ ਚੀਜ਼ ਦੇ ਲਈ ਮਨ ਤਰਸਣ ਨਹੀਂ ਸੀ ਦਿੱਤਾ।

ਨਿਕਾਹ ਤੋਂ ਪਹਿਲਾਂ ਅਸਗਰ ਆਪਣੀ ਸਾਰੀ ਆਮਦਨ ਆਪਣੀ ਅੰਮੀ ਦੇ ਸਪੁਰਦ ਕਰ ਦਿਆ ਕਰਦਾ ਸੀ ਪਰੰਤੂ ਜਦੋਂ ਤੋਂ ਫਾਤਮਾ ਉਹਨਾਂ ਦੇ ਘਰ ਆਈ ਸੀ ਉਦੋਂ ਤੋਂ ਅਸਗਰ ਦੀ ਕਮਾਈ ਉੱਪਰ ਫਾਤਮਾ ਦਾ ਕਬਜ਼ਾ ਹੋ ਗਿਆ ਸੀ। ਅਸਗਰ ਨੇ ਨਾ ਕਦੇ ਘਰ ਦਾ ਕੋਈ ਬਿੱਲ ਅਦਾ ਕੀਤਾ ਸੀ ਅਤੇ ਨਾ ਹੀ ਕਦੇ ਕੋਈ ਖਾਣ-ਪੀਣ ਦਾ ਸਾਮਾਨ ਲਿਆਂਦਾ ਸੀ। ਉਸਨੇ ਘਰ ਦੀ ਕਿਸੇ ਵੀ ਸਾਂਝੀ ਚੀਜ਼ ਉੱਪਰ ਕਦੇ ਕੋਈ ਧਨ ਨਹੀਂ ਸੀ ਖ਼ਰਚਿਆ। ਸਾਰੀ ਕਮਾਈ ਦੀ ਮਾਲਕਣ ਸਿਰਫ਼ ਫਾਤਮਾ ਹੀ ਸੀ। ਉਹ ਜਿਸ ਤਰ੍ਹਾਂ ਵੀ ਚਾਹੁੰਦੀ ਸੀ, ਉਸੇ ਤਰ੍ਹਾਂ ਹੀ ਉਸ ਧਨ ਨੂੰ ਖ਼ਰਚ ਕੀਤਾ ਜਾਂਦਾ ਸੀ।

ਨਸੀਰਹ ਨੇ ਕਈ ਵਾਰ ਅਸਗਰ ਨੂੰ ਬਹਿ ਕੇ ਸਮਝਾਇਆ ਵੀ ਸੀ ਕਿ ਉਹ ਆਪਣੇ ਖ਼ਰਚੇ ਜੋਗਾ ਧਨ ਰੱਖ ਕੇ ਬਾਕੀ ਦਾ ਘਰ ਦਿਆ ਕਰੇ ਪਰੰਤੂ ਫਾਤਮਾ ਨੇ ਉਸਦੀ ਕੋਈ ਪੇਸ਼ ਨਹੀਂ ਸੀ ਚੱਲਣ ਦਿੱਤੀ। ਜਦੋਂ ਵੀ ਅਸਗਰ ਇਸ ਬਾਰੇ ਫਾਤਮਾ ਦੇ ਨਾਲ ਗੱਲ ਕਰਦਾ ਸੀ ਤਾਂ ਫਾਤਮਾ ਉਸਦੇ ਨਾਲ ਨਾਰਾਜ਼ ਹੋ ਜਾਂਦੀ ਸੀ ਅਤੇ ਉਸਨੂੰ ਡਰਾਵੇ ਦੇਣ ਲੱਗ ਪੈਂਦੀ ਸੀ ਕਿ ਜੇਕਰ ਉਹ ਆਪਣੇ ਘਰਦਿਆਂ ਨੂੰ ਧਨ ਦੇਵੇਗਾ ਤਾਂ ਉਹ ਆਪਣੇ ਪੇਕਿਆਂ ਦੇ ਘਰ ਚਲੀ ਜਾਵੇਗੀ। ਅਸਗਰ ਦੇ ਲਈ ਫਾਤਮਾ ਦੀ ਜੁਦਾਈ ਝੱਲਣੀ ਅਸੰਭਵ ਸੀ। ਇਸ ਲਈ ਜਿਸ ਤਰ੍ਹਾਂ ਫਾਤਮਾ ਕਹਿੰਦੀ ਹੁੰਦੀ ਸੀ, ਉਹ ਉਸ ਤਰ੍ਹਾਂ ਹੀ ਸਹਿਮਤ ਹੋ ਜਾਂਦਾ ਸੀ।

ਕੁਝ ਹੀ ਦਿਨਾਂ ਦੇ ਬਾਅਦ ਫਾਤਮਾ ਦੇ ਕਹਿਣ ਉੱਤੇ ਅਸਗਰ ਨੇ ਆਪਣਾ ਵੱਖਰਾ ਮਕਾਨ ਕਿਸ਼ਤਾਂ ਉੱਪਰ ਲੈ ਲਿਆ ਸੀ। ਫਾਤਮਾ ਨੇ ਇਸ ਮਕਾਨ ਨੂੰ ਹਰ

ਨਵੀਂ ਅਤੇ ਮਹਿੰਗੀ ਚੀਜ਼ ਦੇ ਨਾਲ ਭਰਿਆ ਸੀ। ਜਿਸਦਾ ਸਿੱਟਾ ਇਹ ਨਿਕਲਿਆ ਸੀ ਕਿ ਅਸਗਰ ਬਹੁਤ ਸਾਰੇ ਕਰਜ਼ੇ ਹੇਠ ਆ ਗਿਆ ਸੀ। ਉਸਨੂੰ ਫਾਤਮਾ ਨੂੰ ਖ਼ੁਸ਼ ਕਰਨ ਦੇ ਲਈ ਬਹੁਤ ਸਾਰਾ ਕਰਜ਼ਾ ਲੈਣਾ ਪਿਆ ਸੀ, ਫਿਰ ਵੀ ਉਸਨੇ ਆਪਣੇ ਮੱਥੇ ਕੋਈ ਵੱਟ ਨਹੀਂ ਸੀ ਪਾਇਆ। ਉਹ ਤਾਂ ਫਾਤਮਾ ਦੀ ਖ਼ਾਤਰ ਆਪਣੀ ਜਾਨ ਕੁਰਬਾਨ ਕਰਨ ਨੂੰ ਵੀ ਤਿਆਰ ਬੈਠਾ ਹੋਇਆ ਸੀ। ਕਰਜ਼ੇ ਦੀ ਰਕਮ ਐਨੀ ਜ਼ਿਆਦਾ ਸੀ ਕਿ ਅਸਗਰ ਦੇ ਲਈ ਇਸ ਨੂੰ ਦਸ ਸਾਲਾਂ ਵਿਚ ਵੀ ਉਤਾਰਨਾ ਮੁਸ਼ਕਲ ਸੀ। ਐਨਾ ਜ਼ਿਆਦਾ ਕਰਜ਼ਾ ਸਿਰ ਚੜ੍ਹਨ ਦੇ ਬਾਵਜੂਦ ਵੀ ਫਾਤਮਾ ਨੇ ਆਪਣੀ ਫ਼ਜ਼ੂਲ ਖ਼ਰਚੀ ਨੂੰ ਘੱਟ ਨਹੀਂ ਸੀ ਕੀਤਾ। ਉਹ ਪਹਿਲਾਂ ਦੀ ਤਰ੍ਹਾਂ ਹੀ ਫ਼ਜ਼ੂਲ ਖ਼ਰਚੀ ਕਰਦੀ ਰਹਿੰਦੀ ਸੀ। ਅਸਗਰ ਨੇ ਫਿਰ ਵੀ ਇਹਨਾਂ ਗੱਲਾਂ ਦਾ ਕਦੇ ਇਤਰਾਜ਼ ਨਹੀਂ ਕੀਤਾ ਸੀ। ਅਸਗਰ ਨੂੰ ਕਰਜ਼ੇ ਦੀ ਚਿੰਤਾ ਬਹੁਤ ਹੀ ਜ਼ਿਆਦਾ ਸੀ ਅਤੇ ਇਸ ਲਈ ਉਸਨੇ ਆਪਣੇ ਕੰਮ ਉੱਪਰ ਓਵਰਟਾਈਮ ਲਗਾਉਣਾ ਸ਼ੁਰੂ ਕਰ ਦਿੱਤਾ ਸੀ। ਇੱਥੋਂ ਤੱਕ ਕਿ ਐਤਵਾਰ ਅਤੇ ਹੋਰ ਛੁੱਟੀ ਵਾਲੇ ਦਿਨਾਂ ਨੂੰ ਵੀ ਉਹ ਕੰਮ ਕਰਨ ਚਲਾ ਜਾਂਦਾ ਸੀ। ਧਨ ਨੂੰ ਕਮਾਉਣ ਦੇ ਲਈ ਉਸਨੇ ਦਿਨ-ਰਾਤ ਇਕ ਕਰ ਦਿੱਤਾ ਸੀ। ਉਸਨੇ ਆਪਣੇ ਆਪ ਨੂੰ ਬਹੁਤ ਜ਼ਿਆਦਾ ਬੇ-ਆਰਾਮ ਕਰਨਾ ਸ਼ੁਰੂ ਕਰ ਦਿੱਤਾ ਸੀ ਪਰੰਤੂ ਫਿਰ ਵੀ ਉਸਨੇ ਕਦੇ ਵੀ ਫਾਤਮਾ ਨੂੰ ਇਹ ਗੱਲ ਨਹੀਂ ਸੀ ਆਖੀ ਕਿ ਉਹ ਵੀ ਕੰਮ ਕਰਨ ਜਾਇਆ ਕਰੇ, ਨਾ ਹੀ ਫਾਤਮਾ ਨੇ ਕਦੇ ਇਸ ਗੱਲ ਦੀ ਲੋੜ ਮਹਿਸੂਸ ਕੀਤੀ ਸੀ। ਉਹ ਸਾਰਾ ਸਾਰਾ ਦਿਨ ਘਰ ਹੀ ਬੈਠੀ ਰਹਿੰਦੀ ਸੀ। ਅਸਗਰ ਦੇ ਜਾਣ ਤੋਂ ਬਾਅਦ ਉਸਨੂੰ ਮਿਲਣ ਦੇ ਲਈ ਉਸਦਾ ਕੋਈ ਨਾ ਕੋਈ ਦੋਸਤ ਆਇਆ ਹੀ ਰਹਿੰਦਾ ਸੀ। ਉਹ ਉਹਨਾਂ ਦੇ ਨਾਲ ਚਾਹ ਜਾਂ ਕਾਫ਼ੀ ਹੀ ਪੀਂਦੀ ਰਹਿੰਦੀ ਸੀ ਜਾਂ ਫਿਰ ਤਾਸ਼ ਖੇਡਦੀ ਰਹਿੰਦੀ ਸੀ ਅਤੇ ਉਹਨਾਂ ਦੇ ਨਾਲ ਸਰੀਰਕ ਸੰਬੰਧ ਰੱਖਦੀ ਸੀ। ਅਸਗਰ ਇਸ ਬਾਰੇ ਕੁਝ ਵੀ ਨਹੀਂ ਸੀ ਜਾਣਦਾ। ਜੇ ਕਦੇ-ਕਦਾਈਂ ਉਸਦਾ ਜੀਅ ਕਰ ਆਉਂਦਾ ਸੀ ਤਾਂ ਉਹ ਅਸਗਰ ਦੇ ਲਈ ਖਾਣਾ ਤਿਆਰ ਕਰ ਦਿੰਦੀ ਸੀ ਪਰੰਤੂ ਆਮ ਤੌਰ 'ਤੇ ਅਸਗਰ ਨੂੰ ਕੰਮ ਤੋਂ ਵਾਪਸ ਆਣ ਕੇ ਆਪਣੇ ਲਈ ਖਾਣਾ ਆਪ ਹੀ ਤਿਆਰ ਕਰਨਾ ਪੈਂਦਾ ਸੀ। ਉਹ ਜਦੋਂ ਵੀ ਖਾਣਾ ਤਿਆਰ ਕਰਦਾ ਹੁੰਦਾ ਸੀ, ਉਹ ਇਕ ਕੁਰਸੀ ਲਿਆ ਕੇ ਰਸੋਈ ਵਿਚ ਡਾਹ ਦਿੰਦਾ ਸੀ ਅਤੇ ਉਹ ਫਾਤਮਾ ਨੂੰ ਆਪਣੇ ਕੋਲ ਕੁਰਸੀ ਉੱਪਰ ਬਿਠਾ ਲੈਂਦਾ ਸੀ। ਉਹ ਖਾਣਾ ਤਿਆਰ ਕਰਦਾ-ਕਰਦਾ ਫਾਤਮਾ ਦੇ ਨਾਲ ਗੱਲਾਂ ਕਰਦਾ ਰਹਿੰਦਾ ਸੀ। ਜੇਕਰ ਕਦੇ ਫਾਤਮਾ ਬਾਥਰੂਮ ਵੀ ਜਾਂਦੀ ਸੀ ਤਾਂ ਵੀ ਅਸਗਰ ਨੂੰ ਫਾਤਮਾ ਦੀ

ਜੁਦਾਈ ਮਹਿਸੂਸ ਹੁੰਦੀ ਸੀ। ਉਹ ਜਿੰਨਾ ਸਮਾਂ ਵੀ ਘਰ ਵਿਚ ਹੁੰਦਾ ਫਾਤਮਾ ਨੂੰ ਆਪਣੇ ਕੋਲ ਹੀ ਰੱਖਦਾ ਸੀ।

ਜ਼ਿਆਦਾ ਓਵਰਟਾਈਮ ਲਾਉਣ ਦੇ ਕਾਰਣ ਅਸਗਰ ਦੀ ਆਮਦਨ ਤਕਰੀਬਨ ਦੁੱਗਣੀ ਹੋ ਗਈ ਸੀ। ਜਿਸਨੂੰ ਦੇਖ ਕੇ ਫਾਤਮਾ ਨੇ ਵੀ ਆਪਣੇ ਖ਼ਰਚੇ ਵਧਾ ਦਿੱਤੇ ਸਨ। ਉਸਨੂੰ ਕਰਜ਼ਾ ਉਤਾਰਨ ਦਾ ਕੋਈ ਫ਼ਿਕਰ ਨਹੀਂ ਸੀ। ਫਿਰ ਵੀ ਅਸਗਰ ਨੇ ਉਸਨੂੰ ਫ਼ਾਲਤੂ ਖ਼ਰਚ ਕਰਨ ਤੋਂ ਕਦੇ ਰੋਕਿਆ ਨਹੀਂ ਸੀ। ਉਹ ਫਾਤਮਾ ਨੂੰ ਅਕਸਰ ਕਿਹਾ ਕਰਦਾ ਸੀ ਕਿ ਉਹ ਦਿਨ ਰਾਤ ਸਿਰਫ਼ ਫਾਤਮਾ ਦੇ ਲਈ ਹੀ ਕੰਮ ਕਰਦਾ ਸੀ। ਅਸਗਰ ਫਾਤਮਾ ਨੂੰ ਬਹੁਤ ਜ਼ਿਆਦਾ ਪਿਆਰ ਕਰਦਾ ਸੀ। ਉਹ ਮਹਿਸੂਸ ਕਰਦਾ ਸੀ ਕਿ ਉਹ ਸਿਰਫ਼ ਫਾਤਮਾ ਦੇ ਲਈ ਹੀ ਜਿਊਂਦਾ ਸੀ।

ਅਸਗਰ ਜਦੋਂ ਦਾ ਆਪਣੇ ਘਰਦਿਆਂ ਦੇ ਨਾਲੋਂ ਜੁਦਾ ਹੋਇਆ ਸੀ, ਨਸੀਰਹ ਨੂੰ ਬਹੁਤ ਦੁੱਖ ਪਹੁੰਚਿਆ ਸੀ। ਉਹ ਆਪਣੇ ਪੁੱਤਰ ਨੂੰ ਆਪਣੇ ਨਾਲੋਂ ਅਲਹਿਦਾ ਨਹੀਂ ਸੀ ਕਰਨਾ ਚਾਹੁੰਦੀ ਪਰੰਤੂ ਉਹ ਅਸਗਰ ਦੀ ਮਰਜ਼ੀ ਦੇ ਅੱਗੇ ਕੁਝ ਵੀ ਨਹੀਂ ਸੀ ਕਰ ਸਕਦੀ। ਫਿਰ ਵੀ ਉਹ ਕਦੇ-ਕਦੇ ਅਸਗਰ ਨੂੰ ਕੰਮ ਉੱਪਰ ਟੈਲੀਫ਼ੋਨ ਕਰ ਦਿਆ ਕਰਦੀ ਸੀ ਕਿ ਉਹ ਐਤਵਾਰ ਨੂੰ ਉਹਨਾਂ ਨੂੰ ਮਿਲ ਜਾਇਆ ਕਰੇ। ਅਸਗਰ ਦੇ ਕੋਲ ਇਕ ਤਾਂ ਸਮਾਂ ਹੀ ਬਹੁਤ ਘੱਟ ਹੁੰਦਾ ਸੀ ਕਿਉਂਕਿ ਉਹ ਐਤਵਾਰ ਨੂੰ ਵੀ ਕੰਮ ਉੱਪਰ ਚਲੇ ਜਾਇਆ ਕਰਦਾ ਸੀ। ਜੇਕਰ ਉਹਦੇ ਕੋਲ ਥੋੜ੍ਹਾ ਬਹੁਤ ਸਮਾਂ ਹੁੰਦਾ ਵੀ ਸੀ ਤਾਂ ਫਾਤਮਾ ਜਾਣ ਬੁੱਝ ਕੇ ਉਹਨੂੰ ਜਾਂ ਤਾਂ ਆਪਣੇ ਪੇਕਿਆਂ ਦੇ ਘਰ ਲੈ ਜਾਂਦੀ ਸੀ ਜਾਂ ਫਿਰ ਆਪਣੇ ਕਿਸੇ ਦੋਸਤ ਦੇ ਘਰ।

ਇਕ ਦਿਨ ਅਚਾਨਕ ਫਾਤਮਾ ਦੀ ਮਾਂ ਦਾ ਟੈਲੀਫ਼ੋਨ ਆਇਆ ਸੀ, ਜਿਸਨੇ ਟੈਲੀਫ਼ੋਨ ਰਾਹੀਂ ਦੱਸਿਆ ਸੀ ਕਿ ਫਾਤਮਾ ਦੀ ਨਾਨੀ ਬਹੁਤ ਜ਼ਿਆਦਾ ਬੀਮਾਰ ਸੀ, ਉਹਨਾਂ ਨੂੰ ਪਾਕਿਸਤਾਨ ਤੋਂ ਟੈਲੀਗਰਾਮ ਆਈ ਸੀ। ਫਾਤਮਾ ਦੀ ਮਾਂ ਨੇ ਉਸਨੂੰ ਤਾਕੀਦ ਕੀਤੀ ਸੀ ਕਿ ਉਹ ਸ਼ਾਮ ਨੂੰ ਅਸਗਰ ਨੂੰ ਨਾਲ ਲੈ ਕੇ ਉਹਨਾਂ ਦੇ ਘਰ ਪਹੁੰਚਣ। ਸ਼ਾਮ ਨੂੰ ਜਦੋਂ ਅਸਗਰ ਘਰ ਆਇਆ ਸੀ, ਫਾਤਮਾ ਨੇ ਉਸਨੂੰ ਆਪਣੀ ਮਾਂ ਦਾ ਸੁਨੇਹਾ ਦੱਸਿਆ ਸੀ ਅਤੇ ਉਹ ਦੋਵੇਂ ਥੋੜ੍ਹੀ ਦੇਰ ਬਾਅਦ ਹੀ ਉੱਥੇ ਨੂੰ ਚੱਲ ਪਏ ਸਨ। ਦਰਅਸਲ ਫਾਤਮਾ ਦੇ ਮਾਂ-ਪਿਉ ਪਾਕਿਸਤਾਨ ਜਾਣਾ ਨਹੀਂ ਸਨ ਚਾਹੁੰਦੇ ਕਿਉਂਕਿ ਉਹ ਖ਼ਰਚ ਕਰਨ ਤੋਂ ਡਰਦੇ ਸਨ। ਇਸ ਲਈ ਉਹਨਾਂ ਨੇ ਸਲਾਹ ਬਣਾਈ ਸੀ ਕਿ ਉਹ ਫਾਤਮਾ ਅਤੇ ਅਸਗਰ ਨੂੰ ਪਾਕਿਸਤਾਨ ਨੂੰ ਭੇਜ ਦੇਣ। ਫਾਤਮਾ ਅਸਗਰ ਦੇ ਨਾਲ ਪਾਕਿਸਤਾਨ ਨੂੰ ਨਹੀਂ ਸੀ ਜਾਣਾ ਚਾਹੁੰਦੀ। ਉਹ ਚਾਹੁੰਦੀ ਸੀ ਕਿ

ਅਸਗਰ ਇਕੱਲਾ ਹੀ ਪਾਕਿਸਤਾਨ ਨੂੰ ਜਾਂਦਾ। ਇਸ ਲਈ ਅਸਗਰ ਇਕੱਲੇ ਨੂੰ ਹੀ ਪਾਕਿਸਤਾਨ ਭੇਜਣ ਦੀ ਸਾਰਿਆਂ ਦੀ ਸਲਾਹ ਪੱਕੀ ਹੋ ਗਈ ਸੀ। ਅਸਗਰ ਨੇ ਇਕ ਹਫ਼ਤੇ ਦੇ ਅੰਦਰ ਹੀ ਆਪਣੇ ਕੰਮ ਤੋਂ ਚਾਰ ਹਫ਼ਤਿਆਂ ਦੀ ਛੁੱਟੀ ਲੈ ਲਈ ਸੀ ਅਤੇ ਉਸਨੇ ਹਵਾਈ ਜਹਾਜ਼ ਦੀ ਆਪਣੀ ਸੀਟ ਵੀ ਬੁੱਕ ਕਰਵਾ ਲਈ ਸੀ। ਅਸਗਰ ਚਾਹੁੰਦਾ ਸੀ ਕਿ ਫਾਤਮਾ ਵੀ ਉਸਦੇ ਨਾਲ ਜਾਂਦੀ ਪਰੰਤੂ ਉਸਨੇ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਇਸ ਲਈ ਅਸਗਰ ਇਕੱਲੇ ਨੂੰ ਹੀ ਪਾਕਿਸਤਾਨ ਜਾਣਾ ਪਿਆ ਸੀ। ਜਾਣ ਤੋਂ ਪਹਿਲਾਂ ਫਾਤਮਾ ਨੇ ਅਸਗਰ ਨੂੰ ਇਕ ਪੂਰਾ ਪੇਪਰ ਲਿਖ ਕੇ ਦਿੱਤਾ ਸੀ ਜਿਸ ਵਿਚ ਉਹਨਾਂ ਚੀਜ਼ਾਂ ਦੀ ਸੂਚੀ ਸੀ ਜਿਹਨਾਂ ਨੂੰ ਪਾਕਿਸਤਾਨ ਤੋਂ ਲਿਆਉਣ ਦੇ ਲਈ ਫਾਤਮਾ ਨੇ ਅਸਗਰ ਨੂੰ ਆਖਿਆ ਸੀ।

ਅਸਗਰ ਪਾਕਿਸਤਾਨ ਪਹੁੰਚ ਗਿਆ ਸੀ। ਦੋ-ਤਿੰਨ ਦਿਨਾਂ ਵਿਚ ਹੀ ਉਸਦਾ ਮਨ ਪਾਕਿਸਤਾਨ ਤੋਂ ਅੱਕ ਗਿਆ ਸੀ। ਫਾਤਮਾ ਤੋਂ ਬਿਨਾਂ ਉਸਦਾ ਜੀਅ ਨਹੀਂ ਸੀ ਲੱਗਦਾ। ਉਸਦਾ ਮਨ ਭਟਕਿਆ-ਭਟਕਿਆ ਫਿਰਦਾ ਸੀ। ਦੋ-ਤਿੰਨ ਦਿਨਾਂ ਬਾਅਦ ਹੀ ਉਸਨੇ ਫਾਤਮਾ ਨੂੰ ਇਕ ਚਿੱਠੀ ਅੰਗਰੇਜ਼ੀ ਵਿਚ ਲਿਖ ਦਿੱਤੀ ਸੀ,

"ਹੈਲੋ ਡਾਰਲਿੰਗ!,

ਮੈਂ ਇੱਥੇ ਠੀਕ ਠਾਕ ਪਹੁੰਚ ਗਿਆ ਹਾਂ ਅਤੇ ਉਮੀਦ ਕਰਦਾ ਹਾਂ ਕਿ ਤੂੰ ਚੰਗੀ ਸਿਹਤ ਵਿਚ ਹੋਵੇਂਗੀ। ਮੇਰੀ ਸਿਹਤ ਤਾਂ ਠੀਕ ਹੈ ਪਰੰਤੂ ਤੇਰੇ ਬਿਨਾਂ ਮੇਰਾ ਇੱਥੇ ਦਿਲ ਨਹੀਂ ਲੱਗਦਾ। ਮੈਨੂੰ ਇਹ ਥਾਂ ਓਪਰੀ ਓਪਰੀ ਲੱਗਦੀ ਹੈ। ਮੈਂ ਹਰ ਵੇਲੇ ਤੈਨੂੰ ਹੀ ਯਾਦ ਕਰਦਾ ਰਹਿੰਦਾ ਹਾਂ। ਤੇਰਾ ਚਿਹਰਾ ਹਮੇਸ਼ਾਂ ਹੀ ਮੇਰੀਆਂ ਅੱਖਾਂ ਅੱਗੇ ਘੁੰਮਦਾ ਰਹਿੰਦਾ ਹੈ। ਤੂੰ ਵਿਸ਼ਵਾਸ ਨਹੀਂ ਕਰੇਂਗੀ ਕਿ ਮੈਨੂੰ ਤੇਰੀ ਕਿੰਨੀ ਜ਼ਿਆਦਾ ਯਾਦ ਆਉਂਦੀ ਹੈ। ਜਿਹੜੀਆਂ ਚੀਜ਼ਾਂ ਦੀ ਤੂੰ ਸੂਚੀ ਦਿੱਤੀ ਸੀ, ਮੈਂ ਉਹ ਸਾਰੀਆਂ ਚੀਜ਼ਾਂ ਜ਼ਰੂਰ ਲੈ ਕੇ ਆਵਾਂਗਾ। ਮੈਨੂੰ ਕੋਈ ਸਮਝ ਨਹੀਂ ਆਉਂਦੀ ਕਿ ਤੇਰੇ ਬਿਨਾਂ ਮੈਂ ਇਹਨਾਂ ਚਾਰ ਹਫ਼ਤਿਆਂ ਦਾ ਲੰਬਾ ਸਮਾਂ ਕਿਸ ਤਰ੍ਹਾਂ ਬਤੀਤ ਕਰਾਂਗਾ? ਉਮੀਦ ਹੈ ਕਿ ਤੈਨੂੰ ਵੀ ਮੇਰੀ ਯਾਦ ਜ਼ਰੂਰ ਆਉਂਦੀ ਹੋਵੇਗੀ। ਮੈਂ ਹਮੇਸ਼ਾਂ ਤੇਰੇ ਤੋਂ ਬਗ਼ੈਰ ਬਹੁਤ ਜ਼ਿਆਦਾ ਉਦਾਸ ਰਹਿੰਦਾ ਹਾਂ। ਜੇਕਰ ਤੂੰ ਮੇਰੇ ਨਾਲ ਇੱਥੇ ਆਈ ਹੁੰਦੀ ਤਾਂ ਸੱਚਮੁਚ ਬਹੁਤ ਹੀ ਜ਼ਿਆਦਾ ਮਜ਼ਾ ਆਉਣਾ ਸੀ। ਮੈਨੂੰ ਤੂੰ ਬਹੁਤ ਸਾਰੀਆਂ ਚਿੱਠੀਆਂ ਲਿਖਿਆ ਕਰ। ਮੈਂ ਹਰ ਰੋਜ਼ ਹੀ ਤੇਰੀ ਚਿੱਠੀ ਨੂੰ ਉਡੀਕਦਾ ਰਹਿੰਦਾ ਹਾਂ। ਬਾਕੀ ਗੱਲਾਂ ਮੈਂ ਅਗਲੀ ਚਿੱਠੀ ਵਿਚ ਲਿਖਾਂਗਾ। ਮੇਰੇ ਵਲੋਂ ਤੈਨੂੰ ਬਹੁਤ ਬਹੁਤ ਪਿਆਰ।

ਤੇਰਾ ਪਤੀ,

ਮੁਹੰਮਦ ਅਸਗਰ।"

ਅਸਗਰ ਨੇ ਚਿੱਠੀ ਉੱਪਰ ਆਪਣਾ ਪਤਾ ਅਤੇ ਫਾਤਮਾ ਦਾ ਪਤਾ ਲਿਖ ਦਿੱਤਾ ਸੀ ਅਤੇ ਚਿੱਠੀ ਨੂੰ ਉਸਨੇ ਡਾਕ ਵਿਚ ਪਾ ਦਿੱਤਾ ਸੀ। ਜਦੋਂ ਵੀ ਅਸਗਰ ਦਾ ਮਨ ਉਦਾਸ ਹੁੰਦਾ ਸੀ, ਉਹ ਝੱਟ ਦੇ ਨਾਲ ਫਾਤਮਾ ਨੂੰ ਚਿੱਠੀ ਲਿਖ ਦਿੰਦਾ ਸੀ। ਇਕ ਹਫ਼ਤੇ ਦੇ ਅੰਦਰ ਹੀ ਉਸਨੇ ਫਾਤਮਾ ਨੂੰ ਬਹੁਤ ਸਾਰੀਆਂ ਚਿੱਠੀਆਂ ਲਿਖੀਆਂ ਸਨ। ਅਸਗਰ ਆਪਣੇ ਸਾਰੇ ਰਿਸ਼ਤੇਦਾਰਾਂ ਨੂੰ ਮਿਲਿਆ ਸੀ ਅਤੇ ਉਹ ਕਈ ਥਾਵਾਂ ਉੱਪਰ ਘੁੰਮਣ ਵੀ ਗਿਆ ਸੀ ਪਰੰਤੂ ਫਿਰ ਵੀ ਉਸਦਾ ਮਨ ਉਦਾਸ ਹੀ ਰਹਿੰਦਾ ਸੀ। ਉਸਦਾ ਦਿਲ ਕਰਦਾ ਸੀ ਕਿ ਉਹ ਉੱਡ ਕੇ ਇਕਦਮ ਫਾਤਮਾ ਦੇ ਕੋਲ ਚਲਾ ਜਾਂਦਾ। ਫਾਤਮਾ ਦੀ ਜੁਦਾਈ ਉਸ ਕੋਲੋਂ ਬਰਦਾਸ਼ਤ ਨਹੀਂ ਸੀ ਕੀਤੀ ਜਾਂਦੀ। ਹਰ ਵਕਤ ਉਸਦੀਆਂ ਅੱਖਾਂ ਅੱਗੇ ਫਾਤਮਾ ਹੀ ਘੁੰਮਦੀ ਰਹਿੰਦੀ ਸੀ। ਉਸਨੇ ਫਾਤਮਾ ਦੇ ਲਈ ਸਾਰੀਆਂ ਚੀਜ਼ਾਂ ਖ਼ਰੀਦ ਲਈਆਂ ਸਨ ਜਿਹੜੀਆਂ ਫਾਤਮਾ ਨੇ ਉਸਨੂੰ ਲਿਖ ਕੇ ਦਿੱਤੀਆਂ ਸਨ। ਇਸਤੋਂ ਇਲਾਵਾ ਉਸਨੇ ਹੋਰ ਵੀ ਕਈ ਤੋਹਫ਼ੇ ਫਾਤਮਾ ਦੇ ਲਈ ਖ਼ਰੀਦ ਲਏ ਸਨ। ਅਸਗਰ ਨੇ ਫਾਤਮਾ ਨੂੰ ਕਈ ਚਿੱਠੀਆਂ ਲਿਖੀਆਂ ਸਨ ਪਰੰਤੂ ਫਾਤਮਾ ਦੇ ਵਲੋਂ ਉਸਨੂੰ ਕੋਈ ਖ਼ਤ ਨਹੀਂ ਸੀ ਮਿਲਿਆ ਕਿਉਂਕਿ ਚਿੱਠੀ ਦਾ ਜਵਾਬ ਆਉਣ ਦੇ ਲਈ ਦੋ-ਤਿੰਨ ਹਫ਼ਤਿਆਂ ਦਾ ਸਮਾਂ ਚਾਹੀਦਾ ਸੀ। ਫਿਰ ਵੀ ਅਸਗਰ ਤੋਂ ਰਿਹਾ ਨਹੀਂ ਸੀ ਗਿਆ ਉਹ ਕਈ ਵਾਰ ਟੈਲੀਫ਼ੋਨ ਉੱਪਰ ਫਾਤਮਾ ਦੇ ਨਾਲ ਗੱਲਾਂ ਕਰ ਚੁੱਕਾ ਸੀ।

ਅਖ਼ੀਰ ਜਦੋਂ ਅਸਗਰ ਦੇ ਕੋਲੋਂ ਫਾਤਮਾ ਦੀ ਜੁਦਾਈ ਬਰਦਾਸ਼ਤ ਕਰਨੀ ਮੁਸ਼ਕਲ ਹੋ ਗਈ, ਉਸਨੇ ਚੁੱਪ ਕੀਤੇ ਨੇ ਵਾਪਸ ਜਾਣ ਦੀ ਟਿਕਟ ਦੋ ਹਫ਼ਤੇ ਪਹਿਲਾਂ ਦੀ ਹੀ ਕਨਫਰਮ ਕਰਵਾ ਲਈ ਸੀ। ਉਸਦੇ ਰਿਸ਼ਤੇਦਾਰਾਂ ਨੇ ਉਸਨੂੰ ਬਥੇਰਾ ਜ਼ੋਰ ਲਗਾਇਆ ਸੀ ਕਿ ਉਹ ਕੁਝ ਹੋਰ ਹਫ਼ਤਿਆਂ ਦੇ ਲਈ ਰਹਿ ਲਵੇ ਪਰੰਤੂ ਅਸਗਰ ਨੇ ਉਹਨਾਂ ਸਾਰਿਆਂ ਦੀ ਇਕ ਨਹੀਂ ਸੀ ਸੁਣੀ ਅਤੇ ਉਹ ਉਹਨਾਂ ਦੇ ਕੋਲ ਇਹੀ ਬਹਾਨਾ ਲਾਉਂਦਾ ਰਿਹਾ ਸੀ ਕਿ ਉਸਦੀ ਕੰਮ ਤੋਂ ਛੁੱਟੀ ਬਹੁਤ ਥੋੜ੍ਹੀ ਸੀ ਅਤੇ ਜੇਕਰ ਉਹ ਵਾਪਸ ਸਮੇਂ ਸਿਰ ਨਹੀਂ ਜਾਂਦਾ ਸੀ ਤਾਂ ਉਸ ਲਈ ਉੱਥੇ ਕੰਮ ਕਰਨਾ ਮੁਸ਼ਕਲ ਹੋ ਜਾਣਾ ਸੀ, ਫਿਰ ਉਸਨੂੰ ਹੋਰ ਕੰਮ ਲੱਭਣਾ ਪੈਣਾ ਸੀ। ਅਸਗਰ ਨੇ ਵਾਪਸ ਇੰਗਲੈਂਡ ਮਿੱਥੇ ਸਮੇਂ ਤੋਂ ਦੋ ਹਫ਼ਤੇ ਪਹਿਲਾਂ ਜਾਣ ਬਾਰੇ ਫਾਤਮਾ ਨੂੰ ਨਾ ਟੈਲੀਫ਼ੋਨ ਰਾਹੀਂ ਅਤੇ ਨਾ ਹੀ ਚਿੱਠੀ ਰਾਹੀਂ ਸੂਚਿਤ ਕੀਤਾ ਸੀ ਕਿਉਂਕਿ ਉਹ

ਸੋਚਦਾ ਸੀ ਕਿ ਜਦੋਂ ਉਸਨੇ ਅਚਾਨਕ ਹੀ ਬਿਨਾਂ ਦੱਸੇ ਫਾਤਮਾ ਦੇ ਕੋਲ ਜਾ ਪਹੁੰਚਣਾ ਸੀ ਤਾਂ ਫਾਤਮਾ ਨੂੰ ਬੜੀ ਹੈਰਾਨਗੀ ਹੋਣੀ ਸੀ। ਉਹ ਫਾਤਮਾ ਨੂੰ ਹੈਰਾਨ ਕਰਨਾ ਚਾਹੁੰਦਾ ਸੀ।

ਅਸਗਰ ਦੇ ਰਿਸ਼ਤੇਦਾਰ ਉਸਨੂੰ ਕਰਾਚੀ ਹਵਾਈ ਅੱਡੇ ਤੋਂ ਹਵਾਈ ਜਹਾਜ਼ ਵਿਚ ਚੜ੍ਹਾ ਗਏ ਸਨ। ਅਸਗਰ ਦੇ ਦੋ ਅਟੈਚੀ ਸਾਮਾਨ ਦੇ ਨਾਲ ਭਰੇ ਹੋਏ ਸਨ। ਇਹ ਸਾਰਾ ਸਾਮਾਨ ਫਾਤਮਾ ਦੇ ਵਾਸਤੇ ਹੀ ਸੀ। ਅਸਗਰ ਨੇ ਆਪਣਾ ਸਾਮਾਨ ਇੱਕ ਬੈਗ ਵਿਚ ਪਾਇਆ ਹੋਇਆ ਸੀ। ਅਸਗਰ ਦਾ ਜਹਾਜ਼ ਲੰਡਨ ਦੀ ਹੀਥਰੋ ਏਅਰ ਪੋਰਟ ਉੱਤੇ ਉੱਤਰ ਗਿਆ ਸੀ। ਏਅਰ ਪੋਰਟ ਤੋਂ ਅਸਗਰ ਇਕ ਟੈਕਸੀ ਫੜ ਕੇ ਆਪਣੇ ਸ਼ਹਿਰ ਵੂਲਵਰਹੈਂਪਟਨ ਨੂੰ ਚੱਲ ਪਿਆ ਸੀ। ਅਸਗਰ ਦਾ ਮਨ ਕਰ ਰਿਹਾ ਸੀ ਕਿ ਉਹ ਇਕਦਮ ਫਾਤਮਾ ਦੇ ਕੋਲ ਪਹੁੰਚ ਜਾਵੇ। ਫਾਤਮਾ ਨੂੰ ਮਿਲਣ ਦੇ ਲਈ ਉਸਦਾ ਦਿਲ ਬਹੁਤ ਉਤਾਵਲਾ ਹੋ ਰਿਹਾ ਸੀ। ਵੂਲਵਰਹੈਂਪਟਨ ਪਹੁੰਚ ਕੇ ਅਸਗਰ ਨੇ ਟੈਕਸੀ ਡਰਾਈਵਰ ਨੂੰ ਆਪਣਾ ਮਕਾਨ ਨੰਬਰ ਅਤੇ ਗਲੀ ਦਾ ਨਾਂ ਵੀ ਦੱਸ ਦਿੱਤਾ ਸੀ। ਅਸਗਰ ਮੁਸਕਰਾ ਰਿਹਾ ਸੀ। ਫਾਤਮਾ ਨੂੰ ਮਿਲਣ ਦੇ ਲਈ ਉਸਨੂੰ ਚਾਅ ਜਿਹਾ ਚੜ੍ਹਿਆ ਹੋਇਆ ਸੀ। ਟੈਕਸੀ ਅਸਗਰ ਦੇ ਘਰ ਮੂਹਰੇ ਆਣ ਕੇ ਰੁਕ ਗਈ ਸੀ। ਅਸਗਰ ਨੇ ਟੈਕਸੀ ਵਿਚੋਂ ਆਪਣਾ ਸਾਮਾਨ ਉਤਾਰ ਕੇ ਥੱਲੇ ਰੱਖ ਲਿਆ ਸੀ ਅਤੇ ਉਸਨੇ ਟੈਕਸੀ ਵਾਲੇ ਨੂੰ ਬਿੱਲ ਦੇ ਦਿੱਤਾ ਸੀ ਅਤੇ ਟੈਕਸੀ ਵਾਲਾ ਚਲਾ ਗਿਆ ਸੀ। ਅਸਗਰ ਦਾ ਚਿਹਰਾ ਖ਼ੁਸ਼ੀ ਦੇ ਨਾਲ ਖਿੜਿਆ ਹੋਇਆ ਸੀ। ਉਸਦਾ ਖ਼ਿਆਲ ਸੀ ਕਿ ਅਚਾਨਕ ਉਸਨੂੰ ਫਾਤਮਾ ਉੱਥੇ ਦੇਖ ਕੇ ਬਹੁਤ ਜ਼ਿਆਦਾ ਖ਼ੁਸ਼ ਅਤੇ ਹੈਰਾਨ ਹੋਵੇਗੀ। ਇਸ ਲਈ ਸਾਮਾਨ ਨੂੰ ਸੜਕ ਉੱਪਰ ਹੀ ਛੱਡ ਕੇ ਅਸਗਰ ਹੌਲੀ-ਹੌਲੀ ਛੋਟੇ-ਛੋਟੇ ਕਦਮ ਪੁੱਟਦਾ ਹੋਇਆ ਆਪਣੇ ਮਕਾਨ ਵੱਲ ਨੂੰ ਜਾ ਰਿਹਾ ਸੀ। ਉਸਨੇ ਪੈਰਾਂ ਦੇ ਨਾਲ ਕੋਈ ਬਿੜਕ ਨਹੀਂ ਸੀ ਹੋਣ ਦਿੱਤੀ। ਉਸਨੇ ਹੌਲੀ ਜਿਹੀ ਆਪਣੇ ਘਰ ਦੇ ਬਾਹਰ ਦਾ ਦਰਵਾਜ਼ਾ ਖੋਲ੍ਹਿਆ ਸੀ। ਬਾਹਰ ਦਾ ਦਰਵਾਜ਼ਾ ਅੰਦਰੋਂ ਬੰਦ ਨਹੀਂ ਕੀਤਾ ਹੋਇਆ ਸੀ। ਦੱਬੇ ਪੈਰੀਂ ਮੁਸਕਰਾਉਂਦਾ ਹੋਇਆ ਅਸਗਰ ਪਹਿਲਾਂ ਰਸੋਈ ਵਿਚ ਵੜਿਆ ਸੀ ਪਰੰਤੂ ਫਾਤਮਾ ਉਸਨੂੰ ਦਿਖਾਈ ਨਹੀਂ ਸੀ ਦਿੱਤੀ। ਫਿਰ ਅਸਗਰ ਦੱਬੇ ਪੈਰੀਂ ਆਪਣੇ ਸੌਣ ਵਾਲੇ ਕਮਰੇ ਵੱਲ ਨੂੰ ਵੱਧ ਰਿਹਾ ਸੀ। ਉਸਦਾ ਹਾਸਾ ਨਿਕਲਣ ਨੂੰ ਫਿਰਦਾ ਸੀ ਪਰੰਤੂ ਉਸਨੇ ਬੜੀ ਮੁਸ਼ਕਲ ਦੇ ਨਾਲ ਆਪਣੇ ਆਪ ਉੱਪਰ ਕਾਬੂ ਰੱਖਿਆ ਹੋਇਆ ਸੀ। ਉਸਨੇ ਆਪਣੇ ਸੌਣ ਵਾਲਾ ਕਮਰਾ ਜਿਉਂ ਹੀ ਖੋਲ੍ਹ ਕੇ ਦੇਖਿਆ ਸੀ ਤਾਂ ਉਸਨੂੰ ਸਾਹਮਣੇ ਫਾਤਮਾ ਨਜ਼ਰ ਆਈ ਸੀ। ਉਹ ਦੇਖ

ਕੇ ਮੁਸਕਰਾਉਣ ਹੀ ਲੱਗਾ ਸੀ ਕਿ ਉਸਦਾ ਮੁਸਕਰਾਉਂਦਾ ਹੋਇਆ ਚਿਹਰਾ ਇਕਦਮ ਪੀਲਾ ਪੈ ਗਿਆ ਸੀ। ਉਸ ਦੀਆਂ ਅੱਖਾਂ ਇੱਕ ਥਾਂ ਉੱਤੇ ਹੀ ਗੱਡੀਆਂ ਰਹਿ ਗਈਆਂ ਸਨ। ਉਹ ਉੱਥੇ ਹੀ ਪੱਥਰ ਦੀ ਮੂਰਤੀ ਦੀ ਤਰ੍ਹਾਂ ਖੜ੍ਹਾ ਰਿਹਾ ਸੀ। ਉਹ ਜੋ ਕੁਝ ਵੀ ਦੇਖ ਰਿਹਾ ਸੀ ਉਸਨੂੰ ਆਪਣੀਆਂ ਅੱਖਾਂ ਉੱਪਰ ਵਿਸ਼ਵਾਸ ਨਹੀਂ ਸੀ ਆ ਰਿਹਾ। ਉਸ ਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਜਿਸ ਤਰ੍ਹਾਂ ਉਹ ਅਸਲੀਅਤ ਨਹੀਂ ਸਗੋਂ ਕੋਈ ਸੁਪਨਾ ਹੀ ਦੇਖ ਰਿਹਾ ਸੀ। ਉਹ ਡੌਰ-ਭੌਰਾ ਹੋਇਆ ਉੱਥੇ ਹੀ ਖੜ੍ਹਾ ਰਿਹਾ ਸੀ। ਉਸਦੇ ਸਿਰ ਨੂੰ ਚੱਕਰ ਆ ਰਹੇ ਸਨ। ਉਸਨੂੰ ਇਕ ਪਾਸੇ ਰੋਣ ਆ ਰਿਹਾ ਸੀ, ਦੂਜੇ ਪਾਸੇ ਗੁੱਸਾ ਆ ਰਿਹਾ ਸੀ। ਫਾਤਮਾ ਕਿਸੇ ਓਪਰੇ ਮਰਦ ਦੇ ਨਾਲ ਬੈੱਡ ਉੱਪਰ ਲੇਟੀ ਹੋਈ ਰੰਗਰਲੀਆਂ ਮਨਾ ਰਹੀ ਸੀ ਅਤੇ ਦੋਵਾਂ ਨੇ ਸਾਰੇ ਬਸਤਰ ਉਤਾਰੇ ਹੋਏ ਸਨ। ਅਸਗਰ ਨੂੰ ਅਚਾਨਕ ਦੇਖ ਕੇ ਫਾਤਮਾ ਨੇ ਆਪਣੇ ਨਗਨ ਬਦਨ ਨੂੰ ਚਾਦਰ ਦੇ ਨਾਲ ਢੱਕਣ ਦੀ ਕੋਸ਼ਿਸ਼ ਜ਼ਰੂਰ ਕੀਤੀ ਸੀ।

ਅਸਗਰ ਦੇ ਮੂੰਹੋਂ ਕੋਈ ਵੀ ਲਫ਼ਜ਼ ਨਹੀਂ ਸੀ ਨਿਕਲਿਆ। ਉਹ ਉਹਨੀਂ ਪੈਰੀਂ ਹੀ ਘਰ ਤੋਂ ਬਾਹਰ ਚਲਾ ਗਿਆ ਸੀ। ਉਸਦੇ ਦਿਮਾਗ਼ ਵਿਚ ਉੱਥਲ-ਪੁੱਥਲ ਹੋ ਰਹੀ ਸੀ। ਉਹ ਦੰਦ ਪੀਂਹਦਾ ਹੋਇਆ ਇਕ ਬਾਜ਼ਾਰ ਵੱਲ ਚਲਾ ਗਿਆ ਸੀ। ਅਸਗਰ ਨੇ ਸ਼ਰਾਬ ਦੀ ਇਕ ਦੁਕਾਨ ਤੋਂ ਸ਼ਰਾਬ ਦੀ ਅੱਧੀ ਬੋਤਲ ਖ਼ਰੀਦ ਲਈ ਸੀ ਅਤੇ ਉਸ ਅੱਧੀ ਬੋਤਲ ਨੂੰ ਉਹ ਇਕੋ ਡੀਕ ਲਗਾ ਕੇ ਪੀ ਗਿਆ ਸੀ। ਉਸਨੂੰ ਫਾਤਮਾ ਉੱਪਰ ਮੁੜ-ਮੁੜ ਕੇ ਗੁੱਸਾ ਆ ਰਿਹਾ ਸੀ ਅਤੇ ਉਸਦੇ ਮਨ ਵਿਚ ਬਹੁਤ ਜ਼ਿਆਦਾ ਪਛਤਾਵਾ ਹੋ ਰਿਹਾ ਸੀ। ਅਸਗਰ ਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂਕਿ ਕੋਈ ਉਸ ਦੇ ਦਿਲ ਵਿਚ ਕਟਾਰ ਖੋਭ ਰਿਹਾ ਹੋਵੇ। ਉਸਨੂੰ ਫਾਤਮਾ ਉੱਪਰ ਬਹੁਤ ਜ਼ਿਆਦਾ ਗੁੱਸਾ ਆ ਰਿਹਾ ਸੀ। ਫਾਤਮਾ ਨੇ ਉਸਦੇ ਦਿਲ ਦੇ ਟੁਕੜੇ-ਟੁਕੜੇ ਕਰ ਦਿੱਤੇ ਸਨ। ਫਾਤਮਾ ਨੇ ਉਸਦੇ ਨਾਲ ਬੜੀ ਵੱਡੀ ਬੇਇਨਸਾਫ਼ੀ ਅਤੇ ਗੱਦਾਰੀ ਕੀਤੀ ਸੀ, ਬੜੀ ਵੱਡੀ ਬੇਵਫ਼ਾਈ ਕੀਤੀ ਸੀ। ਉਸਨੇ ਫਾਤਮਾ ਦੀ ਹਰ ਮੰਗ ਨੂੰ ਪੂਰਾ ਕੀਤਾ ਸੀ। ਉਸਨੇ ਉਸਦੀ ਖ਼ਾਤਰ ਦਿਨ-ਰਾਤ ਕੰਮ ਕੀਤਾ ਸੀ ਅਤੇ ਬੜੀ ਬੇ-ਆਰਾਮੀ ਕੱਟੀ ਸੀ ਅਤੇ ਆਪਣੇ ਮਾਂ ਪਿਉ ਅਤੇ ਭੈਣਾਂ ਨੂੰ ਛੱਡ ਦਿੱਤਾ ਸੀ। ਫਾਤਮਾ ਉਸਨੂੰ ਆਪਣੀਆਂ ਉਂਗਲਾਂ ਉੱਪਰ ਨਚਾਉਂਦੀ ਰਹੀ ਸੀ। ਉਸਨੇ ਫਾਤਮਾ ਨੂੰ ਕਦੇ ਵੀ ਕਿਸੇ ਚੀਜ਼ ਤੋਂ ਇਨਕਾਰ ਨਹੀਂ ਕੀਤਾ ਸੀ। ਉਹ ਫਾਤਮਾ ਦੀ ਬੜੀ ਇੱਜ਼ਤ ਕਰਦਾ ਸੀ ਅਤੇ ਉਸਨੂੰ ਦਿਲ ਦੀ ਤਹਿ ਤੱਕ ਪਿਆਰ ਕਰਦਾ ਸੀ ਪਰੰਤੂ ਫਾਤਮਾ ਨੇ ਉਸਦੀ ਕੱਖ ਜਿੰਨੀ ਵੀ ਪਰਵਾਹ ਨਹੀਂ ਸੀ ਕੀਤੀ।

ਸ਼ਰਾਬ ਨੇ ਅਸਗਰ ਉੱਪਰ ਅਸਰ ਕਰਨਾ ਸ਼ੁਰੂ ਕਰ ਦਿੱਤਾ ਸੀ। ਅਸਗਰ ਆਪਣੀ ਹੋਸ਼ ਨੂੰ ਗਵਾਉਂਦਾ ਜਾ ਰਿਹਾ ਸੀ। ਉਸਦਾ ਜੀਅ ਕੀਤਾ ਸੀ ਕਿ ਉਹ ਕਿਸੇ ਕਾਰ ਜਾਂ ਬੱਸ ਥੱਲੇ ਆਣ ਕੇ ਖ਼ੁਦਕੁਸ਼ੀ ਕਰ ਲੈਂਦਾ ਪਰੰਤੂ ਉਹ ਅਜਿਹਾ ਨਹੀਂ ਸੀ ਕਰ ਸਕਿਆ। ਉਹ ਬੜੀ ਜਲਦੀ ਦੇ ਨਾਲ ਇਕ ਵੱਡੇ ਸਾਰੇ ਸਟੋਰ ਦੇ ਅੰਦਰ ਦਾਖ਼ਲ ਹੋਇਆ ਸੀ। ਉਸਨੇ ਸਟੋਰ ਦੇ ਹਰ ਪਾਸੇ ਘੁੰਮ ਕੇ ਦੇਖਿਆ ਸੀ ਪਰੰਤੂ ਉਸ ਨੂੰ ਕੋਈ ਚੀਜ਼ ਪਸੰਦ ਨਹੀਂ ਸੀ ਆਈ। ਅਖ਼ੀਰ ਵਿਚ ਉਸਦੀ ਨਿਗਾਹ ਇਕ ਵੱਡੇ ਸਾਰੇ ਹਥੌੜੇ ਉੱਪਰ ਪਈ ਸੀ। ਅਸਗਰ ਨੂੰ ਇਹ ਹਥੌੜਾ ਬਹੁਤ ਪਸੰਦ ਆਇਆ ਸੀ। ਉਸਨੇ ਉਸ ਹਥੌੜੇ ਨੂੰ ਖ਼ਰੀਦ ਲਿਆ ਸੀ। ਸ਼ਰਾਬ ਦੀ ਲੋਰ ਦੇ ਕਾਰਣ ਅਸਗਰ ਦੇ ਪੈਰ ਲੜ-ਖੜਾ ਰਹੇ ਸਨ। ਹਥੌੜੇ ਨੂੰ ਉਸਨੇ ਆਪਣੇ ਦੋਵਾਂ ਹੱਥਾਂ ਦੇ ਵਿਚ ਘੁੱਟ ਕੇ ਫੜਿਆ ਹੋਇਆ ਸੀ। ਉਹ ਕਾਹਲੇ-ਕਾਹਲੇ ਕਦਮ ਪੁੱਟਦਾ ਹੋਇਆ ਆਪਣੇ ਘਰ ਵੱਲ ਨੂੰ ਜਾ ਰਿਹਾ ਸੀ। ਉਸਦੇ ਮਨ ਵਿਚ ਕਈ ਤਰ੍ਹਾਂ ਦੇ ਚੰਗੇ ਮਾੜੇ ਖ਼ਿਆਲ ਆ ਰਹੇ ਸਨ ਅਤੇ ਉਸਦਾ ਦਿਲ ਪੱਥਰ ਵਰਗਾ ਸਖ਼ਤ ਹੋ ਰਿਹਾ ਸੀ। ਅਸਗਰ ਨੇ ਘਰ ਦੇ ਬਾਹਰਲੇ ਦਰਵਾਜ਼ੇ ਨੂੰ ਖੋਲ੍ਹ ਕੇ ਆਪਣੇ ਘਰ ਅੰਦਰ ਕਦਮ ਰੱਖਿਆ ਸੀ। ਫਿਰ ਉਹ ਬੜੀ ਜਲਦੀ ਦੇ ਨਾਲ ਸੌਣ ਵਾਲੇ ਕਮਰੇ ਵੱਲ ਨੂੰ ਵਧਿਆ ਸੀ ਜਿੱਥੇ ਅੰਦਰ ਫਾਤਮਾ ਲੇਟੀ ਹੋਈ ਸੀ। ਜਿਉਂ ਹੀ ਫਾਤਮਾ ਨੇ ਅਸਗਰ ਨੂੰ ਦੇਖਿਆ ਸੀ। ਪਹਿਲਾਂ ਤਾਂ ਉਹ ਥੋੜ੍ਹਾ ਡਰ ਜਿਹੀ ਗਈ ਸੀ ਅਤੇ ਫਿਰ ਉਹ ਉਸਨੂੰ ਦੇਖ ਕੇ ਮੁਸਕਰਾਈ ਸੀ। ਓਪਰਾ ਮਰਦ ਪਹਿਲਾਂ ਹੀ ਉਥੋਂ ਚਲਾ ਗਿਆ ਸੀ। ਹੁਣ ਘਰ ਵਿਚ ਸਿਰਫ਼ ਫਾਤਮਾ ਅਤੇ ਅਸਗਰ ਹੀ ਸਨ। ਫਾਤਮਾ ਸੋਚਦੀ ਸੀ ਕਿ ਸ਼ਾਇਦ ਉਹ ਅਸਗਰ ਨੂੰ ਮਨਾ ਲਵੇਗੀ। ਇਸ ਲਈ ਉਸਨੇ ਹੱਸਦੀ ਹੋਈ ਨੇ ਆਖਿਆ ਸੀ,

"ਹੈਲੋ ਡਾਰਲਿੰਗ! ਆਈ ਲਵ ਯੂ ਵੈਰੀ ਮੱਚ।" ਜਿਉਂ ਹੀ ਫਾਤਮਾ ਅਸਗਰ ਨੂੰ ਆਪਣੇ ਕਲਾਵੇ ਵਿਚ ਲੈਣ ਦੇ ਲਈ ਅੱਗੇ ਵਧੀ ਸੀ, ਅਸਗਰ ਨੇ ਇਕ ਪੂਰੇ ਜ਼ੋਰ ਦੇ ਨਾਲ ਫਾਤਮਾ ਦੇ ਮੂੰਹ ਉੱਪਰ ਥੱਪੜ ਮਾਰਿਆ ਸੀ। ਫਾਤਮਾ ਦਾ ਚਿਹਰਾ ਲਾਲ ਹੋ ਗਿਆ ਸੀ। ਫਿਰ ਹਨੇਰੀ ਦੀ ਤਰ੍ਹਾਂ ਅਸਗਰ ਨੇ ਫਾਤਮਾ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਸੀ। ਪਹਿਲਾਂ ਉਸਨੇ ਸਿਰਫ਼ ਆਪਣੇ ਹੱਥਾਂ ਦੀ ਹੀ ਵਰਤੋਂ ਕੀਤੀ ਸੀ ਫਿਰ ਉਸਨੇ ਹਥੌੜੇ ਨੂੰ ਆਪਣੇ ਦੋਹਾਂ ਹੱਥਾਂ ਵਿਚ ਲੈ ਕੇ ਹਥੌੜੇ ਨੂੰ ਫਾਤਮਾ ਦੇ ਸਿਰ ਉੱਪਰ ਬੜੇ ਜ਼ੋਰ ਦੇ ਨਾਲ ਵਰ੍ਹਾਉਣਾ ਸ਼ੁਰੂ ਕਰ ਦਿੱਤਾ ਸੀ। ਉਹ ਉਸਨੂੰ ਪੂਰੇ ਜ਼ੋਰ ਦੇ ਨਾਲ ਹਥੌੜੇ ਮਾਰਦਾ ਹੋਇਆ ਉੱਚੀ-ਉੱਚੀ ਆਵਾਜ਼ ਵਿਚ ਚਿਲਾ ਰਿਹਾ ਸੀ,

"ਬਾਸਟਰਡ, ਯੂ ਹੈਵ ਬਰੋਕਣ ਮਾਈ ਹਾਰਟ ਇਨ ਟੂ ਸਮਾਲ ਪੀਸਜ਼, ਆਈ ਹੈਡ ਟਰੱਸਟਡ ਯੂ ਬਟ ਯੂ ਹੈਵ ਡੀਸੀਵਡ ਮੀ। ਆਈ ਸੈਕਰੀਫਾਈਸਡ ਐਵਰੀਥਿੰਗ ਫਾਰ ਯੂਅਰ ਸੇਕ ਬੱਟ ਯੂ ਹੈਵ ਰੀਊਨਡ ਮਾਈ ਲਾਈਫ਼। ਯੂ ਹੈਵ ਪਲੇਡ ਵਿਦ ਮਾਈ ਫੀਲੀਂਗਜ਼। ਯੂ ਆਰ ਲੈਸ ਦੈਨ ਏ ਪਰੋਸਟੀਚਿਊਟ ਫਾਰ ਮੀ ਐਂਡ ਆਈ ਵਿਲ ਨਾਟ ਲੀਵ ਯੂ ਅਲਾਈਵ। ਆਈ ਹੈਵ ਟੂ ਪਨਸ਼ ਯੂ ਫਾਰ ਯੂਅਰ ਮੀਨ ਡੀਡਜ਼। ਆਈ ਮਸਟ ਟੀਚ ਯੂ ਏ ਲੈਸਨ। ਆਈ ਵਿਲ ਸੈਂਡ ਯੂ ਇਨ ਦੀ ਹੈੱਲ।"

ਅਸਗਰ ਨੇ ਹਥੌੜੇ ਮਾਰ-ਮਾਰ ਕੇ ਫਾਤਮਾ ਦਾ ਸਿਰ ਫੇਹ ਦਿੱਤਾ ਸੀ। ਚਾਹੇਕਿ ਫਾਤਮਾ ਨੇ ਆਪਣੇ ਆਪ ਨੂੰ ਬਚਾਉਣ ਦੀ ਬਥੇਰੀ ਕੋਸ਼ਿਸ਼ ਕੀਤੀ ਸੀ ਫਿਰ ਵੀ ਅਸਗਰ ਦੇ ਸਾਹਮਣੇ ਉਹ ਕੁਝ ਵੀ ਨਹੀਂ ਸੀ ਕਰ ਸਕੀ। ਫਾਤਮਾ ਦੇ ਖ਼ੂਨ ਦੇ ਨਾਲ ਘਰ ਦਾ ਸਾਰਾ ਅੰਦਰ ਬਾਹਰ ਲਿਬੜਿਆ ਹੋਇਆ ਸੀ। ਫਾਤਮਾ ਜਿਸ ਪਾਸੇ ਨੂੰ ਵੀ ਬੌਂਦਲੀ ਹੋਈ ਆਪਣੀ ਜਾਨ ਬਚਾਉਣ ਲਈ ਦੌੜਦੀ ਰਹੀ ਸੀ ਅਸਗਰ ਵੀ ਉਸਦੇ ਮਗਰ-ਮਗਰ ਲਗਾਤਾਰ ਹਥੌੜੇ ਮਾਰਦਾ ਰਿਹਾ ਸੀ। ਫਾਤਮਾ ਲੋਥ ਵਿਚ ਬਦਲ ਚੁੱਕੀ ਸੀ ਫਿਰ ਵੀ ਅਸਗਰ ਕਾਫ਼ੀ ਦੇਰ ਤੱਕ ਫਾਤਮਾ ਦੀ ਲਾਸ਼ ਨੂੰ ਹਥੌੜਿਆਂ ਦੇ ਨਾਲ ਭੰਨਦਾ ਰਿਹਾ ਸੀ। ਅਖ਼ੀਰ ਦੇ ਵਿਚ ਜਦੋਂ ਉਹ ਹਥੌੜੇ ਮਾਰਦਾ-ਮਾਰਦਾ ਅੱਕ ਗਿਆ ਸੀ ਤਾਂ ਉਹ ਫਾਤਮਾ ਦੀ ਲਾਸ਼ ਨੂੰ ਲਿਪਟਿਆ ਹੋਇਆ ਭੁੱਬਾਂ ਮਾਰ-ਮਾਰ ਕੇ ਰੋ ਰਿਹਾ ਸੀ,

"ਡਾਰਲਿੰਗ! ਆਈ ਲਵ ਯੂ ਫਰੌਮ ਦੀ ਕੋਰ ਆਫ਼ ਮਾਈ ਹਾਰਟ। ਸਵੀਟਹਾਰਟ, ਵਟ ਸ਼ੈੱਲ ਆਈ ਡੂ ਐਂਡ ਵਿਅਰ ਸ਼ੈੱਲ ਆਈ ਗੋ? ਡਾਰਲਿੰਗ, ਆਈ ਕਾਂਟ ਲਿਵ ਵਿਦਾਊਟ ਯੂ। ਅਰੈਸਟ ਮੀ ਪੋਲੀਸ ਆਈ ਹੈਵ ਕਿਲਡ ਮਾਈ ਵਾਈਫ਼। ਆਈ ਐਮ ਦੀ ਮਰਡਰਰ। ਓ ਪਨਸ਼ ਮੀ, ਆਈ ਡੀਜ਼ਰਵ ਪਨਸ਼ਮੈਂਟ। ਆਈ ਐਮ ਗਿਲਟੀ। ਡਾਰਲਿੰਗ, ਵੱਟ ਹੈਡ ਯੂ ਡਨ ਐਂਡ ਵਟ ਹੈਵ ਆਈ ਡਨ? ਡਾਰਲਿੰਗ, ਨੋਬੌਡੀ ਵਿਲ ਕਮ ਟੂ ਕਨਸੋਲ ਮੀ। ਡਾਰਲਿੰਗ! ਡਾਰਲਿੰਗ! ਫਾਤਮਾ! ਡਾਰਲਿੰਗ ਫਾਤਮਾ! ਸਵੀਟਹਾਰਟ, ਵਿਅਰ ਹੈਵ ਯੂ ਗੌਨ?" ਘਰ ਵਿਚ ਸਿਰਫ਼ ਅਸਗਰ ਦੇ ਉੱਚੀ-ਉੱਚੀ ਰੋਣ ਦੀਆਂ ਆਵਾਜ਼ਾਂ ਹੀ ਸੁਣਾਈ ਦੇ ਰਹੀਆਂ ਸਨ। ਪਾਕਿਸਤਾਨ ਤੋਂ ਬੜੀਆਂ ਰੀਝਾਂ ਦੇ ਨਾਲ ਖ਼ਰੀਦੇ ਹੋਏ ਸਾਮਾਨ ਨਾਲ ਭਰੇ ਹੋਏ ਅਟੈਚੀਕੇਸ ਘਰ ਦੇ ਬਾਹਰ ਦਰਵਾਜ਼ੇ ਸਾਹਮਣੇ ਸੜਕ ਉੱਪਰ ਹੀ ਪਏ ਹੋਏ ਸਨ।

# 6

ਅਸਗਰ ਮੁਹੰਮਦ ਦੇ ਇਕ ਗੁਆਂਢੀ ਨੇ ਪੁਲੀਸ ਨੂੰ ਟੈਲੀਫ਼ੋਨ ਕਰ ਦਿੱਤਾ ਸੀ ਅਤੇ ਟੈਲੀਫ਼ੋਨ ਦੇ ਦੁਆਰਾ ਉਸਨੇ ਪੁਲੀਸ ਨੂੰ ਦੱਸਿਆ ਸੀ ਕਿ ਉਸਦਾ ਇਕ ਗੁਆਂਢੀ ਉੱਚੀ-ਉੱਚੀ ਚੀਕਾਂ ਮਾਰਦਾ ਹੋਇਆ ਰੋ ਰਿਹਾ ਸੀ ਪਰੰਤੂ ਅਸਲ ਵਿਚ ਜੋ ਕੁਝ ਵੀ ਵਾਪਰਿਆ ਸੀ, ਉਸ ਬਾਰੇ ਉਸ ਗੁਆਂਢੀ ਨੂੰ ਵੀ ਕੁਝ ਪਤਾ ਨਹੀਂ ਸੀ। ਉਸ ਗੁਆਂਢੀ ਨੇ ਪੁਲੀਸ ਨੂੰ ਅਸਗਰ ਮੁਹੰਮਦ ਦੇ ਘਰ ਦਾ ਨੰਬਰ ਅਤੇ ਗਲੀ ਦਾ ਨਾਂ ਵੀ ਦੱਸ ਦਿੱਤਾ ਸੀ?

ਕੁਝ ਹੀ ਮਿੰਟਾਂ ਦੇ ਬਾਅਦ ਪੁਲੀਸ ਦੀ ਗੱਡੀ ਸਾਇਰਨ ਵਜਾਉਂਦੀ ਹੋਈ ਅਸਗਰ ਦੇ ਘਰ ਪਹੁੰਚ ਗਈ ਸੀ। ਅਸਗਰ ਅਜੇ ਵੀ ਉੱਚੀ ਆਵਾਜ਼ ਵਿਚ ਬੱਚਿਆਂ ਦੀ ਤਰ੍ਹਾਂ ਭੁੱਬਾਂ ਮਾਰ-ਮਾਰ ਕੇ ਰੋ ਰਿਹਾ ਸੀ। ਪੁਲੀਸ ਦੇ ਕਰਮਚਾਰੀਆਂ ਨੇ ਬੜੀ ਜਲਦੀ ਦੇ ਨਾਲ ਉਸਦੇ ਘਰ ਅੰਦਰ ਪ੍ਰਵੇਸ਼ ਕੀਤਾ ਸੀ ਅਤੇ ਅੰਦਰ ਦਾਖ਼ਲ ਹੋਣ ਤੋਂ ਪਹਿਲਾਂ ਉਹਨਾਂ ਨੇ ਦਰਵਾਜ਼ੇ ਨੂੰ ਖੜਕਾਇਆ ਵੀ ਸੀ ਅਤੇ ਬਿੜਕ ਵੀ ਕੀਤੀ ਸੀ ਪਰੰਤੂ ਅਸਗਰ ਦਾ ਉਹਨਾਂ ਦੇ ਵੱਲ ਧਿਆਨ ਨਹੀਂ ਸੀ ਗਿਆ। ਉਸਨੂੰ ਆਪਣੇ ਆਲੇ-ਦੁਆਲੇ ਦੀ ਕੋਈ ਵੀ ਖ਼ਬਰ ਨਹੀਂ ਸੀ। ਪੁਲੀਸ ਵਾਲੇ ਬੜੀ ਜਲਦੀ ਦੇ ਨਾਲ ਅਸਗਰ ਦੇ ਸੌਣ ਵਾਲੇ ਕਮਰੇ ਵਿਚ ਪਹੁੰਚ ਗਏ ਸਨ, ਉਹ ਅਸਗਰ ਨੂੰ ਅਜੇ ਉਸਦੇ ਰੋਣ ਦਾ ਕਾਰਣ ਹੀ ਪੁੱਛਣ ਲੱਗੇ ਸਨ ਕਿ ਉਹਨਾਂ ਦੀ ਨਿਗਾਹ ਇਕ ਦਮ ਫਾਤਮਾ ਦੀ ਲਾਸ਼ ਵੱਲ ਗਈ ਸੀ ਜਿਸਨੂੰ ਦੇਖ ਕੇ ਉਹਨਾਂ ਨੂੰ ਕੰਬਣੀ ਜਿਹੀ ਛਿੜੀ ਸੀ ਅਤੇ ਉਹ ਬੜੀ ਹੈਰਾਨੀ ਦੇ ਨਾਲ ਕਦੇ ਫਾਤਮਾ ਦੀ ਲਾਸ਼ ਵੱਲ ਅਤੇ ਕਦੇ ਅਸਗਰ ਦੇ ਰੋਂਦੇ ਹੋਏ ਚਿਹਰੇ ਵੱਲ ਦੇਖ ਰਹੇ ਸਨ। ਪੁਲੀਸ ਦੇ ਇਕ ਕਰਮਚਾਰੀ ਨੇ ਝੱਟ ਦੇ ਨਾਲ ਫਾਤਮਾ ਦੀ ਨਬਜ਼ ਫੜਕੇ ਇਸ ਨੂੰ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ ਪਰੰਤੂ ਉਸਦੀ ਨਬਜ਼ ਬੰਦ ਸੀ ਅਤੇ ਉਸਦਾ ਸਾਰਾ ਜਿਸਮ ਬੇਹਰਕਤ ਪਿਆ ਹੋਇਆ ਸੀ। ਪੁਲੀਸ ਦਾ ਇਕ ਹੋਰ ਕਰਮਚਾਰੀ ਜਲਦੀ ਦੇ ਨਾਲ ਬਾਹਰ ਵੱਲ ਨੂੰ ਦੌੜ ਗਿਆ ਸੀ ਅਤੇ ਉਹ ਨੇੜੇ ਦੇ ਟੈਲੀਫ਼ੋਨ ਬੂਥ ਤੋਂ ਐਂਬੂਲੈਂਸ ਵਾਲਿਆਂ ਨੂੰ ਟੈਲੀਫ਼ੋਨ ਕਰ ਆਇਆ ਸੀ। ਕੁਝ ਹੀ ਪਲਾਂ ਦੇ ਬਾਅਦ ਐਂਬੂਲੈਂਸ ਵਾਲਿਆਂ ਦੀ ਵੈਨ ਸਾਇਰਨ ਵਜਾਉਂਦੀ ਹੋਈ ਉੱਥੇ ਪਹੁੰਚ ਗਈ ਸੀ। ਐਂਬੂਲੈਂਸ ਵਾਲਿਆਂ ਨੇ ਬੜੀ ਫੁਰਤੀ ਦੇ ਨਾਲ ਫਾਤਮਾ ਦੀ ਲਾਸ਼ ਨੂੰ ਵੈਨ ਵਿਚ ਰੱਖਿਆ ਸੀ

ਅਤੇ ਵੈਨ ਸਾਇਰਨ ਵਜਾਉਂਦੀ ਹੋਈ ਉਸੇ ਵੇਲੇ ਬੜੀ ਤੇਜ਼ ਰਫ਼ਤਾਰ ਦੇ ਨਾਲ ਹਸਪਤਾਲ ਨੂੰ ਚਲੀ ਗਈ ਸੀ।

ਇਕ ਪੁਲੀਸ ਵਾਲੇ ਨੇ ਅਸਗਰ ਦੇ ਕੋਲੋਂ ਪੁੱਛਿਆ ਸੀ,

"ਉਹ ਤੇਰੀ ਕੀ ਲੱਗਦੀ ਸੀ?"

"ਉਹ ਮੇਰੀ ਪਤਨੀ ਸੀ, ਉਹ ਮੇਰੇ ਲਈ ਸਭ ਕੁਝ ਸੀ। ਮੈਂ ਉਸਨੂੰ ਬਹੁਤ ਜ਼ਿਆਦਾ ਪਿਆਰ ਕਰਦਾ ਹਾਂ। ਮੈਂ ਉਹਦੇ ਤੋਂ ਬਿਨਾਂ ਨਹੀਂ ਰਹਿ ਸਕਦਾ।" ਅਸਗਰ ਨੇ ਰੋਂਦੇ ਹੋਏ ਨੇ ਜਵਾਬ ਦਿੱਤਾ ਸੀ।

"ਉਹਦੇ ਨਾਲ ਕੀ ਵਾਪਰਿਆ ਹੈ? ਕੀ ਤੁਸੀਂ ਮੈਨੂੰ ਇਸ ਬਾਰੇ ਦੱਸਣ ਦੀ ਖੇਚਲ ਕਰੋਂਗੇ? ਅਸੀਂ ਉਸ ਬਾਰੇ ਸਾਰਾ ਕੁਝ ਜਾਣਨਾ ਚਾਹੁੰਦੇ ਹਾਂ ਕਿਉਂਕਿ ਇਹ ਸਾਡਾ ਫ਼ਰਜ਼ ਹੈ ਕਿ ਅਸੀਂ ਸਾਰੀ ਅਸਲੀਅਤ ਦਾ ਪਤਾ ਲਗਾਈਏ।" ਉਹ ਪੁਲੀਸ ਵਾਲਾ ਅਸਗਰ ਦੇ ਕੋਲੋਂ ਬੜੀ ਨਿਮਰਤਾ ਦੇ ਨਾਲ ਪੁੱਛ ਰਿਹਾ ਸੀ। ਉਹਨਾਂ ਵਿਚਾਲੇ ਸਾਰੀ ਗੱਲ ਬਾਤ ਅੰਗਰੇਜ਼ੀ ਵਿਚ ਹੀ ਹੋ ਰਹੀ ਸੀ। ਅਸਗਰ ਨੇ ਰੋਂਦੇ ਹੋਏ ਨੇ ਜਵਾਬ ਦਿੱਤਾ ਸੀ,

"ਉਹ ਮਰ ਗਈ ਹੈ।" ਅਸਗਰ ਬੱਚਿਆਂ ਦੀ ਤਰ੍ਹਾਂ ਵਿਲਕ ਰਿਹਾ ਸੀ।

"ਨਹੀਂ, ਉਹ ਮਰੀ ਨਹੀਂ ਹੈਂ।" ਪੁਲੀਸ ਵਾਲਾ ਕਹਿ ਰਿਹਾ ਸੀ।

"ਹਾਂ, ਉਹ ਸੱਚਮੁਚ ਹੀ ਮਰ ਗਈ ਹੈ।" ਅਸਗਰ ਰੋ ਰਿਹਾ ਸੀ।

"ਨਹੀਂ, ਇਹ ਸੱਚ ਨਹੀਂ ਹੈ। ਤੁਹਾਡੀ ਪਤਨੀ ਮਰੀ ਨਹੀਂ ਹੈ। ਉਸਨੂੰ ਮਾਰਿਆ ਗਿਆ ਹੈ।" ਪੁਲੀਸ ਵਾਲਾ ਆਖ ਰਿਹਾ ਸੀ।

"ਮੈਨੂੰ ਨਹੀਂ ਪਤਾ ਕਿ ਉਹ ਮਰੀ ਹੈ ਜਾਂ ਮਾਰੀ ਗਈ ਹੈ ਪਰੰਤੂ ਮੈਂ ਸਿਰਫ਼ ਇਹ ਹੀ ਜਾਣਦਾ ਹਾਂ ਕਿ ਉਸਨੇ ਮੇਰੇ ਦਿਲ ਨੂੰ ਤੋੜਿਆ ਹੈ। ਉਸਨੇ ਮੈਨੂੰ ਦੁਖੀ ਕੀਤਾ ਹੈ। ਮੈਂ ਉਸਨੂੰ ਬਹੁਤ ਜ਼ਿਆਦਾ ਪਿਆਰ ਕਰਦਾ ਹਾਂ। ਮੈਂ ਉਹਦੇ ਤੋਂ ਬਗ਼ੈਰ ਜਿਊਂਦਾ ਨਹੀਂ ਰਹਿ ਸਕਦਾ। ਮੈਨੂੰ ਮੇਰੀ ਪਤਨੀ ਦੀ ਲੋੜ ਹੈ। ਮੈਂ ਉਸਨੂੰ ਪ੍ਰਾਪਤ ਕਰਨਾ ਚਾਹੁੰਦਾ ਹਾਂ। ਜੇਕਰ ਮੈਨੂੰ ਉਹ ਨਹੀਂ ਮਿਲੇਗੀ, ਮੈਂ ਮਰ ਜਾਵਾਂਗਾ। ਉਹ ਚਲੀ ਗਈ ਹੈ ਅਤੇ ਉਸਨੇ ਮੈਨੂੰ ਇਕੱਲੇ ਨੂੰ ਛੱਡ ਦਿੱਤਾ ਹੈ। ਉਸਨੇ ਮੈਨੂੰ ਧੋਖਾ ਦਿੱਤਾ ਹੈ। ਮੈਂ ਹੁਣ ਕੀ ਕਰਾਂਗਾ? ਮੈਂ ਹੁਣ ਕਿੱਥੇ ਜਾਵਾਂਗਾ? ਮੈਨੂੰ ਨਹੀਂ ਪਤਾ, ਮੈਨੂੰ ਨਹੀਂ ਪਤਾ। ਫਾਤਮਾ! ਮੈਂ ਤੈਨੂੰ ਦਿਲੋਂ ਪਿਆਰ ਕਰਦਾ ਹਾਂ। ਮੈਨੂੰ ਕਿਸੇ ਹੋਰ ਕੁੜੀ ਦੀ ਲੋੜ ਨਹੀਂ। ਮੈਨੂੰ ਸਿਰਫ਼ ਤੇਰੀ ਹੀ ਲੋੜ ਹੈ। ਫਾਤਮਾ! ਮੈਨੂੰ ਦੱਸ, ਤੂੰ ਮੇਰੇ ਦਿਲ ਦੇ ਟੁਕੜੇ ਕਿਉਂ ਕੀਤੇ ਹਨ? ਮੈਂ ਕਦੇ ਵੀ ਤੇਰੇ ਨਾਲ ਬੁਰਾ ਵਰਤਾਉ ਨਹੀਂ ਸੀ ਕੀਤਾ। ਮੈਂ ਤੇਰੀ ਹਰ

ਇੱਛਾ ਪੂਰੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਮੈਂ ਤੇਰੀ ਖ਼ਾਤਰ ਸਾਰਾ ਕੁਝ ਕੀਤਾ ਸੀ, ਹਰ ਕੁਰਬਾਨੀ ਕੀਤੀ ਸੀ ਪਰੰਤੂ ਤੂੰ ਮੇਰੀ ਇੱਜ਼ਤ ਨਹੀਂ ਸੀ ਕੀਤੀ। ਤੂੰ ਮੇਰੇ ਜਜ਼ਬਾਤਾਂ ਦਾ ਧਿਆਨ ਵੀ ਨਹੀਂ ਸੀ ਰੱਖਿਆ। ਸ਼ਾਇਦ ਤੂੰ ਇਸ ਗੱਲ ਨੂੰ ਵੀ ਭੁੱਲ ਗਈ ਸੀ ਕਿ ਮੇਰਾ ਤੇਰੇ ਨਾਲ ਕੋਈ ਰਿਸ਼ਤਾ ਸੀ। ਫਾਤਮਾ! ਮੈਨੂੰ ਦੱਸ, ਮੈਨੂੰ ਮੇਰੀ ਨੇਕੀ ਦਾ ਇਹ ਹੀ ਫਲ ਮਿਲਣਾ ਸੀ? ਕੀ ਮੈਂ ਇਸਦੇ ਯੋਗ ਸੀ? ਕੀ ਤੂੰ ਇਹ ਚਾਹੁੰਦੀ ਸੀ ਕਿ ਮੈਂ ਕਿਸੇ ਹੋਰ ਨੂੰ ਪਿਆਰ ਕਰਦਾ? ਕੀ ਮੈਂ ਤੈਨੂੰ ਭੁੱਲ ਜਾਂਦਾ? ਨਹੀਂ ਫਾਤਮਾ, ਇਹ ਮੇਰੇ ਲਈ ਅਸੰਭਵ ਹੈ। ਮੈਂ ਸਭ ਕੁਝ ਕਰ ਸਕਦਾ ਹਾਂ ਪਰੰਤੂ ਤੈਨੂੰ ਭੁੱਲ ਨਹੀਂ ਸਕਦਾ। ਮੈਂ ਤੇਰੇ ਪਿਆਰ ਦੀ ਖ਼ਾਤਰ ਹਰ ਕੁਰਬਾਨੀ ਕਰਾਂਗਾ। ਮੈਂ ਆਪਣੀ ਜ਼ਿੰਦਗੀ ਵਿਚ ਸਿਰਫ਼ ਤੈਨੂੰ ਹੀ ਪਿਆਰ ਕੀਤਾ ਹੈ ਅਤੇ ਤੈਨੂੰ ਹੀ ਪਿਆਰ ਕਰਾਂਗਾ। ਮੈਂ ਤੇਰੇ ਪਿਆਰ ਦੀ ਖ਼ਾਤਰ ਹਰ ਕਠਿਨਾਈ ਨੂੰ ਬਰਦਾਸ਼ਤ ਕਰਾਂਗਾ ਪਰੰਤੂ ਤੂੰ ਇਹ ਨਹੀਂ ਸੋਚਿਆ ਕਿ ਮੇਰੇ ਕੋਲ ਤੇਰੇ ਲਈ ਇਕ ਦਿਲ ਸੀ ਅਤੇ ਮੇਰੇ ਕੋਲ ਅਜਿਹਾ ਦਿਲ ਸੀ ਜਿਹੜਾ ਤੇਰੇ ਲਈ ਪਿਆਰ ਅਤੇ ਵਫ਼ਾ ਦੇ ਨਾਲ ਭਰਿਆ ਹੋਇਆ ਸੀ। ਮੈਂ ਤੈਨੂੰ ਆਪਣਾ ਦਿਲ ਦਿੱਤਾ ਸੀ ਪਰੰਤੂ ਤੂੰ ਇਸਦੀ ਕੱਖ ਪ੍ਰਵਾਹ ਨਾ ਕੀਤੀ। ਤੂੰ ਇਸਨੂੰ ਟੁਕੜੇ-ਟੁਕੜੇ ਕਰਕੇ ਤੋੜਿਆ ਹੈ। ਤੂੰ ਰਤਾ ਵੀ ਨਹੀਂ ਝਿਜਕੀ। ਤੂੰ ਮੇਰੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਬਰਬਾਦ ਕੀਤਾ ਹੈ। ਇਹ ਸਾਰਾ ਕਸੂਰ ਸਿਰਫ਼ ਤੇਰਾ ਹੀ ਹੈ। ਮੈਨੂੰ ਦੱਸ ਇਹਦੇ ਵਿਚ ਮੇਰਾ ਕੀ ਕਸੂਰ ਸੀ? ਕੀ ਮੇਰਾ ਕਸੂਰ ਇਹ ਸੀ ਕਿ ਮੈਂ ਤੈਨੂੰ ਦਿਲੋਂ ਮੁਹੱਬਤ ਕਰਦਾ ਸੀ, ਤੇਰੇ ਨਾਲ ਵਫ਼ਾ ਕਰਦਾ ਸੀ? ਤੂੰ ਸ਼ਾਇਦ ਮੈਨੂੰ ਇਕ ਖਿਡੌਣਾ ਸਮਝ ਕੇ ਮੇਰਾ ਸ਼ੋਸ਼ਣ ਕਰਦੀ ਰਹੀ। ਤੈਨੂੰ ਕੁਝ ਤੇ ਸੋਚਣਾ ਚਾਹੀਦਾ ਸੀ? ਮੈਂ ਕਦੇ ਵੀ ਤੇਰੇ ਕੋਲੋਂ ਇਸ ਤਰ੍ਹਾਂ ਦੀ ਉਮੀਦ ਨਹੀਂ ਸੀ ਕੀਤੀ। ਮੈਨੂੰ ਤੇਰੇ ਉੱਪਰ ਬਹੁਤ ਜ਼ਿਆਦਾ ਭਰੋਸਾ ਸੀ ਅਤੇ ਮਾਣ ਸੀ ਪਰੰਤੂ ਮੈਨੂੰ ਤੇਰੇ ਇਸ ਘਟੀਆ ਵਰਤਾਉ ਬਾਰੇ ਕੋਈ ਵੀ ਜਾਣਕਾਰੀ ਨਹੀਂ ਸੀ। ਫਾਤਮਾ! ਤੂੰ ਕੋਈ ਬੱਚੀ ਨਹੀਂ ਸੀ। ਤੂੰ ਸਾਰਾ ਕੁਝ ਜਾਣਦੀ ਸੀ। ਤੈਨੂੰ ਚੰਗੀਆਂ-ਮਾੜੀਆਂ ਚੀਜ਼ਾਂ ਦਾ ਸਭ ਪਤਾ ਸੀ ਫਿਰ ਤੂੰ ਮੇਰੇ ਨਾਲ ਇਸ ਤਰ੍ਹਾਂ ਕਿਉਂ ਕੀਤਾ? ਫਾਤਮਾ! ਤੂੰ ਮੈਨੂੰ ਬਹੁਤ ਜ਼ਿਆਦਾ ਦੁਖੀ ਕੀਤਾ ਹੈ। ਤੂੰ ਸ਼ਾਇਦ ਸੋਚਦੀ ਹੋਵੇਂਗੀ ਕਿ ਮੈਨੂੰ ਤੇਰੀ ਮੌਤ ਨਾਲ ਬੜੀ ਖ਼ੁਸ਼ੀ ਮਿਲੇਗੀ, ਨਹੀਂ ਇਹ ਤੇਰੀ ਗ਼ਲਤ ਸੋਚਣੀ ਹੈ। ਮੈਨੂੰ ਤੇਰੀ ਮੌਤ ਦੇ ਨਾਲ ਡੂੰਘਾ ਸਦਮਾ ਪਹੁੰਚਿਆ ਹੈ ਪਰੰਤੂ ਮੈਂ ਬੇਸਹਾਰਾ ਹਾਂ, ਮੈਂ ਕੁਝ ਵੀ ਨਹੀਂ ਕਰ ਸਕਦਾ। ਮੇਰੇ ਕੋਲ ਸਿਰਫ਼ ਜ਼ਿੰਦਗੀ ਭਰ ਦੇ ਲਈ ਪਛਤਾਵਾ ਹੀ ਰਹਿ ਗਿਆ ਹੈ। ਮੈਨੂੰ ਕੁਝ ਨਹੀਂ

ਪਤਾ ਕਿ ਮੈਂ ਕੀ ਕਰਾਂ?" ਅਸਗਰ ਮੁਹੰਮਦ ਉੱਚੀ ਆਵਾਜ਼ ਵਿਚ ਭੁੱਬਾਂ ਮਾਰਦਾ ਹੋਇਆ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਸੀ।

"ਮੁਆਫ਼ ਕਰਨਾ, ਮਿਸਟਰ ਤੁਹਾਡਾ ਕੀ ਨਾਂ ਹੈ?" ਪੁਲੀਸ ਵਾਲਾ ਅਸਗਰ ਦੇ ਕੋਲ ਖੜ੍ਹਾ ਉਸਨੂੰ ਬੜੀ ਹਲੀਮੀ ਦੇ ਨਾਲ ਪੁੱਛ ਰਿਹਾ ਸੀ।

"ਅਸਗਰ ਮੁਹੰਮਦ।" ਅਸਗਰ ਨੇ ਰੋਂਦੇ ਹੋਏ ਨੇ ਆਖਿਆ ਸੀ।

"ਦੇਖੋ, ਮਿਸਟਰ ਮੁਹੰਮਦ। ਆਪਣਾ ਦਿਲ ਨਾ ਛੱਡੋ। ਤੁਸੀਂ ਇਕ ਨੌਜਵਾਨ ਹੋ ਅਤੇ ਇਕ ਨੌਜਵਾਨ ਕਦੇ ਵੀ ਮੁਸੀਬਤ ਵਿਚ ਹਿੰਮਤ ਨਹੀਂ ਹਾਰਦਾ। ਜੋ ਕੁਝ ਹੋ ਗਿਆ ਹੈ, ਸੋ ਹੋ ਗਿਆ ਹੈ। ਹੁਣ ਰੋਣ ਕੁਰਲਾਉਣ ਦਾ ਕੋਈ ਫ਼ਾਇਦਾ ਨਹੀਂ। ਕ੍ਰਿਪਾ ਕਰਕੇ ਤੁਸੀਂ ਸਾਨੂੰ ਸ਼ੁਰੂ ਤੋਂ ਲੈ ਕੇ ਅਖ਼ੀਰ ਤੱਕ ਸਾਰੀ ਹੋਈ ਵਾਰਦਾਤ ਬਾਰੇ ਪੂਰੇ ਵਿਸਥਾਰ ਦੇ ਨਾਲ ਦੱਸੋ ਕਿਉਂਕਿ ਅਸੀਂ ਪੂਰੀ ਜਾਣਕਾਰੀ ਠੀਕ-ਠੀਕ ਪ੍ਰਾਪਤ ਕਰਨਾ ਚਾਹੁੰਦੇ ਹਾਂ। ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਇਸ ਮਾਮਲੇ ਵਿਚ ਸਾਡੀ ਪੂਰੀ-ਪੂਰੀ ਸਹਾਇਤਾ ਕਰੋਗੇ। ਸਭ ਤੋਂ ਪਹਿਲਾਂ ਤੁਸੀਂ ਆਪਣੇ ਚਿਹਰੇ ਨੂੰ ਧੋ ਕੇ ਸਾਫ਼ ਕਰੋ ਫਿਰ ਉਸਤੋਂ ਬਾਅਦ ਅਸੀਂ ਤੁਹਾਡੇ ਬਿਆਨ ਲੈਣੇ ਚਾਹੁੰਦੇ ਹਾਂ।" ਪੁਲੀਸ ਦਾ ਮੁੱਖ ਕਰਮਚਾਰੀ ਅਸਗਰ ਨੂੰ ਬੜੀ ਨਿਮਰਤਾ ਭਰੀ ਆਵਾਜ਼ ਵਿਚ ਆਖ ਰਿਹਾ ਸੀ।

"ਮੇਰੀ ਜ਼ਿੰਦਗੀ ਮੌਤ ਨਾਲੋਂ ਵੀ ਭੈੜੀ ਬਣ ਗਈ ਹੈ। ਇਹ ਮੇਰੇ ਲਈ ਬਹੁਤ ਹੀ ਚੰਗਾ ਹੋਵੇਗਾ ਜੇਕਰ ਮੈਂ ਆਤਮ-ਹੱਤਿਆ ਕਰ ਲਵਾਂ। ਮੈਂ ਆਪਣੀ ਪਤਨੀ ਤੋਂ ਬਿਨਾਂ ਨਹੀਂ ਰਹਿ ਸਕਦਾ। ਇਹ ਮੇਰੇ ਲਈ ਅਸੰਭਵ ਹੈ ਕਿ ਮੈਂ ਪਿਆਰੀ ਫਾਤਮਾ ਤੋਂ ਬਗ਼ੈਰ ਜਿਊਂਦਾ ਰਹਿ ਸਕਾਂ। ਮੇਰੀ ਜ਼ਿੰਦਗੀ ਵਿਚ ਕੋਈ ਵੀ ਕੰਮ ਕਰਨ ਵਾਲਾ ਬਾਕੀ ਨਹੀਂ ਸੀ। ਮੈਂ ਸਿਰਫ਼ ਫਾਤਮਾ ਦੀ ਖ਼ਾਤਰ ਜਿਊਂਦਾ ਸੀ, ਹੁਣ ਉਹ ਨਹੀਂ ਹੈ, ਮੇਰੇ ਲਈ ਮੇਰੀ ਜ਼ਿੰਦਗੀ ਦਾ ਕੋਈ ਅਰਥ ਨਹੀਂ ਰਹਿ ਗਿਆ। ਮੇਰੇ ਜੀਵਨ ਦਾ ਉਦੇਸ਼ ਸੀ ਕਿ ਆਪਣੀ ਪਤਨੀ ਨੂੰ ਖ਼ੁਸ਼ ਰੱਖਣਾ, ਉਸਦੀ ਹਰ ਇੱਛਾ ਨੂੰ ਪੂਰਾ ਕਰਨਾ। ਹੁਣ ਉਹ ਨਹੀਂ ਹੈ ਇਸ ਲਈ ਮੈਨੂੰ ਵੀ ਜੀਊਣ ਦਾ ਕੋਈ ਹੱਕ ਨਹੀਂ ਹੈ। ਮੈਨੂੰ ਮਰ ਜਾਣਾ ਚਾਹੀਦਾ ਹੈ। ਮੈਂ ਆਪਣੀ ਜ਼ਿੰਦਗੀ ਨਾਲ ਬੇਹੱਦ ਨਫ਼ਰਤ ਕਰਦਾ ਹਾਂ ਅਤੇ ਤੁਸੀਂ ਮੇਰੀ ਇਸ ਨਫ਼ਰਤ ਬਾਰੇ ਸੋਚ ਵੀ ਨਹੀਂ ਸਕਦੇ। ਫਾਤਮਾ! ਤੇਰੇ ਪਿਆਰ ਦੀ ਖ਼ਾਤਰ ਮੈਂ ਆਪਣੇ ਹੰਝੂਆਂ ਦਾ ਹਰ ਕਤਰਾ ਵਹਾ ਦਿਆਂਗਾ। ਮੈਂ ਦੁੱਖਾਂ ਮੁਸੀਬਤਾਂ ਨੂੰ ਆਪਣੀ ਹਿੱਕ ਨਾਲ ਲਾਵਾਂਗਾ, ਮੈਂ ਹਰ ਮੁਸ਼ਕਲ ਨੂੰ ਝੱਲਾਂਗਾ। ਮੈਂ ਕਹਿੰਦਾ ਹਾਂ ਜਿਹੜਾ ਮਰਦ ਔਰਤ ਉੱਪਰ ਭਰੋਸਾ ਕਰਦਾ ਹੈ ਉਹ ਆਪ ਦੇ ਬਾਪ ਦਾ

ਨਹੀਂ ਹੁੰਦਾ, ਸਗੋਂ ਹਰਾਮ ਦਾ ਹੁੰਦਾ ਹੈ। ਔਰਤ ਕਿਸੇ ਦੀ ਸਕੀ ਨਹੀਂ ਹੁੰਦੀ। ਮਰਦ ਨੂੰ ਉਦੋਂ ਤੱਕ ਹੀ ਔਰਤ ਨੂੰ ਆਪਣੀ ਸਮਝਣਾ ਚਾਹੀਦਾ ਹੈ ਜਦੋਂ ਤੱਕ ਉਹ ਉਹਦੀਆਂ ਬਾਹਾਂ ਵਿੱਚ ਰਹਿੰਦੀ ਹੈ। ਉਸਤੋਂ ਬਾਅਦ ਤਾਂ ਉਹ ਕਿਸੇ ਹੋਰ ਦੀ ਹੀ ਹੁੰਦੀ ਹੈ, ਆਪਣੀ ਨਹੀਂ। ਮੈਨੂੰ ਪੂਰੀ ਔਰਤ ਜਾਤ ਦੇ ਨਾਲ ਨਫ਼ਰਤ ਹੋ ਗਈ ਹੈ ਪਰੰਤੂ ਤੈਨੂੰ ਮੈਂ ਅਜੇ ਵੀ ਪਿਆਰ ਕਰਦਾ ਹਾਂ, ਤੈਨੂੰ ਮੈਂ ਅਜੇ ਵੀ ਚਾਹੁੰਦਾ ਹਾਂ। ਪਤਾ ਨਹੀਂ ਤੇਰੇ ਲਈ ਮੇਰੇ ਦਿਲ ਵਿਚ ਐਨਾ ਜ਼ਿਆਦਾ ਪਿਆਰ ਕਿਉਂ ਹੈ? ਮੈਨੂੰ ਤੇਰੇ ਨਾਲ ਘ੍ਰਿਣਾ ਹੋਣੀ ਚਾਹੀਦੀ ਹੈ ਪਰੰਤੂ ਮੇਰੇ ਦਿਲ ਵਿਚ ਤੇਰੇ ਲਈ ਕੋਈ ਨਫ਼ਰਤ ਨਹੀਂ ਹੈ। ਮੈਨੂੰ ਨਹੀਂ ਪਤਾ ਇਹ ਕਿਉਂ ਹੈ? ਫਾਤਮਾ! ਤੈਨੂੰ ਮੇਰੇ ਉੱਪਰ ਕੁਝ ਤਰਸ ਕਰਨਾ ਚਾਹੀਦਾ ਸੀ। ਤੂੰ ਮੇਰੇ ਦਿਲ ਨੂੰ ਵੀ ਪੱਥਰ ਵਰਗਾ ਬਣਾ ਕੇ ਰੱਖ ਦਿੱਤਾ ਹੈ। ਤੂੰ ਮੈਨੂੰ ਇਕ ਪਾਪੀ ਬਣਾ ਕੇ ਰੱਖ ਦਿੱਤਾ ਹੈ। ਤੂੰ ਮੈਨੂੰ ਅਪਰਾਧੀ ਬਣਾ ਕੇ ਰੱਖ ਦਿੱਤਾ ਹੈ। ਤੂੰ ਮੇਰੀ ਜ਼ਿੰਦਗੀ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਮੈਂ ਨਹੀਂ ਜਾਣਦਾ ਕਿ ਮੈਂ ਕੀ ਕਰਾਂ? ਮੈਂ ਬੇਸਹਾਰਾ ਬਣ ਗਿਆ ਹਾਂ। ਕੋਈ ਵੀ ਮੇਰੀ ਸਹਾਇਤਾ ਨੂੰ ਨਹੀਂ ਆਵੇਗਾ। ਕੋਈ ਵੀ ਮੈਨੂੰ ਹੌਂਸਲਾ ਦੇਣ ਦੇ ਲਈ ਨਹੀਂ ਆਵੇਗਾ। ਲੋਕ ਹੁਣ ਮੇਰਾ ਮਜ਼ਾਕ ਉਡਾਉਣਗੇ। ਮੇਰੀ ਬੇਵਕੂਫ਼ੀ ਉੱਪਰ ਹੱਸਿਆ ਕਰਨਗੇ। ਕੋਈ ਮੇਰੀ ਪ੍ਰਸੰਸਾ ਕਰੇਗਾ, ਕੋਈ ਮੇਰੀ ਆਲੋਚਨਾ ਕਰੇਗਾ ਪਰੰਤੂ ਕੋਈ ਵੀ ਮੇਰੇ ਦਿਲ ਦੀ ਹਾਲਤ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰੇਗਾ। ਫਾਤਮਾ! ਮੈਂ ਤੇਰੀ ਜੁਦਾਈ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਫਾਤਮਾ! ਮੈਨੂੰ ਮੁਆਫ਼ ਕਰ ਦੇ, ਮੇਰੇ ਕੋਲੋਂ ਇਕ ਬਹੁਤ ਵੱਡੀ ਭੁੱਲ ਹੋ ਗਈ ਹੈ। ਮੈਂ ਹਮੇਸ਼ਾਂ ਦੇ ਲਈ ਆਪਣੀ ਇਸ ਭੁੱਲ ਉੱਪਰ ਪਛਤਾਵਾ ਕਰਾਂਗਾ। ਫਾਤਮਾ! ਮੈਂ ਸਜ਼ਾ ਦੇ ਯੋਗ ਹਾਂ, ਮੈਨੂੰ ਸਜ਼ਾ ਮਿਲਣੀ ਚਾਹੀਦੀ ਹੈ। ਮੈਂ ਜ਼ੁਰਮ ਕੀਤਾ ਹੈ। ਮੈਂ ਤੈਨੂੰ ਜਾਨੋਂ ਮਾਰਿਆ ਹੈ, ਮੈਂ ਤੇਰਾ ਖ਼ੂਨ ਕੀਤਾ ਹੈ। ਮੈਂ ਖ਼ੂਨੀ ਹਾਂ ਖ਼ੂਨੀ। ਉਹ ਦੁਨੀਆਂ ਵਾਲਿਉ! ਮੈਨੂੰ ਰੱਜ ਕੇ ਨਫ਼ਰਤ ਕਰੋ। ਮੈਂ ਆਪਣੀ ਪਤਨੀ ਦਾ ਕਾਤਲ ਹਾਂ, ਉਹ ਪਤਨੀ ਜਿਸਨੂੰ ਮੈਂ ਦਿਲੋਂ ਬਹੁਤ ਜ਼ਿਆਦਾ ਪਿਆਰ ਕਰਦਾ ਹਾਂ। ਮੈਂ ਉਸਦੀ ਜਾਨ ਲਈ ਹੈ, ਮੈਂ ਆਪਣੀ ਗ਼ਲਤੀ ਨੂੰ, ਮੈਂ ਆਪਣੇ ਜ਼ੁਰਮ ਨੂੰ ਕਬੂਲ ਕਰਦਾ ਹਾਂ। ਮੈਂ ਕੋਈ ਝੂਠ ਨਹੀਂ ਬੋਲਦਾ। ਮੈਂ ਜੋ ਕੁਝ ਵੀ ਕਹਿ ਰਿਹਾ ਹਾਂ, ਬਿਲਕੁਲ ਸੱਚ ਕਹਿ ਰਿਹਾ ਹਾਂ। ਮੈਨੂੰ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਹੈ। ਮੈਨੂੰ ਫਾਂਸੀ 'ਤੇ ਲਟਕਾਇਆ ਜਾਣਾ ਚਾਹੀਦਾ ਹੈ। ਜੇਕਰ ਮੈਂ ਮਰ ਵੀ ਜਾਵਾਂ, ਮੈਨੂੰ ਕੋਈ ਵੀ ਦੁੱਖ ਨਹੀਂ ਹੋਵੇਗਾ। ਮੈਂ ਖ਼ੁਸ਼ੀਆਂ ਮਨਾਵਾਂਗਾ ਕਿਉਂਕਿ ਫਿਰ ਮੈਂ ਆਪਣੀ ਫਾਤਮਾ ਦੇ ਕੋਲ ਪਹੁੰਚ ਜਾਵਾਂਗਾ। ਅਸੀਂ ਫਿਰ ਦੋਵੇਂ ਮੁੜਕੇ ਇਕੱਠੇ ਹੋ ਜਾਵਾਂਗੇ।

ਫਾਤਮਾ! ਮੇਰੇ ਲਈ ਤੇਰੀ ਜੁਦਾਈ ਨੂੰ ਸਹਿਣ ਕਰਨਾ ਸਿਰਫ਼ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੈ। ਫਾਤਮਾ! ਮੈਂ ਇਸ ਸਾਰੇ ਕੁਝ ਦਾ ਦੋਸ਼ ਕੀਹਦੇ ਸਿਰ ਦੇ ਸਕਦਾ ਹਾਂ? ਮੈਂ ਕਿਸਨੂੰ ਬੁਰਾ ਭਲਾ ਕਹਿ ਸਕਦਾ ਹਾਂ। ਮੈਂ ਇਕ ਚੰਗਾ ਇਨਸਾਨ ਨਹੀਂ ਹਾਂ। ਤੂੰ ਮੈਨੂੰ ਇਨਸਾਨ ਤੋਂ ਪਸ਼ੂ ਬਣਾ ਦਿੱਤਾ ਹੈ। ਮੇਰੇ ਸਾਰੇ ਚੰਗੇ ਗੁਣ ਅਲੋਪ ਹੋ ਗਏ ਹਨ। ਮੈਂ ਹੁਣ ਸਿਰਫ਼ ਮਾੜਾ ਇਨਸਾਨ ਹੀ ਬਣਕੇ ਰਹਿ ਗਿਆ ਹਾਂ। ਫਾਤਮਾ! ਮੇਰੀ ਇਸ ਵੇਲੇ ਕੀ ਹਾਲਤ ਹੋ ਰਹੀ ਹੈ? ਸ਼ਾਇਦ ਤੂੰ ਇਸ ਬਾਰੇ ਕਦੇ ਵੀ ਅੰਦਾਜ਼ਾ ਨਹੀਂ ਲਗਾ ਸਕਦੀ। ਫਾਤਮਾ! ਤੂੰ ਮੈਨੂੰ ਭੁਲਾ ਦਿੱਤਾ ਹੈ ਪਰੰਤੂ ਮੈਂ ਤੈਨੂੰ ਕਦੇ ਵੀ ਭੁਲਾ ਨਹੀਂ ਸਕਦਾ। ਤੂੰ ਮੇਰੇ ਨਾਲ ਬੇਵਫ਼ਾਈ ਕੀਤੀ ਹੈ ਅਤੇ ਇਸ ਬਦਲੇ ਮੈਂ ਤੇਰੇ ਨਾਲ ਵਫ਼ਾਈ ਕਰਕੇ ਦਿਖਾਵਾਂਗਾ। ਤੇਰੇ ਕੋਲ ਮੇਰੇ ਲਈ ਕੋਈ ਪਿਆਰ ਨਹੀਂ ਸੀ, ਕੋਈ ਵਫ਼ਾ ਨਹੀਂ ਸੀ ਪਰੰਤੂ ਇਸ ਬਦਲੇ ਮੇਰੇ ਦਿਲ ਵਿਚ ਤੇਰੇ ਲਈ ਪਿਆਰ ਪੈਦਾ ਹੋਵੇਗਾ, ਵਫ਼ਾ ਪੈਦਾ ਹੋਵੇਗੀ। ਮੈਂ ਤੈਨੂੰ ਸਿਰਫ਼ ਇਸ ਕਰਕੇ ਹੀ ਜਾਨੋਂ ਮਾਰਿਆ ਹੈ ਕਿ ਤੇਰੀ ਬੇਵਫ਼ਾਈ ਖ਼ਤਮ ਹੋਵੇ ਅਤੇ ਤੇਰੇ ਦਿਲ ਅੰਦਰ ਮੁੜਕੇ ਮੇਰੇ ਲਈ ਪਿਆਰ ਅਤੇ ਵਫ਼ਾ ਪੈਦਾ ਹੋਵੇ। ਮੈਂ ਤੈਨੂੰ ਖ਼ਤਮ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਤੇਰੀ ਬੇਵਫ਼ਾਈ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਹੈ। ਤੈਨੂੰ ਮੈਂ ਇਹ ਗੱਲਾਂ ਕਿਸ ਤਰ੍ਹਾਂ ਸਮਝਾਵਾਂ? ਫਾਤਮਾ! ਤੂੰ ਕਿੱਥੇ ਚਲੀ ਗਈ ਏਂ? ਤੈਨੂੰ ਹੁਣ ਤੱਕ ਵਾਪਸ ਆ ਜਾਣਾ ਚਾਹੀਦਾ ਹੈ। ਤੈਨੂੰ ਪਤਾ ਨਹੀਂ ਮੈਂ ਤੇਰੀ ਇੰਤਜ਼ਾਰ ਕਰ ਰਿਹਾ ਹਾਂ। ਮੈਂ ਤੇਰੇ ਨਾਲ ਬਹੁਤ ਸਾਰੀਆਂ ਗੱਲਾਂ ਕਰਨੀਆਂ ਚਾਹੁੰਦਾ ਹਾਂ। ਮੈਂ ਤੇਰੇ ਨਾਲ ਰੱਜ ਕੇ ਗੱਲਾਂ ਕਰਾਂਗਾ। ਤੂੰ ਫ਼ਿਕਰ ਨਾ ਕਰ, ਮੈਂ ਬਹੁਤ ਜਲਦੀ ਹੀ ਤੇਰੇ ਕੋਲ ਆ ਰਿਹਾ ਹਾਂ। ਤੂੰ ਮੈਨੂੰ ਧੋਖਾ ਦੇ ਸਕਦੀ ਏਂ ਪਰੰਤੂ ਮੈਂ ਤਾਂ ਤੈਨੂੰ ਧੋਖਾ ਦੇਣ ਦੇ ਬਾਰੇ ਸੋਚ ਵੀ ਨਹੀਂ ਸਕਦਾ। ਨਹੀਂ ਫਾਤਮਾ! ਨਹੀਂ, ਇਨਸਾਨ ਨੂੰ ਕਦੇ ਵੀ ਦੂਸਰੇ ਇਨਸਾਨ ਦੇ ਨਾਲ ਧੋਖਾ ਨਹੀਂ ਕਰਨਾ ਚਾਹੀਦਾ। ਇਹ ਤਾਂ ਬਹੁਤ ਵੱਡਾ ਪਾਪ ਹੈ, ਕਿਸੇ ਦੇ ਦਿਲ ਨੂੰ ਤੋੜਨਾ ਕੋਈ ਛੋਟੀ ਮੋਟੀ ਗੱਲ ਨਹੀਂ, ਕਿਸੇ ਦੇ ਵਿਸ਼ਵਾਸ ਨੂੰ ਖ਼ਤਮ ਕਰਨਾ ਇਨਸਾਨੀਅਤ ਦੇ ਅਸੂਲਾਂ ਦੇ ਉਲਟ ਹੈ। ਧੋਖਾ ਤਾਂ ਸਾਨੂੰ ਆਪਣੇ ਵੈਰੀ ਦੁਸ਼ਮਣਾਂ ਨੂੰ ਵੀ ਨਹੀਂ ਦੇਣਾ ਚਾਹੀਦਾ। ਫਾਤਮਾ! ਤੂੰ ਮੈਨੂੰ ਬਹੁਤ ਲੰਬੇ ਸਮੇਂ ਤੋਂ ਬੇਵਕੂਫ਼ ਬਣਾਉਂਦੀ ਆ ਰਹੀ ਸੀ, ਦੱਸ ਮੈਂ ਤੇਰਾ ਕੀ ਨੁਕਸਾਨ ਕੀਤਾ ਸੀ? ਤੈਨੂੰ ਮੁਹੱਬਤ ਹੀ ਕੀਤੀ ਸੀ, ਕੀ ਇਹ ਵੀ ਕੋਈ ਗੁਨਾਹ ਸੀ? ਕੀ ਇਹ ਵੀ ਕੋਈ ਪਾਪ ਸੀ ਜਾਂ ਅਪਰਾਧ ਸੀ? ਫਾਤਮਾ! ਮੈਂ ਤੈਨੂੰ ਆਪਣਾ ਦਿਲ ਦਿੱਤਾ ਸੀ ਪਰੰਤੂ ਤੂੰ ਇਸਦੇ ਟੁਕੜੇ-ਟੁਕੜੇ ਕਰਕੇ ਰੱਖ ਦਿੱਤੇ ਹਨ। ਮੈਨੂੰ ਦੱਸ, ਜੇਕਰ ਕੋਈ ਕਿਸੇ ਨੂੰ ਦਿਲੋਂ

ਪਿਆਰ ਕਰੇ ਫਿਰ ਉਹਦੇ ਨਾਲ ਇਸ ਤਰ੍ਹਾਂ ਦਾ ਵਰਤਾਉ ਕਰੀਦਾ ਹੈ? ਫਾਤਮਾ! ਮੈਂ ਤਾਂ ਕਦੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਤੂੰ ਮੇਰੀ ਇਹ ਹਾਲਤ ਬਣਾ ਦੇਵੇਂਗੀ। ਮੈਨੂੰ ਤੇਰੇ ਤੋਂ ਬੜੀਆਂ ਆਸਾਂ ਸਨ, ਉਮੀਦਾਂ ਸਨ ਪਰੰਤੂ ਤੂੰ ਇਹਨਾਂ ਸਾਰੀਆਂ ਉਮੀਦਾਂ ਨੂੰ ਪੈਰਾਂ ਹੇਠ ਰੋਲ ਦਿੱਤਾ ਹੈ। ਮੈਂ ਤਾਂ ਤੇਰੀਆਂ ਸਿਫ਼ਤਾਂ ਕਰਦਾ ਨਹੀਂ ਸੀ ਥੱਕਦਾ ਪਰੰਤੂ ਤੂੰ ਮੈਨੂੰ ਦੁੱਖਾਂ ਗ਼ਮਾਂ ਦੀ ਡੂੰਘੀ ਖੱਡ ਵਿਚ ਸੁੱਟਣ ਦੇ ਲਈ ਇਕ ਮਿੰਟ ਵੀ ਨਹੀਂ ਲਾਇਆ। ਕੀ ਤੇਰੇ ਲਈ ਇਹ ਗੱਲ ਚੰਗੀ ਸੀ? ਫਾਤਮਾ, ਤੂੰ ਕੋਈ ਬੱਚੀ ਨਹੀਂ ਸੀ। ਤੈਨੂੰ ਕੁਝ ਤੇ ਸੋਚਣਾ ਚਾਹੀਦਾ ਸੀ। ਤੈਨੂੰ ਆਪਣੀ ਅਕਲ ਤੋਂ ਕੰਮ ਲੈਣਾ ਚਾਹੀਦਾ ਸੀ। ਤੈਨੂੰ ਮੇਰੀ ਹਾਲਤ ਉੱਪਰ ਹੀ ਕੋਈ ਤਰਸ ਕਰਨਾ ਚਾਹੀਦਾ ਸੀ। ਮੈਂ ਤੇਰੀ ਖ਼ਾਤਰ ਆਪਣੇ ਸੁੱਖ ਆਰਾਮ ਤਿਆਗ ਦਿੱਤੇ, ਮੈਂ ਤੇਰੀ ਖ਼ਾਤਰ ਆਪਣੇ ਦੋਸਤਾਂ ਦੀ ਮਹਿਫ਼ਲ ਨੂੰ ਛੱਡਿਆ, ਮੈਂ ਤੇਰੀ ਖ਼ਾਤਰ ਆਪਣੇ ਘਰਦਿਆਂ ਤੋਂ ਜੁਦਾ ਹੋਇਆ, ਮੈਂ ਤੇਰੀ ਖ਼ਾਤਰ ਬੇ-ਆਰਾਮੀ ਕੱਟਦਾ ਰਿਹਾ, ਮੈਂ ਤੇਰੀ ਖ਼ਾਤਰ ਦਿਨ ਰਾਤ ਕੰਮ ਕਰ-ਕਰਕੇ ਟੁੱਟ-ਟੁੱਟ ਮਰਦਾ ਰਿਹਾ। ਮੈਂ ਤੇਰੀ ਹਰ ਮੰਗ ਨੂੰ ਪੂਰਾ ਕੀਤਾ। ਮੈਂ ਤੇਰੀ ਹਰ ਇੱਛਾ ਪੂਰੀ ਕਰਦਾ ਰਿਹਾ। ਮੈਂ ਤੇਰੇ ਇਕ-ਇਕ ਬੋਲ ਉੱਤੇ ਫੁੱਲ ਚੜ੍ਹਾਉਂਦਾ ਰਿਹਾ ਪਰੰਤੂ ਤੂੰ ਮੇਰੀ ਕੁੱਤੇ ਜਿੰਨੀ ਵੀ ਕਦਰ ਨਾ ਪਾਈ। ਤੂੰ ਮੇਰੀ ਭੋਰਾ ਵੀ ਇੱਜ਼ਤ ਨਹੀਂ ਕੀਤੀ। ਫਾਤਮਾ, ਤੂੰ ਮੈਨੂੰ ਇਹ ਦੱਸ ਜੇਕਰ ਤੂੰ ਇਸ ਤਰ੍ਹਾਂ ਹੀ ਕਰਨਾ ਸੀ ਫਿਰ ਤੂੰ ਮੈਨੂੰ ਪ੍ਰੇਮ-ਜਾਲ ਵਿਚ ਕਿਉਂ ਫਸਾਇਆ ਸੀ? ਜੇਕਰ ਤੂੰ ਮੇਰੇ ਨਾਲ ਧੋਖਾ ਹੀ ਕਰਨਾ ਸੀ, ਫਿਰ ਤੈਨੂੰ ਮੇਰੇ ਨਾਲ ਨਿਕਾਹ ਕਰਵਾਉਣ ਦੀ ਕੀ ਲੋੜ ਸੀ? ਤੈਨੂੰ ਮੁੰਡਿਆਂ ਦਾ ਕੋਈ ਘਾਟਾ ਸੀ? ਤੂੰ ਸੋਹਣੀ ਸੀ, ਸੁਨੱਖੀ ਸੀ ਤੈਨੂੰ ਬੜੇ ਚੰਗੇ ਮੁੰਡੇ ਮਿਲ ਜਾਣੇ ਸਨ। ਫਾਤਮਾ, ਤੈਨੂੰ ਇਸ ਤਰ੍ਹਾਂ ਨਹੀਂ ਸੀ ਕਰਨਾ ਚਾਹੀਦਾ। ਤੈਨੂੰ ਮੇਰੀ ਜ਼ਿੰਦਗੀ ਨੂੰ ਇਸ ਤਰ੍ਹਾਂ ਮਿੱਟੀ ਵਿਚ ਨਹੀਂ ਸੀ ਰੋਲਣਾ ਚਾਹੀਦਾ। ਫਾਤਮਾ, ਮੈਂ ਇਕ ਨੇਕ ਇਨਸਾਨ ਸੀ। ਮੇਰੇ ਵਿਚ ਤੈਨੂੰ ਕਿਹੜੀ ਖ਼ਾਮੀ ਨਜ਼ਰ ਆਈ ਸੀ? ਮੇਰੇ ਵਿਚ ਚੰਗੇ ਮਰਦਾਂ ਵਾਲੇ ਸਾਰੇ ਗੁਣ ਮੌਜੂਦ ਸਨ। ਫਾਤਮਾ, ਤੂੰ ਮੈਨੂੰ ਕਿਹੜੇ ਗੁਨਾਹਾਂ ਦੀ ਸਜ਼ਾ ਦਿੱਤੀ ਹੈ? ਫਾਤਮਾ, ਤੂੰ ਮੇਰੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਬਰਬਾਦ ਕਰਕੇ ਰੱਖ ਦਿੱਤਾ ਹੈ। ਮੈਂ ਤੇਰਾ ਪਤੀ ਸੀ, ਤੈਨੂੰ ਆਪਣੇ ਪਤੀ ਦੇ ਨਾਲ ਇਸ ਤਰ੍ਹਾਂ ਦਾ ਵਤੀਰਾ ਨਹੀਂ ਸੀ ਕਰਨਾ ਚਾਹੀਦਾ। ਫਾਤਮਾ, ਮੈਂ ਕਿੱਥੇ ਜਾਵਾਂ? ਮੈਂ ਕੀ ਕਰਾਂ? ਮੈਂ ਕਿਸਨੂੰ ਆਪਣੇ ਦੁੱਖ ਖੋਲ੍ਹ ਕੇ ਸੁਣਾਵਾਂ? ਡਾਰਲਿੰਗ, ਮੈਂ ਜ਼ਾਲਮ ਵਕਤ ਦਾ ਸ਼ਿਕਾਰ ਹਾਂ। ਇਸ ਵੇਲੇ ਮੇਰੀ ਕੋਈ ਪੇਸ਼ ਨਹੀਂ ਚੱਲਦੀ। ਮੈਂ ਬੇਸਹਾਰਾ ਹਾਂ। ਫਾਤਮਾ, ਮੈਂ ਘਬਰਾਇਆ ਹੋਇਆ ਹਾਂ?

ਇਸ ਵੇਲੇ ਮੇਰੀ ਹਾਲਤ ਸ਼ਰਾਬੀਆਂ ਵਰਗੀ ਹੁੰਦੀ ਜਾ ਰਹੀ ਹੈ। ਮੈਂ ਆਪਣੀ ਹੋਸ਼ ਨੂੰ ਗਵਾਉਂਦਾ ਜਾ ਰਿਹਾ ਹਾਂ। ਫਾਤਮਾ, ਤੈਨੂੰ ਮੇਰਾ ਰੋਮ-ਰੋਮ ਯਾਦ ਕਰ-ਕਰਕੇ ਰੋ ਰਿਹਾ ਹੈ। ਮੇਰੇ ਦਿਲ ਵਿਚ ਪੀੜ ਹੋ ਰਹੀ ਹੈ। ਮੇਰੇ ਕੋਲੋਂ ਇਸ ਪੀੜ ਨੂੰ ਸਹਾਰਿਆ ਨਹੀਂ ਜਾਂਦਾ। ਮੇਰੇ ਕੋਲੋਂ ਤੇਰੀ ਜੁਦਾਈ ਬਰਦਾਸ਼ਤ ਨਹੀਂ ਕੀਤੀ ਜਾਂਦੀ।" ਅਸਗਰ ਬੱਚਿਆਂ ਦੀ ਤਰ੍ਹਾਂ ਸਿਸਕੀਆਂ ਭਰਦਾ ਹੋਇਆ ਰੋ ਰਿਹਾ ਸੀ।

"ਮਿਸਟਰ ਅਸਗਰ, ਤੁਸੀਂ ਦਿਲ ਨਾ ਛੱਡੋ। ਕ੍ਰਿਪਾ ਕਰਕੇ ਤੁਸੀਂ ਸਾਨੂੰ ਵਾਰਦਾਤ ਬਾਰੇ ਪੂਰੇ ਵਿਸਥਾਰ ਦੇ ਨਾਲ ਦੱਸੋ। ਸਾਡੇ ਲਈ ਪੂਰੀ ਜਾਣਕਾਰੀ ਨੂੰ ਪ੍ਰਾਪਤ ਕਰਨਾ ਬਹੁਤ ਹੀ ਜ਼ਰੂਰੀ ਹੈ। ਇਹ ਘਟਨਾ ਕਿਸ ਤਰ੍ਹਾਂ ਘਟੀ? ਤੁਸੀਂ ਆਪਣੀ ਪਤਨੀ ਨੂੰ ਕਿਉਂ ਜਾਨੋਂ ਮਾਰਿਆ? ਅਸੀਂ ਮਹਿਸੂਸ ਕਰਦੇ ਹਾਂ ਕਿ ਤੁਹਾਨੂੰ ਆਪਣੀ ਪਤਨੀ ਦੇ ਨਾਲ ਬੇਹੱਦ ਪਿਆਰ ਸੀ। ਜੇਕਰ ਤੁਹਾਨੂੰ ਆਪਣੀ ਪਤਨੀ ਦੇ ਨਾਲ ਐਨਾ ਜ਼ਿਆਦਾ ਪਿਆਰ ਸੀ, ਫਿਰ ਤੁਹਾਨੂੰ ਉਹਦੀ ਜਾਨ ਨਹੀਂ ਸੀ ਲੈਣੀ ਚਾਹੀਦੀ। ਜੇਕਰ ਤੁਹਾਡੇ ਵਿਆਹੁਤਾ ਜੀਵਨ ਵਿਚ ਕੋਈ ਸਮੱਸਿਆ ਸੀ ਤਾਂ ਤੁਹਾਨੂੰ ਇਸ ਸਮੱਸਿਆ ਨੂੰ ਕਿਸੇ ਹੋਰ ਅੱਛੇ ਤਰੀਕੇ ਦੇ ਨਾਲ ਸੁਲਝਾਉਣਾ ਚਾਹੀਦਾ ਸੀ। ਦੇਖੋ ਮਿਸਟਰ ਮੁਹੰਮਦ, ਹਰ ਇਨਸਾਨ ਦੇ ਕੋਲ ਸਮੱਸਿਆਵਾਂ ਹੁੰਦੀਆਂ ਹਨ ਪ੍ਰੰਤੂ ਕਿਸੇ ਦੀ ਜਾਨ ਲੈ ਕੇ ਇਹ ਸਮੱਸਿਆਵਾਂ ਹੱਲ ਨਹੀਂ ਹੋ ਜਾਂਦੀਆਂ। ਹੁਣ ਤੁਹਾਨੂੰ ਹੋਰ ਵੀ ਜ਼ਿਆਦਾ ਦੁੱਖ ਉਠਾਉਣੇ ਪੈਣਗੇ। ਤੁਸੀਂ ਸਾਨੂੰ ਇਕ ਨੇਕ ਇਨਸਾਨ ਨਜ਼ਰ ਆਉਂਦੇ ਹੋ ਪ੍ਰੰਤੂ ਤੁਹਾਡੇ ਕੋਲੋਂ ਇਸ ਕਿਸਮ ਦੀ ਵਾਰਦਾਤ ਕਰਨ ਦੀ ਆਸ ਨਹੀਂ ਰੱਖੀ ਜਾ ਸਕਦੀ। ਸਾਨੂੰ ਇਸ ਚੀਜ਼ ਦਾ ਬਹੁਤ ਜ਼ਿਆਦਾ ਦੁੱਖ ਹੋਇਆ ਹੈ ਅਤੇ ਅਸੀਂ ਇਹ ਸਾਰਾ ਕੁਝ ਦੇਖ ਕੇ ਬਹੁਤ ਜ਼ਿਆਦਾ ਹੈਰਾਨ ਹਾਂ। ਸਾਨੂੰ ਜਾਪਦਾ ਹੈ ਕਿ ਇਹ ਸਾਰਾ ਕੁਝ ਬੜੀ ਜਲਦੀ-ਜਲਦੀ ਵਾਪਰ ਗਿਆ ਹੈ। ਤੁਸੀਂ ਬਹੁਤ ਜ਼ਿਆਦਾ ਜਲਦਬਾਜ਼ੀ ਕੀਤੀ ਹੈ ਜੇਕਰ ਤੁਸੀਂ ਥੋੜ੍ਹਾ ਜਿਹਾ ਵੀ ਧੀਰਜ ਕਰ ਲੈਂਦੇ ਤਾਂ ਤੁਹਾਡੀ ਪਤਨੀ ਦੀ ਜਾਨ ਬਚ ਸਕਦੀ ਸੀ। ਤੁਹਾਨੂੰ ਇਸ ਪਾਸੇ ਕਦਮ ਚੁੱਕਣ ਤੋਂ ਪਹਿਲਾਂ ਕੁਝ ਸੋਚ ਲੈਣਾ ਚਾਹੀਦਾ ਸੀ। ਕੀ ਤੁਸੀਂ ਸਾਨੂੰ ਇਹ ਦੱਸਣ ਦੀ ਕੋਸ਼ਿਸ਼ ਕਰੋਂਗੇ ਕਿ ਤੁਸੀਂ ਆਪਣੀ ਪਤਨੀ ਨੂੰ ਜਾਨੋਂ ਕਿਉਂ ਮਾਰਿਆ ਹੈ?" ਪੁਲੀਸ ਵਾਲਿਆਂ ਵਿਚੋਂ ਉਹਨਾਂ ਦਾ ਮੁਖੀ ਅਸਗਰ ਦੇ ਕੋਲੋਂ ਬੜੀ ਨਿਮਰਤਾ ਭਰੀ ਆਵਾਜ਼ ਦੇ ਵਿਚ ਪੁੱਛ ਰਿਹਾ ਸੀ ਅਤੇ ਉਹ ਹੈਰਾਨੀ ਦੇ ਨਾਲ ਮੁਹੰਮਦ ਅਸਗਰ ਦੇ ਰੋਂਦੇ ਹੋਏ ਚਿਹਰੇ ਨੂੰ ਦੇਖ ਰਿਹਾ ਸੀ। ਅਸਗਰ ਦੇ ਆਲੇ-ਦੁਆਲੇ ਪੁਲੀਸ ਦੇ ਕਰਮਚਾਰੀਆਂ ਦਾ ਘੇਰਾ ਸੀ ਕਿਉਂਕਿ ਇਕ ਪੁਲੀਸ ਵਾਲੇ ਨੇ ਵਾਇਰਲੈੱਸ ਦੇ ਰਾਹੀਂ ਸਾਰੀ ਹੋਈ

ਵਾਰਦਾਤ ਦੇ ਬਾਰੇ ਦੱਸ ਦਿੱਤਾ ਸੀ ਅਤੇ ਅਸਗਰ ਨੂੰ ਗ੍ਰਿਫ਼ਤਾਰ ਕਰਨ ਦੇ ਲਈ ਥਾਣੇ ਵਿਚੋਂ ਹੋਰ ਬਹੁਤ ਸਾਰੀ ਫੋਰਸ ਅਸਗਰ ਦੇ ਘਰ ਪਹੁੰਚ ਗਈ ਸੀ। ਅਸਗਰ ਦੇ ਘਰ ਅਤੇ ਬਾਹਰਲੇ ਪਾਸੇ ਹਰ ਥਾਂ ਸਿਪਾਹੀ ਹੀ ਸਿਪਾਹੀ ਨਜ਼ਰ ਆਉਂਦੇ ਸਨ। ਉਹਨਾਂ ਸਾਰਿਆਂ ਦਾ ਧਿਆਨ ਅਸਗਰ ਦੇ ਵੱਲ ਸੀ ਅਤੇ ਉਸਨੂੰ ਘੇਰਾ ਪਾਇਆ ਹੋਇਆ ਸੀ ਤਾਂ ਜੋ ਉਹ ਆਸਾਨੀ ਦੇ ਨਾਲ ਉਸਨੂੰ ਗ੍ਰਿਫ਼ਤਾਰ ਕਰ ਸਕਦੇ ਅਤੇ ਉਹਨਾਂ ਨੂੰ ਇਹ ਵੀ ਡਰ ਸੀ ਕਿ ਅਸਗਰ ਉਥੋਂ ਦੌੜਨ ਦੀ ਜ਼ਰੂਰ ਕੋਸ਼ਿਸ਼ ਕਰੇਗਾ ਪਰੰਤੂ ਅਸਗਰ ਦੇ ਮਨ ਵਿਚ ਇਸ ਬਾਰੇ ਕੋਈ ਵੀ ਖ਼ਿਆਲ ਨਹੀਂ ਸੀ। ਜੇਕਰ ਉਹ ਚਾਹੁੰਦਾ ਤਾਂ ਫਾਤਮਾ ਨੂੰ ਮਾਰਨ ਤੋਂ ਜਲਦੀ ਬਾਅਦ ਹੀ ਉਹ ਉਥੋਂ ਦੌੜ ਸਕਦਾ ਸੀ ਪ੍ਰੰਤੂ ਉਸਦੇ ਮਨ ਵਿਚ ਦੌੜਨ ਬਾਰੇ ਕੋਈ ਵੀ ਖ਼ਿਆਲ ਨਹੀਂ ਸੀ। ਉਹ ਆਪਣੀਆਂ ਸੋਚਾਂ ਵਿਚ ਗੁਆਚਿਆ ਹੋਇਆ ਲਗਾਤਾਰ ਰੋਈ ਜਾ ਰਿਹਾ ਸੀ। ਇਕ ਹੋਰ ਸਿਪਾਹੀ ਨੇ ਅਸਗਰ ਦੇ ਨੇੜੇ ਹੁੰਦੇ ਹੋਏ ਨੇ ਪੁੱਛਿਆ ਸੀ,

"ਮਿਸਟਰ ਅਸਗਰ, ਤੁਸੀਂ ਆਪਣੀ ਪਤਨੀ ਦੀ ਜਾਨ ਕਿਉਂ ਲਈ ਹੈ ? ਕੀ ਤੁਸੀਂ ਸਾਨੂੰ ਇਸ ਬਾਰੇ ਦੱਸਣ ਦੀ ਕ੍ਰਿਪਾਲਤਾ ਕਰੋਂਗੇ ?"

"ਮੈਂ ਤੁਹਾਨੂੰ ਕੁਝ ਨਹੀਂ ਦੱਸ ਸਕਦਾ। ਮੈਂ ਤਾਂ ਸਿਰਫ਼ ਇਹ ਹੀ ਜਾਣਦਾ ਹਾਂ ਕਿ ਮੈਂ ਆਪਣੀ ਫਾਤਮਾ ਨੂੰ ਬਹੁਤ ਜ਼ਿਆਦਾ ਪਿਆਰ ਕਰਦਾ ਹਾਂ। ਮੈਂ ਉਹਦੇ ਬਗ਼ੈਰ ਨਹੀਂ ਰਹਿ ਸਕਦਾ। ਮੈਨੂੰ ਮੇਰੀ ਪਤਨੀ ਚਾਹੀਦੀ ਹੈ।" ਅਸਗਰ ਨੇ ਰੋਂਦੇ ਹੋਏ ਨੇ ਜਵਾਬ ਦਿੱਤਾ ਸੀ।

"ਪਤਨੀ ਚਾਹੀਦੀ ਹੈ ਤਾਂ ਹੋਰ ਸ਼ਾਦੀ ਕਰਵਾ ਲੈਣੀ। ਤੁਹਾਨੂੰ ਸ਼ਾਦੀ ਵਾਸਤੇ ਬਹੁਤ ਸਾਰੀਆਂ ਲੜਕੀਆਂ ਮਿਲ ਜਾਣੀਆਂ ਹਨ। ਤੁਸੀਂ ਜਵਾਨ ਹੋ, ਸੋਹਣੇ ਹੋ।" ਇਕ ਹੋਰ ਸਿਪਾਹੀ ਨੇ ਕਿਹਾ ਸੀ।

"ਉਹ ਨਹੀਂ, ਮੈਨੂੰ ਹੋਰ ਕੋਈ ਔਰਤ ਨਹੀਂ ਚਾਹੀਦੀ। ਮੈਨੂੰ ਸਿਰਫ਼ ਮੇਰੀ ਫਾਤਮਾ ਹੀ ਚਾਹੀਦੀ ਹੈ। ਫਾਤਮਾ ਤੋਂ ਸਿਵਾਏ ਮੈਂ ਦੁਨੀਆਂ ਵਿਚ ਹਰ ਇਕ ਜੀਅ ਨੂੰ ਨਫ਼ਰਤ ਕਰਦਾ ਹਾਂ। ਮੈਂ ਦੁਬਾਰਾ ਸ਼ਾਦੀ ਨਹੀਂ ਕਰਵਾ ਸਕਦਾ। ਫਾਤਮਾ ਬੇਵਫ਼ਾ ਹੋ ਸਕਦੀ ਹੈ ਪ੍ਰੰਤੂ ਮੈਂ ਬੇਵਫ਼ਾ ਨਹੀਂ ਹੋ ਸਕਦਾ। ਫਾਤਮਾ ਨੇ ਮੈਨੂੰ ਧੋਖਾ ਦਿੱਤਾ ਹੈ ਪ੍ਰੰਤੂ ਮੈਂ ਉਹਦੇ ਨਾਲ ਧੋਖਾ ਨਹੀਂ ਕਰ ਸਕਦਾ। ਉਸਨੇ ਮੇਰਾ ਦਿਲ ਤੋੜਿਆ ਹੈ ਪ੍ਰੰਤੂ ਮੈਂ ਉਸਦਾ ਦਿਲ ਨਹੀਂ ਤੋੜ ਸਕਦਾ। ਮੈਂ ਇਕ ਇਨਸਾਨ ਹਾਂ। ਮੇਰੇ ਵਿਚ ਇਨਸਾਨੀਅਤ ਹੈ। ਮੈਂ ਸਿਰਫ਼ ਫਾਤਮਾ ਨੂੰ ਹੀ ਪਿਆਰ ਕਰਾਂਗਾ। ਮੇਰੀ ਜ਼ਿੰਦਗੀ ਵਿਚ ਹੋਰ ਕੋਈ ਕੁੜੀ ਨਹੀਂ ਆਵੇਗੀ। ਫਾਤਮਾ, ਮੈਂ ਤੈਨੂੰ ਯਾਦ ਕਰ-ਕਰ ਕੇ ਰੋਂਦਾ

ਹਾਂ। ਫਾਤਮਾ, ਮੇਰੇ ਕੋਲ ਆ ਜਾ। ਮੇਰੇ ਕੋਲੋਂ ਤੇਰੀ ਜੁਦਾਈ ਨਹੀਂ ਝੱਲੀ ਜਾਂਦੀ। ਮੈਂ ਇਸ ਜੀਵਨ ਤੋਂ ਤੰਗ ਆ ਗਿਆ ਹਾਂ। ਫਾਤਮਾ, ਮੈਨੂੰ ਇਸ ਦੁਨੀਆਂ ਵਿਚ ਕੋਈ ਚੀਜ਼ ਨਹੀਂ ਚਾਹੀਦੀ, ਮੈਨੂੰ ਸਿਰਫ਼ ਤੇਰੀ ਹੀ ਲੋੜ ਹੈ।" ਅਸਗਰ ਰੋਂਦਾ ਹੋਇਆ ਸਿਰ ਘੁੰਮਾਉਂਦਾ ਹੋਇਆ ਕਹਿ ਰਿਹਾ ਸੀ। ਰੋ-ਰੋ ਕੇ ਉਸਨੇ ਆਪਣਾ ਸਾਰਾ ਚਿਹਰਾ ਗਿੱਲਾ ਕਰ ਲਿਆ ਸੀ।

"ਮਿਸਟਰ ਅਸਗਰ, ਕੀ ਤੁਸੀਂ ਇਸ ਵਾਰਦਾਤ ਬਾਰੇ ਕੋਈ ਬਿਆਨ ਦੇਣਾ ਚਾਹੁੰਦੇ ਹੋ ? ਜੋ ਕੁਝ ਵੀ ਕਹਿਣਾ ਹੈ, ਜਲਦੀ ਕਰੋ। ਹੋਰ ਬਹੁਤਾ ਸਮਾਂ ਬਰਬਾਦ ਨਾ ਕਰੋ। ਸਾਨੂੰ ਪਹਿਲਾਂ ਹੀ ਕਾਫ਼ੀ ਦੇਰ ਹੋ ਗਈ ਹੈ।" ਇਕ ਹੋਰ ਪੁਲੀਸ ਦੇ ਕਰਮਚਾਰੀ ਨੇ ਅਸਗਰ ਨੂੰ ਕਿਹਾ ਸੀ।

"ਮੈਂ ਕੁਝ ਨਹੀਂ ਕਹਿਣਾ ਚਾਹੁੰਦਾ। ਮੈਂ ਸਿਰਫ਼ ਫਾਤਮਾ ਦੇ ਨਾਲ ਗੱਲਾਂ ਕਰਨੀਆਂ ਚਾਹੁੰਦਾ ਹਾਂ। ਤੁਹਾਡੇ ਨਾਲ ਗੱਲਾਂ ਕਰਨ ਦੀ ਮੇਰੀ ਕੋਈ ਵੀ ਇੱਛਾ ਨਹੀਂ।" ਅਸਗਰ ਨੇ ਵਿਲਕਦੇ ਹੋਏ ਨੇ ਜਵਾਬ ਦਿੱਤਾ ਸੀ। ਉਸਦਾ ਸਿਪਾਹੀਆਂ ਵੱਲ ਕੋਈ ਵੀ ਧਿਆਨ ਨਹੀਂ ਸੀ। ਜ਼ਿਆਦਾ ਰੋਣ ਦੇ ਕਾਰਣ ਉਸਦੇ ਸਿਰ ਪੀੜ ਹੋ ਰਹੀ ਸੀ।

"ਮਿਸਟਰ ਅਸਗਰ, ਮੁਆਫ਼ ਕਰਨਾ। ਅਸੀਂ ਤੁਹਾਨੂੰ ਗ੍ਰਿਫ਼ਤਾਰ ਕਰ ਕੇ ਹਵਾਲਾਤ ਵਿਚ ਲੈ ਕੇ ਜਾਣਾ ਚਾਹੁੰਦੇ ਹਾਂ। ਕ੍ਰਿਪਾ ਕਰਕੇ ਤੁਸੀਂ ਗ੍ਰਿਫ਼ਤਾਰ ਹੋਣ ਦੇ ਲਈ ਤਿਆਰ ਹੋ ਜਾਵੋ। ਬਾਕੀ ਜੋ ਬਿਆਨ ਤੁਸੀਂ ਦੇਣੇ ਹਨ ਬਾਅਦ ਵਿਚ ਦੇ ਦੇਣੇ।" ਪੁਲੀਸ ਦੇ ਇਕ ਮੁਖੀ ਨੇ ਹੱਥਕੜੀਆਂ ਨੂੰ ਅਸਗਰ ਦੇ ਗੁੱਟਾਂ ਵੱਲ ਵਧਾਉਂਦੇ ਹੋਏ ਨੇ ਬੜੀ ਹਲੀਮੀ ਦੇ ਨਾਲ ਆਖਿਆ ਸੀ।

"ਮੈਨੂੰ ਗ੍ਰਿਫ਼ਤਾਰ ਕਰੋ, ਮੈਨੂੰ ਚਾਹੇ ਜੇਲ੍ਹ ਵਿਚ ਬੰਦ ਕਰ ਦਿਉ। ਚਾਹੇ ਮੈਨੂੰ ਹਵਾਲਾਤ ਵਿਚ ਬੰਦ ਕਰ ਦਿਉ। ਭਾਵੇਂ ਮੈਨੂੰ ਫਾਂਸੀ ਦੇ ਦਿਉ, ਭਾਵੇਂ ਮੇਰੇ ਗੋਲੀ ਮਾਰ ਦਿਉ। ਮੈਨੂੰ ਕੋਈ ਦੁੱਖ ਨਹੀਂ ਹੋਵੇਗਾ। ਮੈਂ ਮਰਨ ਨੂੰ ਤਿਆਰ ਹਾਂ। ਮੈਨੂੰ ਮਰਨ ਤੋਂ ਕੋਈ ਡਰ ਨਹੀਂ ਲੱਗਦਾ।" ਅਸਗਰ ਉੱਚੀ ਆਵਾਜ਼ ਵਿਚ ਰੋਂਦਾ ਹੋਇਆ ਚੀਕਾਂ ਮਾਰ ਕੇ ਕਹਿ ਰਿਹਾ ਸੀ।

ਉਸ ਤੋਂ ਬਾਅਦ ਸਿਪਾਹੀਆਂ ਨੇ ਅਸਗਰ ਨੂੰ ਗ੍ਰਿਫ਼ਤਾਰ ਕਰਕੇ ਇਕ ਵੈਨ ਵਿਚ ਬਿਠਾ ਲਿਆ ਸੀ। ਬਾਕੀ ਦੇ ਸਿਪਾਹੀ ਘਰ ਦੇ ਵਿਚੋਂ ਤਲਾਸ਼ੀ ਲੈ ਕੇ ਚਿੱਠੀਆਂ ਬਗ਼ੈਰਾ ਅਤੇ ਹਥੌੜਾ ਜਿਸ ਨਾਲ ਫਾਤਮਾ ਨੂੰ ਉਸਨੇ ਮਾਰਿਆ ਸੀ, ਇਹੋ

ਜਿਹੀਆਂ ਚੀਜ਼ਾਂ ਇਕੱਠੀਆਂ ਕਰ ਰਹੇ ਸਨ। ਥੋੜ੍ਹੀ ਦੇਰ ਮਗਰੋਂ ਅਸਗਰ ਨੂੰ ਹਵਾਲਾਤ ਵਿਚ ਲਿਜਾ ਕੇ ਬੰਦ ਕਰ ਦਿੱਤਾ ਗਿਆ ਸੀ।

# 7

ਫਾਤਮਾ ਨੂੰ ਡਾਕਟਰਾਂ ਨੇ ਮੁਰਦਾ ਕਰਾਰ ਦੇ ਦਿੱਤਾ ਸੀ ਅਤੇ ਪੋਸਟ ਮਾਰਟਮ ਤੋਂ ਬਾਅਦ ਉਸਦੀ ਲਾਸ਼ ਨੂੰ ਸ਼ਮਸ਼ਾਨਘਾਟ ਵਿਖੇ ਪਹੁੰਚਾ ਦਿੱਤਾ ਗਿਆ ਸੀ ਅਤੇ ਡਾਕਟਰਾਂ ਨੇ ਉਸਦੀ ਮੌਤ ਬਾਰੇ ਆਪਣੀ ਰਿਪੋਰਟ ਤਿਆਰ ਕਰ ਲਈ ਸੀ। ਫਾਤਮਾ ਦੀ ਮੌਤ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੇ ਸ਼ਹਿਰ ਵਿਚ ਫੈਲ ਗਈ ਸੀ। ਅਸਗਰ ਦੀ ਜਾਣ-ਪਹਿਚਾਣ ਵਾਲੇ ਸਾਰੇ ਲੋਕਾਂ ਨੂੰ ਫਾਤਮਾ ਦੇ ਆਚਰਣ ਬਾਰੇ ਚੰਗੀ ਤਰ੍ਹਾਂ ਪਤਾ ਸੀ। ਫਾਤਮਾ ਦੇ ਮਾਪਿਆਂ ਘਰ ਵੀ ਚੀਕ ਚਿਹਾੜਾ ਪੈ ਗਿਆ ਸੀ। ਅਸਗਰ ਦੇ ਘਰਦਿਆਂ ਨੂੰ ਵੀ ਇਸ ਬਾਰੇ ਪੂਰੀ ਸੂਚਨਾ ਪਹੁੰਚ ਚੁੱਕੀ ਸੀ। ਉਹਨਾਂ ਨੇ ਵੀ ਰੋਣਾ ਕੁਰਲਾਉਣਾ ਸ਼ੁਰੂ ਕਰ ਦਿੱਤਾ ਸੀ। ਸਭ ਤੋਂ ਵੱਧ ਅਸਗਰ ਦੀ ਮਾਂ ਨਸੀਰਹ ਰੋਈ ਸੀ। ਉਸਨੂੰ ਫਾਤਮਾ ਦੀ ਮੌਤ ਦਾ ਤਾਂ ਕੋਈ ਦੁੱਖ ਨਹੀਂ ਸੀ ਸਗੋਂ ਉਹ ਤਾਂ ਇਸ ਲਈ ਰੋਂਦੀ ਸੀ ਕਿਉਂਕਿ ਉਸਦੇ ਮਨ ਵਿਚ ਇਹ ਡਰ ਬੈਠ ਗਿਆ ਸੀ ਕਿ ਖ਼ੂਨ ਕਰਨ ਦੇ ਬਦਲੇ ਉਸਦੇ ਪੁੱਤਰ ਨੂੰ ਅਦਾਲਤ ਉਮਰ ਕੈਦ ਦੀ ਸਜ਼ਾ ਦੇਵੇਗੀ। ਉਸਨੂੰ ਇਹ ਵੀ ਫ਼ਿਕਰ ਸੀ ਕਿ ਉਸਦੇ ਪੁੱਤਰ ਨੂੰ ਸਾਰੀ ਉਮਰ ਜੇਲ੍ਹ ਵਿਚ ਗੁਜ਼ਾਰਨੀ ਪੈਣੀ ਸੀ। ਇਸ ਤੋਂ ਇਲਾਵਾ ਉਹ ਲੋਕਾਂ ਵਿਚ ਵੀ ਆਪਣਾ ਬਹੁਤ ਵੱਡਾ ਅਪਮਾਨ ਹੋਇਆ ਸਮਝਦੀ ਸੀ। ਉਸ ਨੂੰ ਲੋਕਾਂ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਸੁਣਨੀਆਂ ਪੈਣੀਆਂ ਸਨ।

ਫਾਤਮਾ ਦੇ ਮਾਂ-ਪਿਉ ਦੇ ਕੋਲ ਉਹਨਾਂ ਦੇ ਰਿਸ਼ਤੇਦਾਰਾਂ ਅਤੇ ਹੋਰ ਜਾਣ-ਪਹਿਚਾਣ ਵਾਲੇ ਲੋਕਾਂ ਨੇ ਆ-ਆ ਕੇ ਫਾਤਮਾ ਦੀ ਮੌਤ ਦਾ ਅਫ਼ਸੋਸ ਕਰਨਾ ਸ਼ੁਰੂ ਕਰ ਦਿੱਤਾ ਸੀ। ਹਰ ਕੋਈ ਫਾਤਮਾ ਦੀ ਰੱਜ ਕੇ ਤਾਰੀਫ਼ ਕਰਦਾ ਸੀ। ਲੋਕ ਰਸਮੀ ਤੌਰ 'ਤੇ ਫਾਤਮਾ ਦੀਆਂ ਫੋਕੀਆਂ ਤਾਰੀਫ਼ਾਂ ਕਰੀ ਜਾਂਦੇ ਸਨ। ਹਰ ਕੋਈ ਅਸਗਰ ਦੀ ਬੁਰਾਈ ਕਰ ਰਿਹਾ ਸੀ। ਕੋਈ ਉਸਨੂੰ ਪੱਥਰ-ਦਿਲ ਕਹਿ ਰਿਹਾ ਸੀ, ਕੋਈ ਉਸਨੂੰ ਜ਼ਾਲਮ ਕਹਿ ਕੇ ਭੰਡ ਰਿਹਾ ਸੀ। ਫਾਤਮਾ ਦੇ ਮਾਪਿਆਂ ਕੋਲ ਲੋਕ ਅਸਗਰ ਦੇ ਖਿਲਾਫ਼ ਖ਼ੂਬ ਬੋਲ-ਬੋਲ ਕੇ ਉਹਨਾਂ ਨੂੰ ਉਕਸਾਉਂਦੇ ਸਨ। ਕਈ ਤਾਂ ਉਹਨਾਂ ਨੂੰ ਇਹ ਵੀ ਸਲਾਹ ਦਿੰਦੇ ਸਨ ਕਿ ਉਹ ਪੂਰਾ ਜ਼ੋਰ ਲਾ ਕੇ ਮੁਕੱਦਮਾ ਲੜਨ ਅਤੇ ਆਪਣਾ ਵਧੀਆ ਜਿਹਾ ਵਕੀਲ ਕਰਕੇ ਅਸਗਰ ਨੂੰ ਜ਼ਿਆਦਾ ਤੋਂ ਜ਼ਿਆਦਾ ਸਜ਼ਾ ਦਿਵਾ ਕੇ ਉਸ ਕੋਲੋਂ ਆਪਣੀ ਧੀ ਦੇ ਖ਼ੂਨ ਦਾ ਬਦਲਾ ਲੈਣ ਪ੍ਰੰਤੂ ਕੁਝ ਸਮਝਦਾਰ ਰਿਸ਼ਤੇਦਾਰ ਉਹਨਾਂ ਨੂੰ ਇਸ ਘਟਨਾ ਨੂੰ ਧੀਰਜ ਦੇ ਨਾਲ ਬਰਦਾਸ਼ਤ ਕਰਨ ਦੀ ਸਲਾਹ ਦਿੰਦੇ

ਸਨ। ਉਹ ਉਹਨਾਂ ਨੂੰ ਇਹ ਵੀ ਕਹਿੰਦੇ ਸਨ ਕਿ ਇਸ ਤਰ੍ਹਾਂ ਕਰਨ ਦੇ ਨਾਲ ਸਗੋਂ ਉਹਨਾਂ ਦੀ ਹੋਰ ਵੀ ਜ਼ਿਆਦਾ ਮਿੱਟੀ ਪਲੀਤ ਹੋਣੀ ਸੀ। ਇਸ ਲਈ ਉਹ ਉਹਨਾਂ ਨੂੰ ਮੁਕੱਦਮੇਬਾਜ਼ੀ ਤੋਂ ਬਚਣ ਦੀ ਹੀ ਸਲਾਹ ਦਿੰਦੇ ਸਨ। ਕਈ ਰਿਸ਼ਤੇਦਾਰਾਂ ਨੇ ਤਾਂ ਸ਼ਰੇਆਮ ਇਹ ਗੱਲ ਵੀ ਕਹਿ ਦਿੱਤੀ ਸੀ ਕਿ ਕਸੂਰ ਅਸਗਰ ਦਾ ਨਹੀਂ ਸਗੋਂ ਫਾਤਮਾ ਦਾ ਸੀ। ਫਸਾਦ ਦੀ ਅਸਲੀ ਜੜ੍ਹ ਤਾਂ ਉਹ ਸੀ। ਜਿਸਨੂੰ ਸੁਣਕੇ ਫਾਤਮਾ ਦੇ ਮਾਪਿਆਂ ਨੇ ਦਿਲ ਵਿਚ ਬਹੁਤ ਬੁਰਾ ਮਨਾਇਆ ਸੀ ਪ੍ਰੰਤੂ ਸ਼ਰਮ ਦੇ ਮਾਰੇ ਉਹ ਕਿਸੇ ਅੱਗੇ ਸਿਰ ਉੱਚਾ ਕਰਕੇ ਨਹੀਂ ਸਨ ਬੋਲ ਸਕਦੇ ਕਿਉਂਕਿ ਉਹਨਾਂ ਨੂੰ ਵੀ ਫਾਤਮਾ ਦੀਆਂ ਕਰਤੂਤਾਂ ਬਾਰੇ ਚੰਗੀ ਤਰ੍ਹਾਂ ਪਤਾ ਸੀ। ਇਸ ਲਈ ਉਹਨਾਂ ਨੂੰ ਹਰ ਇਕ ਦੀ ਗੱਲ ਸੁਣਕੇ ਬਰਦਾਸ਼ਤ ਕਰਨੀ ਪੈਂਦੀ ਸੀ। ਸਭ ਕੁਝ ਜਾਣਦੇ ਹੋਏ ਵੀ ਉਹ ਫਾਤਮਾ ਨੂੰ ਬੇਕਸੂਰ ਸਿੱਧ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ ਅਤੇ ਫਾਤਮਾ ਦੇ ਸੁਭਾਅ ਅਤੇ ਚਰਿੱਤਰ ਬਾਰੇ ਉਹ ਫੋਕੀਆਂ ਸਿਫ਼ਤਾਂ ਦੇ ਪੁਲ ਬੰਨ੍ਹ ਰਹੇ ਸਨ। ਬਾਕੀ ਆਉਣ ਜਾਣ ਵਾਲੇ ਲੋਕ ਵੀ ਰਸਮੀ ਤੌਰ ’ਤੇ ਉਹਨਾਂ ਦੀ ਹਾਂ ਵਿਚ ਹਾਂ ਮਿਲਾ ਦਿੰਦੇ ਸਨ ਕਿਉਂਕਿ ਕਿਸੇ ਤਰ੍ਹਾਂ ਦੀ ਬਹਿਸ ਵਿਚ ਪੈਣਾ ਉਹ ਮੁਨਾਸਬ ਨਹੀਂ ਸਨ ਸਮਝਦੇ। ਇਸਦਾ ਕਾਰਣ ਇਹ ਸੀ ਕਿ ਉਹ ਆਪਣੇ ਫ਼ਰਜ਼ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਉਹ ਤਾਂ ਫਾਤਮਾ ਦੇ ਘਰਦਿਆਂ ਕੋਲ ਸਿਰਫ਼ ਉਸਦੀ ਮੌਤ ਦਾ ਦੁੱਖ ਪ੍ਰਗਟ ਕਰਨ ਆਉਂਦੇ ਸਨ ਅਤੇ ਫ਼ਜ਼ੂਲ ਦੀਆਂ ਬਹਿਸਾਂ ਵਿਚ ਪੈਣ ਦੀ ਭਲਾ ਉਹਨਾਂ ਨੂੰ ਕੀ ਜ਼ਰੂਰਤ ਸੀ?

ਅਸਗਰ ਦੇ ਘਰਦਿਆਂ ਦਾ ਉਸਦੇ ਸਹੁਰਿਆਂ ਦੇ ਨਾਲ ਕਾਫ਼ੀ ਦੇਰ ਤੋਂ ਆਉਣਾ ਜਾਣਾ ਬੰਦ ਹੋ ਗਿਆ ਸੀ। ਜਦੋਂ ਤੋਂ ਅਸਗਰ ਫਾਤਮਾ ਨੂੰ ਲੈ ਕੇ ਜੁਦਾ ਹੋ ਗਿਆ ਸੀ, ਉਦੋਂ ਦੀ ਤਾਂ ਉਹਨਾਂ ਦੀ ਰਿਸ਼ਤੇਦਾਰੀ ਨਫ਼ਰਤ ਵਿਚ ਹੀ ਬਦਲ ਕੇ ਰਹਿ ਗਈ ਸੀ। ਫਾਤਮਾ ਦੀ ਮੌਤ ਦੇ ਨਾਲ ਵੀ ਦੋਵੇਂ ਪਰਿਵਾਰ ਇਕੱਠੇ ਨਹੀਂ ਸਨ ਹੋ ਸਕੇ ਅਤੇ ਨਾ ਹੀ ਉਹਨਾਂ ਨੇ ਇਕੱਠੇ ਹੋਣ ਦੀ ਲੋੜ ਮਹਿਸੂਸ ਕੀਤੀ ਸੀ। ਅਸਗਰ ਦੇ ਘਰ ਦੇ ਸਭ ਤੋਂ ਵੱਧ ਕਸੂਰ ਫਾਤਮਾ ਦੇ ਮਾਂ-ਪਿਉ ਦਾ ਮੰਨਦੇ ਸਨ, ਜਿਹਨਾਂ ਨੇ ਆਪਣੀ ਧੀ ਉੱਪਰ ਕਰੜੀ ਨਿਗਰਾਨੀ ਨਹੀਂ ਸੀ ਰੱਖੀ। ਜਿਸ ਕਾਰਣ ਉਹ ਬਦਕਾਰ ਹੋ ਗਈ ਸੀ। ਨਸੀਰਹ ਤਾਂ ਲੋਕਾਂ ਨੂੰ ਵੀ ਸ਼ਰੇਆਮ ਇਹੀ ਕਹਿੰਦੀ ਸੀ ਕਿ ਫਾਤਮਾ ਦੇ ਮਾਂ-ਪਿਉ ਨੇ ਜਾਣ-ਬੁੱਝ ਕੇ ਲਾਪ੍ਰਵਾਹੀ ਕੀਤੀ ਸੀ ਅਤੇ ਜਿਸਦਾ ਸਿੱਟਾ ਇਹ ਨਿਕਲਿਆ ਸੀ ਕਿ ਫਾਤਮਾ ਆਪਣੇ ਆਚਰਣ ਤੋਂ ਗਿਰ ਗਈ ਸੀ। ਜੇਕਰ ਉਹਨਾਂ

ਨੇ ਆਪਣੀ ਧੀ ਉੱਪਰ ਪੂਰੀ ਨਿਗਰਾਨੀ ਰੱਖੀ ਹੁੰਦੀ ਤਾਂ ਨੌਬਤ ਇਥੋਂ ਤੱਕ ਨਹੀਂ ਸੀ ਪਹੁੰਚਣੀ।

ਕੁਝ ਦਿਨਾਂ ਬਾਅਦ ਫਾਤਮਾ ਦੀ ਦੇਹ ਨੂੰ ਸ਼ਹਿਰ ਦੇ ਸ਼ਮਸ਼ਾਨਘਾਟ ਵਿਖੇ ਦਫ਼ਨਾ ਦਿੱਤਾ ਗਿਆ ਸੀ। ਇਸ ਆਖ਼ਰੀ ਮੌਕੇ ’ਤੇ ਵੀ ਅਸਗਰ ਦੇ ਘਰ ਵਾਲੇ ਨਹੀਂ ਪਹੁੰਚੇ ਸਨ ਅਤੇ ਨਾ ਹੀ ਉਹਨਾਂ ਨੂੰ ਕਿਸੇ ਨੇ ਉੱਥੇ ਪਹੁੰਚਣ ਦੇ ਲਈ ਆਖਿਆ ਸੀ।

ਨਸੀਰਹ ਨੇ ਆਪਣੇ ਪਤੀ ਦੇ ਨਾਲ ਸਲਾਹ ਕਰਕੇ ਅਸਗਰ ਨੂੰ ਮੁਕੱਦਮੇ ਤੋਂ ਬਰੀ ਕਰਵਾਉਣ ਦੇ ਲਈ ਸ਼ਹਿਰ ਦੇ ਦੋ ਮੰਨੇ-ਪ੍ਰਮੰਨੇ ਵਕੀਲਾਂ ਨਾਲ ਮੁਕੱਦਮਾ ਲੜਨ ਬਾਰੇ ਗੱਲਬਾਤ ਕਰ ਲਈ ਸੀ। ਕੁਝ ਰਕਮ ਉਹਨਾਂ ਨੇ ਪੇਸ਼ਗੀ ਦੇ ਦਿੱਤੀ ਸੀ ਅਤੇ ਬਾਕੀ ਦੀ ਰਕਮ ਬਾਅਦ ਵਿਚ ਦੇਣੀ ਸੀ। ਵਕੀਲਾਂ ਦੀ ਫ਼ੀਸ ਆਮ ਵਕੀਲਾਂ ਦੇ ਨਾਲੋਂ ਬਹੁਤ ਜ਼ਿਆਦਾ ਸੀ ਪ੍ਰੰਤੂ ਅਸਗਰ ਦੇ ਮਾਂ-ਪਿਉ ਨੂੰ ਧਨ ਖ਼ਰਚਣ ਦੀ ਚਿੰਤਾ ਨਹੀਂ ਸੀ ਸਗੋਂ ਉਹ ਤਾਂ ਉਸਨੂੰ ਹਰ ਕੀਮਤ ਉੱਪਰ ਬਰੀ ਕਰਵਾਉਣਾ ਚਾਹੁੰਦੇ ਸਨ। ਜਦੋਂ ਦਾ ਅਸਗਰ ਨੂੰ ਹਵਾਲਾਤ ਵਿਚ ਬੰਦ ਕੀਤਾ ਗਿਆ ਸੀ ਉਦੋਂ ਤੋਂ ਨਸੀਰਹ ਅਤੇ ਮੁਹੰਮਦ ਅਜ਼ੀਜ਼ ਨੂੰ ਬਹੁਤ ਜ਼ਿਆਦਾ ਨੱਠ-ਭੱਜ ਕਰਨੀ ਪੈ ਰਹੀ ਸੀ ਅਤੇ ਇਸ ਕਾਰਣ ਕਈ ਵਾਰ ਉਹਨਾਂ ਨੂੰ ਆਪਣੇ ਕੰਮ ਤੋਂ ਛੁੱਟੀ ਵੀ ਕਰਨੀ ਪੈਂਦੀ ਸੀ। ਨਸੀਰਹ ਨੂੰ ਅਸਗਰ ਬਾਰੇ ਬੜੀ ਚਿੰਤਾ ਲੱਗੀ ਰਹਿੰਦੀ ਸੀ। ਕਈ ਵਾਰ ਤਾਂ ਉਹ ਉਸਨੂੰ ਯਾਦ ਕਰਕੇ ਰੋਣ ਵੀ ਲੱਗ ਪੈਂਦੀ ਸੀ। ਕਈ ਵਾਰ ਉਸਨੂੰ ਆਪਣੇ ਪੁੱਤਰ ਉੱਪਰ ਬਹੁਤ ਜ਼ਿਆਦਾ ਗੁੱਸਾ ਆਉਂਦਾ ਸੀ, ਜਿਸਨੇ ਨਿਕਾਹ ਕਰਵਾਉਣ ਦੇ ਵੇਲੇ ਉਹਨਾਂ ਦੀ ਇੱਕ ਨਹੀਂ ਸੀ ਸੁਣੀ।

ਹਵਾਲਾਤ ਵਿਚ ਆਉਣ ਤੋਂ ਬਾਅਦ ਅਸਗਰ ਨੂੰ ਅਜੀਬ ਕਿਸਮ ਦਾ ਵਾਤਾਵਰਣ ਮਿਲਿਆ ਸੀ। ਉਸਨੇ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਇਕ ਦਿਨ ਉਸਨੂੰ ਉਹੋ ਜਿਹੀ ਜ਼ਿੰਦਗੀ ਦਾ ਸਾਹਮਣਾ ਵੀ ਕਰਨਾ ਪਵੇਗਾ। ਅਸਗਰ ਬਚਪਨ ਤੋਂ ਹੀ ਇਕ ਸੋਹਣੇ ਸੁਥਰੇ ਵੱਡੇ ਘਰ ਵਿਚ ਰਹਿਣ ਦਾ ਆਦੀ ਸੀ ਪ੍ਰੰਤੂ ਹਵਾਲਾਤ ਵਿਚ ਉਸਨੂੰ ਇਕ ਨਿੱਕੀ ਜਿਹੀ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ ਸੀ ਜੋ ਆਕਾਰ ਵਿਚ ਵੀ ਕਾਫ਼ੀ ਛੋਟੀ ਸੀ ਅਤੇ ਉਥੇ ਸਫ਼ਾਈ ਵੀ ਨਹੀਂ ਸੀ। ਇਸ ਕੋਠੜੀ ਨੂੰ ਹਰ ਵੇਲੇ ਬਾਹਰੋਂ ਤਾਲਾ ਲੱਗਿਆ ਰਹਿੰਦਾ ਸੀ। ਹਵਾਲਾਤ ਦੇ ਵਿਚ ਜਿੰਨੇ ਵੀ ਬੰਦੇ ਬੰਦ ਸਨ, ਉਹਨਾਂ ਨੂੰ ਦਿਨ ਵਿਚ ਸਿਰਫ਼ ਇਕ ਵਾਰ ਇਕ ਘੰਟੇ ਦੇ ਲਈ ਹੀ ਬਾਹਰ ਕੱਢਿਆ ਜਾਂਦਾ ਸੀ। ਹਵਾਲਾਤ ਦੇ ਨਾਲ ਇਕ ਛੋਟਾ

ਜਿਹਾ ਪਾਰਕ ਇਸ ਮਕਸਦ ਲਈ ਬਣਾਇਆ ਹੋਇਆ ਸੀ, ਜਿੱਥੇ ਹਵਾਲਾਤੀ ਹਰ ਰੋਜ਼ ਇਕ ਘੰਟਾ ਘੁੰਮ ਫਿਰ ਜਾਇਆ ਕਰਦੇ ਸਨ। ਇਸ ਪਾਰਕ ਦੇ ਤਿੰਨ ਪਾਸੇ ਹਵਾਲਾਤ ਦੀਆਂ ਕੋਠੜੀਆਂ ਸਨ ਅਤੇ ਚੌਥੇ ਪਾਸੇ ਇਕ ਬਹੁਤ ਉੱਚੀ ਕੰਧ ਸੀ, ਜਿਸ ਉੱਪਰ ਕੰਡਿਆਲੀਆਂ ਤਾਰਾਂ ਸੰਘਣੀਆਂ ਕਰਕੇ ਲਗਾਈਆਂ ਹੋਈਆਂ ਸਨ ਤਾਂ ਜੋ ਕੋਈ ਵੀ ਹਵਾਲਾਤੀ ਨੱਠਣ ਦੀ ਕੋਸ਼ਿਸ਼ ਨਾ ਕਰ ਸਕੇ। ਇਸ ਕੰਧ ਦੇ ਦੋਵੇਂ ਸਿਰਿਆਂ ਉੱਪਰ ਦੋ ਚਬੂਤਰੇ ਜਿਹੇ ਬਣਾਏ ਹੋਏ ਸਨ। ਜਿੱਥੇ ਹਥਿਆਰਬੰਦ ਸਿਪਾਹੀਆਂ ਦਾ ਪਹਿਰਾ ਦਿਨ-ਰਾਤ ਰਹਿੰਦਾ ਸੀ। ਇਸ ਕੰਧ ਦੇ ਬਾਹਰਲੇ ਪਾਸੇ ਇਕ ਸੜਕ ਸੀ ਜਿਥੋਂ ਲੰਘ ਰਹੀਆਂ ਮੋਟਰ ਕਾਰਾਂ ਦਾ ਸ਼ੋਰ ਆਮ ਤੌਰ 'ਤੇ ਸੁਣਾਈ ਦਿਆ ਕਰਦਾ ਸੀ।

ਪਾਰਕ ਵਿਚ ਹਵਾਲਾਤੀਆਂ ਦੇ ਲਈ ਬੈਠਣ ਦੇ ਲਈ ਪੱਥਰ ਦੇ ਬੈਂਚ ਵੀ ਬਣਾ ਕੇ ਰੱਖੇ ਹੋਏ ਸਨ। ਹਵਾਲਾਤੀਆਂ ਨੂੰ ਜਦੋਂ ਵੀ ਪਾਰਕ ਵਿਚ ਘੁੰਮਣ ਦੇ ਲਈ ਇਕ ਘੰਟਾ ਮਿਲਦਾ ਸੀ ਉਹ ਇਕ ਦੂਸਰੇ ਦੇ ਨਾਲ ਆਪੋ ਆਪਣਿਆਂ ਮੁਕੱਦਮਿਆਂ ਬਾਰੇ ਵਿਚਾਰ ਵਟਾਂਦਰਾ ਕਰਦੇ ਰਹਿੰਦੇ ਸਨ ਪ੍ਰੰਤੂ ਅਸਗਰ ਕਦੇ ਵੀ ਕਿਸੇ ਹੋਰ ਹਵਾਲਾਤੀ ਦੇ ਨਾਲ ਖੁੱਲ੍ਹ ਕੇ ਨਹੀਂ ਸੀ ਬੋਲਿਆ। ਉਹ ਹਮੇਸ਼ਾਂ ਆਪਣੀਆਂ ਸੋਚਾਂ ਵਿਚ ਮਸਤ ਰਹਿੰਦਾ ਸੀ। ਬਾਕੀ ਦੇ ਹਵਾਲਾਤੀ ਅਕਸਰ ਇਕ ਦੂਜੇ ਦੇ ਨਾਲ ਮਜ਼ਾਕ ਕਰਕੇ ਹੱਸਦੇ ਰਹਿੰਦੇ ਸਨ ਪ੍ਰੰਤੂ ਅਸਗਰ ਨੇ ਕਦੇ ਵੀ ਉਹਨਾਂ ਦੀਆਂ ਗੱਲਾਂ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ। ਉਸ ਦੇ ਬੁੱਲ੍ਹਾਂ ਉੱਪਰ ਕਦੇ ਵੀ ਮੁਸਕਰਾਹਟ ਨਹੀਂ ਸੀ ਆਈ। ਉਹ ਹਰ ਵੇਲੇ ਉਦਾਸ ਹੀ ਰਹਿੰਦਾ ਸੀ। ਉਸਨੂੰ ਜਦੋਂ ਵੀ ਪਾਰਕ ਵਿਚ ਘੁੰਮਾਉਣ ਦੇ ਲਈ ਲਿਆਇਆ ਜਾਂਦਾ ਸੀ, ਉਹ ਚੁੱਪ ਕੀਤਾ ਧੌਣ ਥੱਲੇ ਨੂੰ ਸੁੱਟੀ, ਇਕ ਪੱਥਰ ਦੇ ਬੈਂਚ ਉੱਪਰ ਹੀ ਬੈਠਾ ਰਹਿੰਦਾ ਸੀ। ਉਸਨੇ ਕਦੇ ਵੀ ਕਿਸੇ ਹੋਰ ਹਵਾਲਾਤੀ ਨੂੰ ਨਹੀਂ ਬੁਲਾਇਆ ਸੀ। ਜੇਕਰ ਕੋਈ ਹੋਰ ਹਵਾਲਾਤੀ ਉਸਨੂੰ ਬੁਲਾ ਲੈਂਦਾ ਸੀ ਤਾਂ ਉਹ ਸੰਖੇਪ ਜਿਹਾ ਉੱਤਰ ਹੀ ਦਿੰਦਾ ਸੀ। ਉਸਨੂੰ ਦੂਜਿਆਂ ਦੀਆਂ ਗੱਲਾਂ ਵਿਚ ਕੋਈ ਦਿਲਚਸਪੀ ਨਹੀਂ ਸੀ ਰਹੀ। ਕਦੇ ਕਦਾਈਂ ਜਦੋਂ ਉਸਨੂੰ ਫਾਤਮਾ ਦੀ ਕਰਤੂਤ ਬਾਰੇ ਚੇਤਾ ਆਉਂਦਾ ਸੀ, ਤਾਂ ਉਹ ਗੁੱਸੇ ਵਿਚ ਆਣ ਕੇ ਆਪਣੇ ਦੰਦ ਪੀਹਣ ਲੱਗ ਜਾਂਦਾ ਸੀ।

ਅਸਗਰ ਜਦੋਂ ਦਾ ਹਵਾਲਾਤ ਵਿਚ ਆਇਆ ਸੀ, ਉਸਨੇ ਕਦੇ ਵੀ ਸੂਰਜ ਦੀ ਧੁੱਪ ਨਹੀਂ ਸੀ ਦੇਖੀ। ਕਈ ਵਾਰ ਤਾਂ ਉਹਨਾਂ ਨੂੰ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਪਾਰਕ ਵਿਚ ਲਿਆਇਆ ਜਾਂਦਾ ਸੀ। ਜੇਕਰ ਕਦੇ ਕਦਾਈਂ ਉਹਨਾਂ ਨੂੰ ਦਿਨ ਚੜ੍ਹੇ

ਲਿਜਾਇਆ ਵੀ ਜਾਂਦਾ ਸੀ, ਫਿਰ ਵੀ ਉਹਨਾਂ ਨੇ ਪਾਰਕ ਵਿਚ ਕਦੇ ਧੁੱਪ ਨਹੀਂ ਸੀ ਦੇਖੀ ਕਿਉਂਕਿ ਹਵਾਲਾਤ ਪੰਜ ਮੰਜ਼ਲੀ ਹੋਣ ਦੇ ਕਾਰਣ ਸੂਰਜ ਦੀ ਰੋਸ਼ਨੀ ਪਾਰਕ ਵਿਚ ਨਹੀਂ ਸੀ ਆਉਂਦੀ। ਦੂਸਰਾ ਕਾਰਣ ਇਹ ਸੀ ਕਿ ਪਾਰਕ ਦਾ ਆਕਾਰ ਵੀ ਬਹੁਤ ਛੋਟਾ ਸੀ। ਪਾਰਕ ਛੋਟਾ ਹੋਣ ਦੇ ਬਾਵਜੂਦ ਵੀ ਹਵਾਲਾਤੀ ਇਸ ਥਾਂ ਘੁੰਮਣ ਨੂੰ ਤਰਸਦੇ ਰਹਿੰਦੇ ਸਨ ਕਿਉਂਕਿ ਦਿਨ ਰਾਤ ਹਵਾਲਾਤ ਦੀਆਂ ਕੋਠੜੀਆਂ ਵਿਚ ਰਹਿ-ਰਹਿ ਕੇ ਉਹਨਾਂ ਦੇ ਮਨ ਅੱਕ ਚੁੱਕੇ ਸਨ। ਉਹ ਜਦੋਂ ਵੀ ਹਰ ਰੋਜ਼ ਇਕ ਘੰਟੇ ਦੇ ਲਈ ਉਸ ਪਾਰਕ ਦੇ ਵਿਚ ਜਾਇਆ ਕਰਦੇ ਸਨ ਤਾਂ ਉਹਨਾਂ ਦੇ ਮਨਾਂ ਨੂੰ ਕੁਝ ਧਰਵਾਸ ਮਿਲ ਜਾਂਦੀ ਸੀ। ਹਰ ਵਕਤ ਕੋਠੜੀਆਂ ਦੇ ਅੰਦਰ ਰਹਿਣ ਦੇ ਕਾਰਣ ਉਹਨਾਂ ਨੂੰ ਸਾਹ ਲੈਣ ਦੇ ਲਈ ਤਾਜ਼ੀ ਹਵਾ ਵੀ ਨਹੀਂ ਸੀ ਮਿਲਦੀ।

ਜੇਲ੍ਹ ਦੇ ਕੁਝ ਕਰਮਚਾਰੀਆਂ ਦਾ ਹਵਾਲਾਤੀਆਂ ਦੇ ਨਾਲ ਵਰਤਾਉ ਚੰਗਾ ਨਹੀਂ ਸੀ। ਉਹ ਉਹਨਾਂ ਨੂੰ ਬੜੀ ਨਫ਼ਰਤ ਦੀ ਨਿਗਾਹ ਦੇ ਨਾਲ ਦੇਖਦੇ ਸਨ ਅਤੇ ਕੁਝ ਕਰਮਚਾਰੀਆਂ ਨੂੰ ਤਾਂ ਬੋਲਣ ਦਾ ਵੀ ਪਤਾ ਨਹੀਂ ਸੀ। ਉਹ ਹਵਾਲਾਤੀਆਂ ਦੇ ਨਾਲ ਬੜਾ ਰੁੱਖਾ ਬੋਲਦੇ ਸਨ। ਬਹੁਤ ਸਾਰੇ ਹਵਾਲਾਤੀਆਂ ਨੂੰ ਤਾਂ ਕਈ ਕਰਮਚਾਰੀਆਂ ਦੇ ਉੱਪਰ ਬਹੁਤ ਜ਼ਿਆਦਾ ਗੁੱਸਾ ਆਉਂਦਾ ਸੀ ਪ੍ਰੰਤੂ ਉਹ ਕੁਝ ਵੀ ਨਹੀਂ ਸਨ ਕਰ ਸਕਦੇ। ਜੇਕਰ ਉਹ ਕਰਮਚਾਰੀਆਂ ਦੀ ਕੁੱਟਮਾਰ ਕਰਦੇ ਸਨ ਤਾਂ ਉਹਨਾਂ ਨੂੰ ਸਗੋਂ ਹੋਰ ਵੀ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਣਾ ਸੀ।

ਫਿਰ ਵੀ ਜੇਲ੍ਹ ਦੇ ਕੁਝ ਅਧਿਕਾਰੀ ਬੜੇ ਚੰਗੇ ਸਨ। ਕਈਆਂ ਨੂੰ ਤਾਂ ਹਵਾਲਾਤੀਆਂ ਦੇ ਨਾਲ ਬਹੁਤ ਜ਼ਿਆਦਾ ਹਮਦਰਦੀ ਹੁੰਦੀ ਸੀ ਅਤੇ ਉਹ ਉਹਨਾਂ ਦੀ ਹਰ ਸੰਭਵ ਸਹਾਇਤਾ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਸਨ। ਕਈ ਹਵਾਲਾਤੀ ਇਹੋ ਜਿਹੇ ਬੰਦਿਆਂ ਦੇ ਨਾਲ ਗੱਲਾਂ ਕਰਕੇ ਆਪਣੇ ਮਨਾਂ ਦਾ ਭਾਰ ਹਲਕਾ ਕਰ ਲੈਂਦੇ ਸਨ। ਜ਼ਿਆਦਾ-ਤਰ ਕਰਮਚਾਰੀ ਮਜ਼ਬੂਰ ਸਨ, ਉਹ ਚਾਹੁੰਦੇ ਹੋਏ ਵੀ ਹਵਾਲਾਤੀਆਂ ਦੀ ਕੋਈ ਮਦਦ ਨਹੀਂ ਸਨ ਕਰ ਸਕਦੇ।

ਅਸਗਰ ਦੇ ਵਕੀਲ ਹਫ਼ਤੇ ਵਿਚ ਇਕ ਦੋ ਵਾਰ ਉਸ ਨਾਲ ਮੁਲਾਕਾਤ ਕਰ ਜਾਂਦੇ ਸਨ। ਉਹ ਉਸਨੂੰ ਮੁਕੱਦਮੇ ਬਾਰੇ ਹੁੰਦੀ ਕਾਰਵਾਈ ਦੀ ਸਾਰੀ ਜਾਣਕਾਰੀ ਦੇ ਜਾਇਆ ਕਰਦੇ ਸਨ। ਇਸ ਤੋਂ ਇਲਾਵਾ ਉਹ ਉਸਨੂੰ ਅਦਾਲਤ ਵਿਚ ਕਿਹੋ ਜਿਹੇ ਬਿਆਨ ਦੇਣੇ ਸਨ, ਇਸ ਬਾਰੇ ਵੀ ਚੰਗੀ ਤਰ੍ਹਾਂ ਸਮਝਾਉਂਦੇ ਰਹਿੰਦੇ ਸਨ। ਉਸਦੇ ਵਕੀਲਾਂ ਨੇ ਉਸਨੂੰ ਪੱਕਾ ਭਰੋਸਾ ਦਿਵਾਇਆ ਸੀ ਕਿ ਉਹ ਉਸਨੂੰ ਪੂਰੀ ਵਾਹ ਲਾ ਕੇ ਬਰੀ ਕਰਵਾਉਣ ਦੀ ਕੋਸ਼ਿਸ਼ ਕਰਨਗੇ।

ਅਦਾਲਤ ਨੇ ਜਿਹੜੇ ਅਸਗਰ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕੀਤੇ ਸਨ ਉਹਨਾਂ ਵਿਚ ਲਿਖਿਆ ਸੀ ਕਿ ਮੁਜ਼ਰਮ ਨੂੰ ਮੁਕੱਦਮੇ ਦਾ ਫ਼ੈਸਲਾ ਹੋਣ ਤੱਕ ਹਵਾਲਾਤ ਵਿਚ ਰੱਖਿਆ ਜਾਵੇ ਕਿਉਂਕਿ ਅਦਾਲਤ ਨੂੰ ਉਸਦੇ ਭੱਜ ਜਾਣ ਦਾ ਡਰ ਸੀ। ਅਸਗਰ ਦੇ ਵਕੀਲਾਂ ਨੇ ਇਹਨਾਂ ਵਾਰੰਟਾਂ ਦੇ ਖਿਲਾਫ਼ ਅਦਾਲਤ ਨੂੰ ਅਪੀਲ ਕਰ ਦਿੱਤੀ ਸੀ ਕਿ ਅਦਾਲਤ ਮੁਜ਼ਰਮ ਨੂੰ ਹਵਾਲਾਤ ਤੋਂ ਬਾਹਰ ਰੱਖ ਕੇ ਉਸ ਉੱਪਰ ਮੁਕੱਦਮਾ ਚਲਾਵੇ।

ਇਸ ਸੰਬੰਧ ਵਿਚ ਅਸਗਰ ਨੂੰ ਅਦਾਲਤ ਵਿਚ ਬੁਲਾਇਆ ਗਿਆ ਸੀ। ਜੱਜ ਉਸਦੇ ਕੋਲੋਂ ਜਿਹੜਾ ਵੀ ਕੋਈ ਸਵਾਲ ਪੁੱਛਦਾ ਸੀ, ਉਹ ਬਿਨਾਂ ਕਿਸੇ ਡਰ ਤੋਂ ਉਸਦਾ ਜਵਾਬ ਦੇ ਦਿੰਦਾ ਸੀ।

ਨਸੀਰਹ ਅਤੇ ਉਸਦੇ ਪਰਿਵਾਰ ਦੇ ਬਾਕੀ ਸਾਰੇ ਜੀਅ ਅਸਗਰ ਦੇ ਨਾਲ ਮੁਲਾਕਾਤ ਕਰਨ ਦੇ ਲਈ ਬੜੀ ਕੋਸ਼ਿਸ਼ ਕਰ ਰਹੇ ਸਨ ਪ੍ਰੰਤੂ ਅਦਾਲਤ ਨੇ ਅਜੇ ਤੱਕ ਉਹਨਾਂ ਨੂੰ ਉਸ ਨਾਲ ਮੁਲਾਕਾਤ ਕਰਨ ਦੀ ਆਗਿਆ ਨਹੀਂ ਸੀ ਦਿੱਤੀ। ਅਦਾਲਤ ਨੇ ਉਹਨਾਂ ਦੇ ਕੋਲੋਂ ਮੁਲਾਕਾਤ ਵਾਲੇ ਫ਼ਾਰਮ ਭਰਵਾ ਲਏ ਸਨ ਅਤੇ ਉਹਨਾਂ ਨੂੰ ਆਖਿਆ ਸੀ ਕਿ ਉਹ ਕੁਝ ਦਿਨਾਂ ਤੱਕ ਇੰਤਜ਼ਾਰ ਕਰਨ ਅਤੇ ਅਦਾਲਤ ਨੇ ਉਹਨਾਂ ਨੂੰ ਇਹ ਵੀ ਆਖਿਆ ਸੀ ਕਿ ਮੁਲਾਕਾਤ ਕਰਨ ਬਾਰੇ ਉਹਨਾਂ ਨੂੰ ਡਾਕ ਰਾਹੀਂ ਸੂਚਿਤ ਕਰ ਦਿੱਤਾ ਜਾਵੇਗਾ। ਅਸਗਰ ਦੀ ਮਾਂ ਨਸੀਰਹ ਆਪਣੇ ਪੁੱਤਰ ਦੇ ਨਾਲ ਮੁਲਾਕਾਤ ਕਰਨ ਦੇ ਲਈ ਬੜੀ ਉਤਾਵਲੀ ਸੀ। ਆਪਣੇ ਪੁੱਤਰ ਨੂੰ ਦੇਖਣ ਦੇ ਲਈ ਉਸਦੇ ਦਿਲ ਅੰਦਰ ਇਕ ਅਜੀਬ ਕਿਸਮ ਦੀ ਤੜਪ ਜਿਹੀ ਲੱਗੀ ਹੋਈ ਸੀ। ਉਸਨੇ ਰੋ-ਰੋ ਕੇ ਆਪਣੀਆਂ ਅੱਖਾਂ ਸੁਜਾ ਲਈਆਂ ਸਨ। ਨਸੀਰਹ ਨੇ ਆਪਣਾ ਬਹੁਤ ਬੁਰਾ ਹਾਲ ਕਰ ਲਿਆ ਸੀ, ਇੱਥੋਂ ਤੱਕ ਕਿ ਉਸਨੇ ਖਾਣਾ-ਪੀਣਾ ਵੀ ਵਿਸਾਰ ਦਿੱਤਾ ਸੀ। ਉਸਦੀਆਂ ਦੋਵੇਂ ਧੀਆਂ ਉਸਦੀ ਬਥੇਰੀ ਦੇਖ-ਭਾਲ ਕਰਦੀਆਂ ਸਨ। ਜਦੋਂ ਨਸੀਰਹ ਉਹਨਾਂ ਦੇ ਸਾਹਮਣੇ ਰੋਂਦੀ ਹੁੰਦੀ ਸੀ ਤਾਂ ਉਹ ਆਪਣੀ ਮਾਂ ਨੂੰ ਹੌਂਸਲਾ ਦੇਣ ਦੀਆਂ ਬਥੇਰੀਆਂ ਕੋਸ਼ਿਸ਼ਾਂ ਕਰਦੀਆਂ ਰਹਿੰਦੀਆਂ ਸਨ ਪ੍ਰੰਤੂ ਫਿਰ ਵੀ ਉਸਦਾ ਮਨ ਹਰ ਵੇਲੇ ਬੇਚੈਨ ਹੀ ਰਹਿੰਦਾ ਸੀ। ਅਸਗਰ ਦੀਆਂ ਭੈਣਾਂ ਨੂੰ ਵੀ ਆਪਣੇ ਵੀਰ ਦੇ ਨਾਲ ਬਹੁਤ ਜ਼ਿਆਦਾ ਹਮਦਰਦੀ ਸੀ। ਉਹਨਾਂ ਨੂੰ ਜਦੋਂ ਵੀ ਉਹਦੀ ਯਾਦ ਆਉਂਦੀ ਸੀ, ਉਹ ਉਦਾਸ ਹੋ ਜਾਇਆ ਕਰਦੀਆਂ ਸਨ ਪ੍ਰੰਤੂ ਉਦਾਸੀ ਹੋਣ ਦੇ ਬਾਵਜੂਦ ਵੀ ਉਹਨਾਂ ਦੀਆਂ ਅੱਖਾਂ ਵਿਚ ਕਦੇ ਅੱਥਰੂ ਨਹੀਂ ਸਨ ਆਏ।

ਜਦੋਂ ਦਾ ਅਸਗਰ ਹਵਾਲਾਤ ਵਿਚ ਬੰਦ ਕੀਤਾ ਗਿਆ ਸੀ, ਅਸਗਰ ਦਾ ਪਿਉ ਉਸ ਦਿਨ ਤੋਂ ਹੀ ਚੁੱਪ ਜਿਹਾ ਰਹਿਣ ਲੱਗ ਪਿਆ ਸੀ। ਵੈਸੇ ਉਹ ਸੁਭਾਅ ਦਾ ਪਹਿਲਾਂ ਤੋਂ ਹੀ ਚੁੱਪ ਕੀਤਾ ਹੋਇਆ ਸੀ ਪ੍ਰੰਤੂ ਉਸ ਘਟਨਾ ਨੇ ਵੀ ਉਸਦੇ ਮਨ ਉੱਪਰ ਕਾਫ਼ੀ ਅਸਰ ਕੀਤਾ ਸੀ। ਉਸਦਾ ਚਿਹਰਾ ਹਰ ਦਮ ਉਦਾਸ ਹੀ ਰਹਿੰਦਾ ਸੀ। ਨਸੀਰਹ ਜਦੋਂ ਵੀ ਉਸਦੇ ਸਾਹਮਣੇ ਰੋਂਦੀ ਸੀ, ਉਹ ਉਸਨੂੰ ਰੋਣ ਤੋਂ ਵਰਜਦਾ ਰਹਿੰਦਾ ਸੀ ਕਿਉਂਕਿ ਰੋਣ ਦੇ ਨਾਲ ਕੁਝ ਵੀ ਨਹੀਂ ਸੀ ਹੋ ਸਕਦਾ।

ਨਸੀਰਹ ਨੂੰ ਮੁੜ-ਮੁੜ ਕੇ ਫਾਤਮਾ ਅਤੇ ਉਸਦੇ ਮਾਂ-ਪਿਉ ਉੱਪਰ ਬਹੁਤ ਜ਼ਿਆਦਾ ਗੁੱਸਾ ਆਉਂਦਾ ਸੀ। ਉਹ ਹਰ ਰੋਜ਼ ਉਹਨਾਂ ਨੂੰ ਗਾਲ੍ਹਾਂ ਕੱਢ-ਕੱਢ ਕੇ ਆਪਣੇ ਗੁੱਸੇ ਨੂੰ ਸ਼ਾਂਤ ਕਰਨ ਦੇ ਯਤਨ ਕਰਦੀ ਰਹਿੰਦੀ ਸੀ। ਉਸਦੀਆਂ ਨਜ਼ਰਾਂ ਵਿਚ ਉਸਦਾ ਪੁੱਤਰ ਬਿਲਕੁਲ ਬੇਕਸੂਰ ਸੀ ਚਾਹੇਕਿ ਬਾਕੀ ਦੇ ਸਾਰੇ ਲੋਕ ਉਸਨੂੰ ਖ਼ੂਨੀ ਸਮਝਦੇ ਸਨ। ਉਹ ਸਾਰਾ ਕਸੂਰ ਫਾਤਮਾ ਦਾ ਹੀ ਮੰਨਦੀ ਸੀ। ਫਾਤਮਾ ਭਾਵੇਂਕਿ ਮਰ ਚੁੱਕੀ ਸੀ ਪ੍ਰੰਤੂ ਫਾਤਮਾ ਦੇ ਲਈ ਜੋ ਨਫ਼ਰਤ ਨਸੀਰਹ ਦੇ ਮਨ ਵਿਚ ਪੈਦਾ ਹੋਈ ਸੀ, ਉਹ ਕਦੇ ਵੀ ਮੁੱਕਣ ਵਾਲੀ ਨਹੀਂ ਸੀ।

ਨਸੀਰਹ ਦਾ ਕਈ ਵਾਰ ਆਪਣੇ ਪੁੱਤਰ ਨੂੰ ਦੇਖਣ ਦੇ ਲਈ ਮਨ ਐਨਾ ਜ਼ਿਆਦਾ ਉਤਾਵਲਾ ਹੋ ਜਾਂਦਾ ਸੀ ਕਿ ਉਹਦਾ ਜੀਅ ਕਰਦਾ ਸੀ ਕਿ ਉਹ ਉੱਡ ਕੇ ਆਪਣੇ ਪੁੱਤਰ ਨੂੰ ਹਵਾਲਾਤ ਦੇ ਅੰਦਰ ਜਾ ਮਿਲੇ। ਉਸਨੂੰ ਜਦੋਂ ਵੀ ਆਪਣੇ ਪਤੀ ਦੇ ਨਾਲ ਵਕੀਲਾਂ ਕੋਲ ਜਾਣ ਦਾ ਮੌਕਾ ਮਿਲਦਾ ਸੀ, ਉਹ ਵਕੀਲਾਂ ਨੂੰ ਅਸਗਰ ਬਾਰੇ ਹੀ ਪੁੱਛਦੀ ਰਹਿੰਦੀ ਸੀ। ਕਦੇ ਉਹ ਉਹਨਾਂ ਨੂੰ ਉਹਦੀ ਸਿਹਤ ਬਾਰੇ ਪੁੱਛਦੀ ਸੀ। ਕਦੇ ਉਹ ਉਹਨਾਂ ਦੇ ਕੋਲੋਂ ਪੁੱਛਦੀ ਰਹਿੰਦੀ ਸੀ ਕਿ ਕਿਤੇ ਉਹ ਬਹੁਤਾ ਉਦਾਸ ਤੇ ਨਹੀਂ ਰਹਿੰਦਾ। ਕਦੇ ਉਹ ਉਹਨਾਂ ਦੇ ਕੋਲੋਂ ਪੁੱਛਦੀ ਸੀ ਕਿ ਉਹਦੀ ਸਿਹਤ ਕਮਜ਼ੋਰ ਤੇ ਨਹੀਂ ਹੋ ਗਈ। ਕਦੇ ਉਹ ਪੁੱਛਦੀ ਸੀ ਕਿ ਹਵਾਲਾਤ ਵਿਚ ਉਸਨੂੰ ਪ੍ਰੇਸ਼ਾਨ ਤੇ ਨਹੀਂ ਕੀਤਾ ਜਾਂਦਾ। ਨਸੀਰਹ ਨੂੰ ਆਪਣੇ ਪੁੱਤਰ ਦੀ ਬਹੁਤ ਜ਼ਿਆਦਾ ਚਿੰਤਾ ਲੱਗੀ ਰਹਿੰਦੀ ਸੀ। ਉਹ ਵਕੀਲਾਂ ਨੂੰ ਹਮੇਸ਼ਾਂ ਅਸਗਰ ਬਾਰੇ ਹੀ ਸਵਾਲ ਕਰਦੀ ਰਹਿੰਦੀ ਸੀ ਪ੍ਰੰਤੂ ਉਸਨੇ ਉਹਨਾਂ ਦੇ ਕੋਲੋਂ ਕਦੇ ਵੀ ਮੁਕੱਦਮੇ ਬਾਰੇ ਕੁਝ ਨਹੀਂ ਸੀ ਪੁੱਛਿਆ ਕਿ ਉਸਦੇ ਪੁੱਤਰ ਨੂੰ ਕਿੰਨੀ ਸਜ਼ਾ ਹੋ ਸਕਦੀ ਸੀ, ਮੁਕੱਦਮੇ ਦਾ ਫ਼ੈਸਲਾ ਹੋਣ ਤੱਕ ਕਿੰਨੀ ਦੇਰ ਲੱਗ ਸਕਦੀ ਸੀ। ਉਸਨੇ ਵਕੀਲਾਂ ਨੂੰ ਕਦੇ ਵੀ ਇਹੋ ਜਿਹਾ ਸਵਾਲ ਨਹੀਂ ਸੀ ਕੀਤਾ।

ਹਵਾਲਾਤ ਦੇ ਅੰਦਰ ਅਸਗਰ ਨੂੰ ਬੜੀ ਘਟੀਆ ਕਿਸਮ ਦਾ ਖਾਣਾ ਮਿਲਦਾ ਸੀ। ਬਚਪਨ ਤੋਂ ਹੀ ਉਹ ਚੰਗਾ ਭੋਜਨ ਖਾਂਦਾ ਆਇਆ ਸੀ। ਪਰਿਵਾਰ ਦੀ ਆਰਥਿਕ ਹਾਲਤ ਕਾਫ਼ੀ ਚੰਗੀ ਹੋਣ ਦੇ ਕਾਰਣ ਉਸਨੇ ਕਦੇ ਵੀ ਕਿਸੇ ਕਿਸਮ ਦੀ ਕੋਈ ਤੰਗੀ ਨਹੀਂ ਸੀ ਕੱਟੀ। ਕੰਮ ਤੋਂ ਇਲਾਵਾ ਉਸਨੇ ਕਦੇ ਵੀ ਹੋਰ ਕਿਸਮ ਦੀ ਬੇ-ਆਰਾਮੀ ਦਾ ਸਾਹਮਣਾ ਨਹੀਂ ਸੀ ਕੀਤਾ। ਪਹਿਲਾਂ ਉਹ ਅਪਰਾਧ ਕਰਨ ਵਾਲਿਆਂ ਨੂੰ ਬਹੁਤ ਜ਼ਿਆਦਾ ਨਫ਼ਰਤ ਕਰਦਾ ਸੀ ਪ੍ਰੰਤੂ ਉਸ ਵੇਲੇ ਉਸਨੂੰ ਇਸ ਗੱਲ ਦਾ ਨਹੀਂ ਸੀ ਪਤਾ ਕਿ ਉਹ ਦਿਨ ਵੀ ਆਵੇਗਾ, ਜਿਸ ਦਿਨ ਉਹ ਵੀ ਸੀਖ਼ਾਂ ਅੰਦਰ ਬੰਦ ਹੋਵੇਗਾ। ਉਸਨੇ ਤਾਂ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਇਕ ਦਿਨ ਉਹ ਵੀ ਅਪਰਾਧੀ ਬਣੇਗਾ।

ਹਵਾਲਾਤ ਦੇ ਵਿਚ ਜਿਹੜਾ ਖਾਣਾ ਹਵਾਲਾਤੀਆਂ ਨੂੰ ਖਾਣ ਦੇ ਲਈ ਮਿਲਦਾ ਸੀ, ਅਸਗਰ ਅਤੇ ਬਾਕੀ ਹਵਾਲਾਤੀਆਂ ਦਾ ਉਸ ਵੱਲ ਦੇਖਣ ਨੂੰ ਵੀ ਜੀਅ ਨਹੀਂ ਸੀ ਕਰਦਾ। ਅਸਗਰ ਬਹੁਤੀ ਵਾਰ ਤਾਂ ਜੋ ਕੁਝ ਵੀ ਉਸਨੂੰ ਖਾਣ ਨੂੰ ਮਿਲਦਾ ਸੀ, ਉਸਨੂੰ ਖਾਣ ਦੀ ਬਜਾਏ ਕੂੜੇ ਵਾਲੀ ਟੋਕਰੀ ਵਿਚ ਸੁੱਟ ਦਿੰਦਾ ਸੀ ਪ੍ਰੰਤੂ ਕਈ ਵਾਰ ਜਦੋਂ ਭੁੱਖ ਦੇ ਨਾਲ ਉਸਦਾ ਬਹੁਤ ਬੁਰਾ ਹਾਲ ਹੁੰਦਾ ਸੀ ਤਾਂ ਉਸਨੂੰ ਨਾ ਚਾਹੁੰਦੇ ਹੋਏ ਵੀ ਉਸ ਘਟੀਆ ਕਿਸਮ ਦਾ ਭੋਜਨ ਖਾਣਾ ਪੈਂਦਾ ਸੀ। ਹਵਾਲਾਤ ਵਿਚ ਹਵਾਲਾਤੀਆਂ ਦੇ ਨਾਲ ਪਸ਼ੂਆਂ ਵਰਗਾ ਵਰਤਾਉ ਕੀਤਾ ਜਾਂਦਾ ਸੀ ਅਤੇ ਥੋੜ੍ਹੇ ਲੋਕ ਹੀ ਅਜਿਹੇ ਸਨ ਜਿਹੜੇ ਹਵਾਲਾਤੀਆਂ ਨੂੰ ਇਨਸਾਨ ਸਮਝਦੇ ਸਨ, ਜ਼ਿਆਦਾ ਲੋਕ ਤਾਂ ਉਹਨਾਂ ਨੂੰ ਡੰਗਰਾਂ ਸਮਾਨ ਹੀ ਸਮਝਦੇ ਸਨ।

ਹਵਾਲਾਤੀਆਂ ਨੂੰ ਸਵੇਰ ਦੇ ਖਾਣੇ ਵਾਸਤੇ ਸੁੱਕੀ ਡਬਲ ਰੋਟੀ ਅਤੇ ਥੋੜ੍ਹਾ ਜਿਹਾ ਮਾਰਮਲੇਡ ਮਿਲਦਾ ਸੀ। ਹਫ਼ਤੇ ਵਿਚ ਇਕ ਦਿਨ ਹੀ ਉਹਨਾਂ ਨੂੰ ਚੰਗੀ ਕਿਸਮ ਦੀ ਡਬਲਰੋਟੀ ਮਿਲਦੀ ਸੀ। ਬਾਕੀ ਦੇ ਦਿਨਾਂ ਵਿਚ ਤਾਂ ਉਹਨਾਂ ਨੂੰ ਬਹੁਤ ਘਟੀਆ ਕਿਸਮ ਦੀ ਡਬਲਰੋਟੀ ਮਿਲਦੀ ਸੀ। ਕਦੇ-ਕਦਾਈਂ ਉਹਨਾਂ ਨੂੰ ਮੱਖਣ ਦਾ ਛੋਟਾ ਜਿਹਾ ਟੁਕੜਾ ਵੀ ਮਿਲਦਾ ਸੀ ਪਰੰਤੂ ਜ਼ਿਆਦਾ ਤਰ ਡਬਲਰੋਟੀ ਦੇ ਨਾਲ ਮਾਰਗਰੀਨ ਦਾ ਇਕ ਛੋਟਾ ਜਿਹਾ ਟੁਕੜਾ ਹੀ ਮਿਲਦਾ ਸੀ। ਦੁਪਹਿਰ ਦੇ ਖਾਣੇ ਵਿਚ ਜ਼ਿਆਦਾ-ਤਰ ਗੋਸ਼ਤ ਦੀ ਤਰੀ ਹੀ ਮਿਲਦੀ ਸੀ। ਅਸਗਰ ਨੂੰ ਇਹ ਗੋਸ਼ਤ ਦੀ ਤਰੀ ਉੱਕਾ ਹੀ ਪਸੰਦ ਨਹੀਂ ਸੀ। ਇਸ ਲਈ ਬਹੁਤੀ ਵਾਰ ਉਹ ਆਪਣਾ ਦੁਪਹਿਰ ਦਾ ਭੋਜਨ ਲੈਣ ਤੋਂ ਇਨਕਾਰ ਕਰ ਦਿੰਦਾ ਸੀ ਪ੍ਰੰਤੂ ਕਈ ਵਾਰ ਦੁਪਹਿਰ ਦੇ ਭੋਜਨ ਵਿਚ ਆਲੂ ਜਾਂ ਚਾਵਲ ਹੋਇਆ ਕਰਦੇ ਸਨ, ਅਸਗਰ ਨੂੰ ਇਹ ਦੋਵੇਂ

ਚੀਜ਼ਾਂ ਬਹੁਤ ਜ਼ਿਆਦਾ ਪਸੰਦ ਸਨ। ਇਸ ਲਈ ਜਿਸ ਦਿਨ ਵੀ ਚਾਵਲ ਜਾਂ ਆਲੂਆਂ ਦਾ ਭੋਜਨ ਆਉਂਦਾ ਸੀ, ਉਹ ਆਪਣੇ ਬਰਤਨਾਂ ਵਿਚ ਫ਼ਾਲਤੂ ਪਵਾ ਲੈਂਦਾ ਸੀ ਅਤੇ ਉਸਨੂੰ ਕਈ-ਕਈ ਡੰਗ ਵਰਤਦਾ ਰਹਿੰਦਾ ਸੀ।

ਅਸਗਰ ਦਾ ਕਈ ਵਾਰ ਡਬਲਰੋਟੀ ਦੇ ਨਾਲ ਪਨੀਰ ਖਾਣ ਨੂੰ ਚਿੱਤ ਕਰਦਾ ਰਹਿੰਦਾ ਸੀ ਪ੍ਰੰਤੂ ਹਵਾਲਾਤ ਵਿਚ ਚੰਗੀ ਕਿਸਮ ਦਾ ਪਨੀਰ ਨਹੀਂ ਮਿਲਦਾ ਸੀ। ਉੱਥੇ ਤਾਂ ਬੜੀ ਘਟੀਆ ਕਿਸਮ ਦਾ ਪਨੀਰ ਮਿਲਦਾ ਸੀ ਅਤੇ ਜਿਸ ਵਿਚੋਂ ਬਦਬੂ ਆਉਂਦੀ ਰਹਿੰਦੀ ਸੀ। ਇਹੋ ਜਿਹੇ ਪਨੀਰ ਨੂੰ ਦੇਖਕੇ ਉਸਦਾ ਦਿਲ ਖੱਟਾ-ਖੱਟਾ ਹੋਣ ਲੱਗ ਪੈਂਦਾ ਸੀ। ਉਸਨੇ ਆਪਣੀ ਜ਼ਿੰਦਗੀ ਵਿਚ ਕਦੇ ਵੀ ਆਪਣੀ ਕੋਈ ਇੱਛਾ ਅਧੂਰੀ ਨਹੀਂ ਸੀ ਰਹਿਣ ਦਿੱਤੀ। ਉਸਦਾ ਜਦੋਂ ਵੀ ਕੋਈ ਚੀਜ਼ ਖਾਣ ਨੂੰ ਦਿਲ ਕਰਦਾ ਸੀ, ਉਹ ਖਾ ਲੈਂਦਾ ਸੀ ਪਰੰਤੂ ਹਵਾਲਾਤ ਵਿਚ ਆਣ ਕੇ ਉਹ ਹਰ ਚੀਜ਼ ਨੂੰ ਤਰਸ ਗਿਆ ਸੀ। ਇਥੇ ਆਣ ਕੇ ਉਸ ਦੀ ਕੋਈ ਵੀ ਇੱਛਾ ਪੂਰੀ ਨਹੀਂ ਸੀ ਹੋਈ। ਉਸਨੂੰ ਜਦੋਂ ਵੀ ਪਿਛਲੀਆਂ ਯਾਦਾਂ ਯਾਦ ਆਉਂਦੀਆਂ ਸਨ ਤਾਂ ਉਸਦਾ ਮਨ ਭਰ ਆਉਂਦਾ ਸੀ ਅਤੇ ਉਹ ਛੋਟੇ-ਛੋਟੇ ਬੱਚਿਆਂ ਦੀ ਤਰ੍ਹਾਂ ਫੁੱਟ-ਫੁੱਟ ਕੇ ਰੋਣ ਲੱਗ ਪੈਂਦਾ ਸੀ। ਜ਼ਿਆਦਾ ਰੋਣ ਦੇ ਕਾਰਣ ਅਕਸਰ ਉਸਦੀਆਂ ਅੱਖਾਂ ਸੁੱਜੀਆਂ ਹੀ ਰਹਿੰਦੀਆਂ ਸਨ। ਉਸਦੀਆਂ ਅੱਖਾਂ ਹੇਠ ਨੀਲ ਪੈ ਗਏ ਸਨ।

ਅਸਗਰ ਨੂੰ ਹਵਾਲਾਤ ਵਿਚ ਆਣ ਕੇ ਹੱਸਣਾ ਭੁੱਲ ਗਿਆ ਸੀ। ਉਸਨੇ ਕਦੇ ਵੀ ਉਥੇ ਮੁਸਕਰਾ ਕੇ ਨਹੀਂ ਸੀ ਦੇਖਿਆ। ਉਹ ਹਰ ਵੇਲੇ ਉਦਾਸੀ ਦੇ ਵਹਿਣਾਂ ਵਿਚ ਹੀ ਰੁੜ੍ਹਿਆ ਰਹਿੰਦਾ ਸੀ। ਉਹ ਹਰ ਵਕਤ ਕੁਝ ਨਾ ਕੁਝ ਸੋਚਦਾ ਹੀ ਰਹਿੰਦਾ ਸੀ। ਜ਼ਿਆਦਾ ਰੋਣ ਕੁਰਲਾਉਣ ਦੇ ਕਾਰਣ ਉਹ ਬਹੁਤ ਲਿੱਸਾ ਹੋ ਗਿਆ ਸੀ।

ਹਵਾਲਾਤ ਦੇ ਵਿਚ ਜਿਹਨਾਂ ਹਵਾਲਾਤੀਆਂ ਦੀ ਸਿਹਤ ਜ਼ਿਆਦਾ ਵਿਗੜ ਜਾਂਦੀ ਸੀ, ਉਹ ਡਾਕਟਰ ਦੇ ਕੋਲ ਜਾ ਕੇ ਇਸ ਬਾਰੇ ਸ਼ਿਕਾਇਤ ਕਰ ਦਿੰਦੇ ਸਨ। ਡਾਕਟਰ ਦੇ ਮਨ ਜੇਕਰ ਮਿਹਰ ਪੈ ਜਾਂਦੀ ਸੀ ਤਾਂ ਉਹ ਉਸ ਹਵਾਲਾਤੀ ਦੇ ਲਈ ਚੰਗੇ ਭੋਜਨ ਦੀ ਸਿਫ਼ਾਰਸ਼ ਕਰ ਦਿੰਦਾ ਸੀ, ਜਿਸ ਕਾਰਣ ਕਈ ਹਵਾਲਾਤੀਆਂ ਨੂੰ ਕਈ-ਕਈ ਹਫ਼ਤਿਆਂ ਤੱਕ ਜਿੰਨੀ ਦੇਰ ਤੱਕ ਡਾਕਟਰ ਨੇ ਲਿਖਿਆ ਹੁੰਦਾ ਸੀ, ਦੁੱਧ ਅਤੇ ਫਲ ਆਦਿ ਮਿਲਣ ਲੱਗ ਪੈਂਦੇ ਸਨ। ਡਾਕਟਰ ਕੋਲ ਵੀ ਉਹ ਸਿਰਫ਼ ਹਫ਼ਤੇ ਵਿਚ ਇਕ ਵਾਰ ਹੀ ਜਾ ਸਕਦੇ ਸਨ। ਇਸ ਬਾਰੇ ਉਹ ਪਹਿਲਾਂ ਹਵਾਲਾਤ ਦੇ ਕਰਮਚਾਰੀਆਂ ਨੂੰ ਸੂਚਿਤ ਕਰਦੇ ਸਨ, ਕਰਮਚਾਰੀ ਫਿਰ ਉਹਨਾਂ ਨੂੰ ਡਾਕਟਰ ਦੀ ਇਕ ਪਰਚੀ ਲਿਆ ਦਿੰਦੇ ਸਨ ਜਿਸ ਵਿਚ ਹਵਾਲਾਤੀਆਂ ਨੂੰ ਆਪਣਾ ਨਾਂ ਅਤੇ

ਕੋਠੜੀ ਦਾ ਨੰਬਰ ਭਰਨਾ ਪੈਂਦਾ ਸੀ। ਅਸਗਰ ਨੇ ਵੀ ਇਕ ਦਿਨ ਆਪਣੀ ਸਿਹਤ ਜ਼ਿਆਦਾ ਵਿਗੜਦੀ ਦੇਖ ਕੇ ਡਾਕਟਰ ਨੂੰ ਮਿਲਣ ਵਾਲੀ ਪਰਚੀ ਲਿਖ ਦਿੱਤੀ ਸੀ। ਦੂਸਰੇ ਦਿਨ ਸਿਪਾਹੀ ਉਸਨੂੰ ਡਾਕਟਰ ਕੋਲ ਲੈ ਗਏ ਸਨ। ਡਾਕਟਰ ਦਾ ਕਮਰਾ ਵੀ ਹਵਾਲਾਤ ਦੇ ਅੰਦਰ ਹੀ ਸੀ। ਉਸਨੂੰ ਡਾਕਟਰ ਦੇ ਕਮਰੇ ਦੇ ਬਾਹਰ ਕਾਫ਼ੀ ਦੇਰ ਤੱਕ ਉਡੀਕ ਕਰਨੀ ਪਈ ਸੀ, ਜਿੱਥੇ ਹੋਰ ਵੀ ਬਹੁਤ ਸਾਰੇ ਹਵਾਲਾਤੀ ਆਪੋ ਆਪਣੀ ਵਾਰੀ ਦੀ ਇੰਤਜ਼ਾਰ ਕਰ ਰਹੇ ਸਨ। ਡਾਕਟਰ ਵਾਰੋ-ਵਾਰੀ ਇਕ-ਇਕ ਮਰੀਜ਼ ਨੂੰ ਅੰਦਰ ਬੁਲਾਉਂਦਾ ਸੀ। ਵਾਰੀ ਆਉਣ ਤੇ ਅਸਗਰ ਨੇ ਜਾਂਦਿਆਂ ਹੀ ਡਾਕਟਰ ਨੂੰ ਆਖਿਆ ਸੀ,

"ਸ੍ਰੀਮਾਨ ਜੀ, ਮੇਰੀ ਸਿਹਤ ਬਹੁਤ ਵਿਗੜ ਰਹੀ ਹੈ। ਕ੍ਰਿਪਾ ਕਰਕੇ ਮੇਰੇ ਲਈ ਕੁਝ ਹਫ਼ਤਿਆਂ ਦੇ ਲਈ ਦੁੱਧ ਅਤੇ ਫਲਾਂ ਦੀ ਸਿਫ਼ਾਰਸ਼ ਕਰ ਦਿਉ ਕਿਉਂਕਿ ਮੈਨੂੰ ਇੱਥੇ ਦਾ ਭੋਜਨ ਬਿਲਕੁਲ ਹੀ ਪਸੰਦ ਨਹੀਂ।"

"ਮਿਸਟਰ ਮੁਹੰਮਦ, ਇਸ ਵੇਲੇ ਤੁਸੀਂ ਹਵਾਲਾਤ ਵਿਚ ਹੋ, ਕਿਸੇ ਹੋਟਲ ਵਿਚ ਨਹੀਂ।" ਡਾਕਟਰ ਨੇ ਜਵਾਬ ਦਿੱਤਾ ਸੀ।

"ਹਾਂ, ਮੈਨੂੰ ਪਤਾ ਹੈ ਕਿ ਇਹ ਹਵਾਲਾਤ ਹੈ ਪ੍ਰੰਤੂ ਇਹ ਤਾਂ ਇਕ ਨਰਕ ਦੇ ਨਾਲੋਂ ਵੀ ਜ਼ਿਆਦਾ ਭੈੜੀ ਹੈ।" ਅਸਗਰ ਨੇ ਆਖਿਆ ਸੀ।

"ਇਸ ਚੀਜ਼ ਬਾਰੇ ਤੁਹਾਨੂੰ ਇੱਥੇ ਆਉਣ ਤੋਂ ਪਹਿਲਾਂ ਹੀ ਸੋਚਣਾ ਚਾਹੀਦਾ ਸੀ। ਇਸ ਬਾਰੇ ਮੈਂ ਕੁਝ ਨਹੀਂ ਕਰ ਸਕਦਾ।" ਡਾਕਟਰ ਨੇ ਅਸਗਰ ਦੇ ਵੱਲ ਦੇਖਦੇ ਹੋਏ ਨੇ ਮੋਢੇ ਹਿਲਾਉਂਦੇ ਹੋਏ ਨੇ ਕਹਿ ਦਿੱਤਾ ਸੀ।

"ਪ੍ਰੰਤੂ ਤੁਸੀਂ ਮੇਰੇ ਲਈ ਚੰਗੇ ਭੋਜਨ ਦੀ ਸਿਫ਼ਾਰਸ਼ ਤਾਂ ਕਰ ਸਕਦੇ ਹੋ।" ਅਸਗਰ ਨੇ ਬੜੀ ਨਿਮਰਤਾ ਭਰੀ ਆਵਾਜ਼ ਵਿਚ ਆਖਿਆ ਸੀ।

"ਕੀ ਤੁਸੀਂ ਸ਼ਾਕਾਹਾਰੀ ਹੋ ?" ਡਾਕਟਰ ਨੇ ਉਸ ਕੋਲੋਂ ਪੁੱਛਿਆ ਸੀ।

"ਨਹੀਂ।" ਅਸਗਰ ਨੇ ਸਿਰ ਹਿਲਾ ਕੇ ਜਵਾਬ ਦਿੱਤਾ ਸੀ।

"ਫਿਰ ਤੁਹਾਨੂੰ ਉਹ ਕੁਝ ਹੀ ਖਾਣਾ ਪਵੇਗਾ, ਜੋ ਕੁਝ ਤੁਹਾਨੂੰ ਇਸ ਵਕਤ ਮਿਲ ਰਿਹਾ ਹੈ। ਦੁੱਧ ਅਤੇ ਫਲਾਂ ਦੀ ਸਿਫ਼ਾਰਸ਼ ਮੈਂ ਸਿਰਫ਼ ਬੁੱਢਿਆਂ ਬੰਦਿਆਂ ਵਾਸਤੇ ਹੀ ਕਰ ਸਕਦਾ ਹਾਂ ਪ੍ਰੰਤੂ ਤੁਸੀਂ ਨੌਜਵਾਨ ਹੋ।" ਐਨਾ ਕਹਿ ਕੇ ਡਾਕਟਰ ਨੇ ਅਸਗਰ ਨੂੰ ਬਾਹਰ ਭੇਜ ਦਿੱਤਾ ਸੀ ਅਤੇ ਅਗਲੇ ਹਵਾਲਾਤੀ ਨੂੰ ਅੰਦਰ ਬੁਲਾ ਲਿਆ ਸੀ। ਨਿਰਾਸ਼ ਹੋਇਆ ਅਸਗਰ ਹਵਾਲਾਤ ਦੀ ਜ਼ਿੰਦਗੀ ਬਾਰੇ ਸੋਚ ਰਿਹਾ ਸੀ ਅਤੇ ਉਸਨੂੰ ਡਾਕਟਰ ਉੱਪਰ ਬੜਾ ਗੁੱਸਾ ਆ ਰਿਹਾ ਸੀ।

## 8

ਅਸਗਰ ਦੀ ਗ੍ਰਿਫ਼ਤਾਰੀ ਦੇ ਵਾਰੰਟ ਵਿਰੁੱਧ ਜਿਹੜੀ ਅਪੀਲ ਉਸਦੇ ਵਕੀਲਾਂ ਨੇ ਦਾਇਰ ਕੀਤੀ ਸੀ, ਅਦਾਲਤ ਨੇ ਉਸ ਬਾਰੇ ਆਪਣਾ ਫ਼ੈਸਲਾ ਦੇ ਦਿੱਤਾ ਸੀ। ਇਸ ਅਪੀਲ ਨੂੰ ਅਦਾਲਤ ਨੇ ਨਾਮੰਜ਼ੂਰ ਕਰ ਦਿੱਤਾ ਸੀ। ਅਦਾਲਤ ਨੇ ਆਪਣੇ ਫ਼ੈਸਲੇ ਵਿਚ ਆਖਿਆ ਸੀ ਕਿ ਮੁਜ਼ਰਮ ਨੂੰ ਹਵਾਲਾਤ ਦੇ ਅੰਦਰ ਹੀ ਰੱਖਕੇ ਮੁਕੱਦਮਾ ਚਲਾਇਆ ਜਾਵੇਗਾ। ਅਦਾਲਤ ਨੇ ਆਪਣੇ ਫ਼ੈਸਲੇ ਵਿਚ ਸਾਫ਼ ਤੌਰ ਉੱਤੇ ਇਹ ਵੀ ਲਿਖ ਦਿੱਤਾ ਸੀ ਕਿ ਜੇਕਰ ਮੁਜ਼ਰਮ ਨੂੰ ਹਵਾਲਾਤ ਤੋਂ ਬਾਹਰ ਰੱਖ ਕੇ ਉਸ ਉੱਪਰ ਮੁਕੱਦਮਾ ਚਲਾਇਆ ਗਿਆ, ਤਾਂ ਮੁਜ਼ਰਮ ਦੇ ਭੱਜ ਜਾਣ ਦਾ ਡਰ ਸੀ।

ਅਦਾਲਤ ਦੇ ਇਸ ਫ਼ੈਸਲੇ ਦੀ ਨਕਲ, ਅਸਗਰ ਦੇ ਵਕੀਲਾਂ ਨੇ ਉਸਨੂੰ ਡਾਕ ਰਾਹੀਂ ਭੇਜ ਦਿੱਤੀ ਸੀ। ਇਹਦੇ ਨਾਲ ਹੀ ਉਹਨਾਂ ਨੇ ਉਸਨੂੰ ਇਕ ਚਿੱਠੀ ਲਿਖੀ ਸੀ, ਜਿਸ ਵਿਚ ਲਿਖਿਆ ਹੋਇਆ ਸੀ,

"ਮਿਸਟਰ ਮੁਹੰਮਦ ਅਸਗਰ,

ਤੁਹਾਡੀ ਗ੍ਰਿਫ਼ਤਾਰੀ ਦੇ ਵਾਰੰਟ ਖਿਲਾਫ਼ ਆਪਾਂ ਜਿਹੜੀ ਅਪੀਲ ਕੀਤੀ ਸੀ, ਅਦਾਲਤ ਨੇ ਉਸਨੂੰ ਠੁਕਰਾ ਦਿੱਤਾ ਹੈ। ਤੁਹਾਨੂੰ ਨਿਰਾਸ਼ ਹੋਣ ਦੀ ਕੋਈ ਲੋੜ ਨਹੀਂ, ਆਪਾਂ ਹੁਣ ਵੱਡੀ ਅਦਾਲਤ ਵਿਚ ਇਸ ਬਾਰੇ ਅਪੀਲ ਕਰਾਂਗੇ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਸਾਨੂੰ ਇਸ ਵਿਚ ਕਾਮਯਾਬੀ ਮਿਲੇਗੀ। ਅਸੀਂ ਜਲਦੀ ਹੀ ਤੁਹਾਨੂੰ ਮਿਲਣ ਦੇ ਲਈ ਆਵਾਂਗੇ।"

ਅਦਾਲਤ ਦੇ ਇਸ ਫ਼ੈਸਲੇ ਨੂੰ ਪੜ੍ਹ ਕੇ ਅਸਗਰ ਨੂੰ ਕੋਈ ਦੁੱਖ ਨਹੀਂ ਸੀ ਹੋਇਆ। ਉਹ ਜਾਣਦਾ ਸੀ ਕਿ ਅਦਾਲਤੀ ਕਾਰਵਾਈ ਸਿਰਫ਼ ਇਕ ਵਿਖਾਵਾ ਹੀ ਸੀ, ਇਹ ਤਾਂ ਹਵਾਲਾਤੀਆਂ ਨੂੰ ਇਕ ਕਿਸਮ ਦਾ ਬੇਵਕੂਫ਼ ਬਣਾਉਣ ਦਾ ਉਪਰਾਲਾ ਹੀ ਸੀ। ਅਦਾਲਤ ਨੇ ਜੋ ਕੁਝ ਵੀ ਕਰਨਾ ਸੀ, ਉਹ ਕਰ ਹੀ ਦੇਣਾ ਸੀ, ਬਾਕੀ ਦੀਆਂ ਸਾਰੀਆਂ ਰਸਮਾਂ ਤਾਂ ਐਵੇਂ ਫੋਕੀਆਂ ਹੀ ਸਨ। ਅਸਗਰ ਨੂੰ ਆਪਣੇ ਮੁਕੱਦਮੇ ਬਾਰੇ ਹੋ ਰਹੀ ਅਦਾਲਤੀ ਕਾਰਵਾਈ ਦੇ ਨਾਲ ਬੇਹੱਦ ਨਫ਼ਰਤ ਸੀ।

ਅਸਗਰ ਨੂੰ ਅਦਾਲਤ ਦੇ ਕੋਲੋਂ ਕਿਸੇ ਵੀ ਕਿਸਮ ਦਾ ਕੋਈ ਡਰ ਨਹੀਂ ਸੀ ਲੱਗਦਾ। ਆਪਣੇ ਕੀਤੇ ਜ਼ੁਰਮ ਦੇ ਬਦਲੇ, ਅਦਾਲਤ ਦੇ ਫ਼ੈਸਲੇ ਦੀ ਉਸਨੂੰ ਭੋਰਾ ਵੀ ਚਿੰਤਾ ਨਹੀਂ ਸੀ। ਬਾਕੀ ਦੇ ਹਵਾਲਾਤੀ ਚਾਹੁੰਦੇ ਸਨ ਕਿ ਅਦਾਲਤ ਉਹਨਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਬਰੀ ਕਰ ਦੇਵੇ, ਉਹਨਾਂ ਨੂੰ ਸਜ਼ਾ ਹੋਣ ਤੋਂ ਬਹੁਤ ਹੀ ਜ਼ਿਆਦਾ ਡਰ ਲੱਗਦਾ ਸੀ। ਸਿਰਫ਼ ਅਸਗਰ ਹੀ ਇਕ ਅਜਿਹਾ ਹਵਾਲਾਤੀ ਸੀ,

ਜਿਹੜਾ ਚਾਹੁੰਦਾ ਸੀ ਕਿ ਅਦਾਲਤ ਉਸਨੂੰ ਵੱਧ ਤੋਂ ਵੱਧ ਸਜ਼ਾ ਦੇਵੇ। ਹਵਾਲਾਤ ਤੋਂ ਬਰੀ ਹੋ ਕੇ ਘਰ ਜਾਣ ਦੀ ਉਸਦੀ ਕੋਈ ਵੀ ਤਮੰਨਾ ਨਹੀਂ ਸੀ ਕਿਉਂਕਿ ਉਸਦੀ ਜ਼ਿੰਦਗੀ ਦੀਆਂ ਖ਼ੁਸ਼ੀਆਂ ਖ਼ਤਮ ਹੋ ਚੁੱਕੀਆਂ ਸਨ। ਉਸ ਕੋਲ ਹੁਣ ਸਿਰਫ਼ ਪਛਤਾਵਾ ਹੀ ਰਹਿ ਗਿਆ ਸੀ। ਉਸਦੀ ਜ਼ਿੰਦਗੀ ਵਿਚ ਕੋਈ ਦਿਲਚਸਪੀ ਨਹੀਂ ਸੀ ਰਹਿ ਗਈ। ਕਈ ਵਾਰ ਤਾਂ ਉਸਦਾ ਮਰਨ ਨੂੰ ਮਨ ਵੀ ਕਰਦਾ ਸੀ। ਹਵਾਲਾਤ ਦੇ ਅੰਦਰ ਉਸਨੂੰ ਆਪਣੇ ਘਰਦਿਆਂ ਦੀਆਂ ਚਿੱਠੀਆਂ ਅਕਸਰ ਮਿਲਦੀਆਂ ਹੀ ਰਹਿੰਦੀਆਂ ਸਨ। ਇਹ ਚਿੱਠੀਆਂ ਉਸ ਦੀਆਂ ਭੈਣਾਂ ਦੀਆਂ ਲਿਖੀਆਂ ਹੁੰਦੀਆਂ ਸਨ ਅਤੇ ਇਹਨਾਂ ਚਿੱਠੀਆਂ ਨੂੰ ਉਸਦੀ ਮਾਂ ਨਸੀਰਹ ਲਿਖਵਾਉਂਦੀ ਹੁੰਦੀ ਸੀ। ਆਮ ਤੌਰ ’ਤੇ ਇਹ ਚਿੱਠੀਆਂ ਕਾਫ਼ੀ ਲੰਬੀਆਂ ਹੁੰਦੀਆਂ ਸਨ। ਹਵਾਲਾਤੀਆਂ ਦੀਆਂ ਜਿੰਨੀਆਂ ਵੀ ਚਿੱਠੀਆਂ ਆਉਂਦੀਆਂ ਸਨ, ਉਹਨਾਂ ਉੱਪਰ ਸੈਂਸਰ ਲੱਗਾ ਹੋਇਆ ਸੀ। ਜੇਲ੍ਹ ਦੇ ਕਰਮਚਾਰੀ ਇਹਨਾਂ ਚਿੱਠੀਆਂ ਨੂੰ ਪੜ੍ਹ ਕੇ ਹੀ ਹਵਾਲਾਤੀਆਂ ਤੱਕ ਅਪੜਾਉਂਦੇ ਸਨ। ਹਵਾਲਾਤੀਆਂ ਨੂੰ ਇਹ ਵੀ ਹਦਾਇਤ ਸੀ ਕਿ ਉਹ ਜਿੰਨੀਆਂ ਵੀ ਚਿੱਠੀਆਂ ਲਿਖਦੇ ਹਨ, ਉਹਨਾਂ ਨੂੰ ਖੁੱਲ੍ਹਾ ਰੱਖਣ। ਹਵਾਲਾਤ ਦੇ ਕਰਮਚਾਰੀ ਇਹਨਾਂ ਨੂੰ ਪੜ੍ਹ ਕੇ ਫਿਰ ਬੰਦ ਕਰਕੇ ਡਾਕ ਵਿਚ ਪਾਉਂਦੇ ਸਨ। ਹਵਾਲਾਤੀ ਜਿਹੜੀਆਂ ਚਿੱਠੀਆਂ ਵਕੀਲਾਂ ਨੂੰ ਲਿਖਦੇ ਸਨ, ਉਹਨਾਂ ਉੱਪਰ ਕੋਈ ਵੀ ਪਾਬੰਦੀ ਨਹੀਂ ਸੀ। ਵਕੀਲਾਂ ਵਾਲੀਆਂ ਚਿੱਠੀਆਂ ਨੂੰ ਨਹੀਂ ਸੀ ਪੜ੍ਹਿਆ ਜਾਂਦਾ ਅਤੇ ਵਕੀਲਾਂ ਦੀਆਂ ਜਿਹੜੀਆਂ ਚਿੱਠੀਆਂ ਹਵਾਲਾਤੀਆਂ ਨੂੰ ਆਉਂਦੀਆਂ ਸਨ, ਉਹਨਾਂ ਉੱਪਰ ਵੀ ਕੋਈ ਸੈਂਸਰ ਨਹੀਂ ਸੀ ਲੱਗੀ ਹੋਈ। ਅਸਗਰ ਨੂੰ ਚਾਹੇਕਿ ਘਰ ਤੋਂ ਅਣਗਿਣਤ ਪੱਤਰ ਆਉਂਦੇ ਸਨ ਪ੍ਰੰਤੂ ਉਸਨੇ ਕਦੇ ਵੀ ਉਹਨਾਂ ਦਾ ਕੋਈ ਵੀ ਜਵਾਬ ਨਹੀਂ ਸੀ ਦਿੱਤਾ। ਕਈ ਵਾਰ ਉਸਦਾ ਜੀਅ ਕੀਤਾ ਸੀ ਕਿ ਉਹ ਟੈਲੀਫ਼ੋਨ ਦੁਆਰਾ ਆਪਣੇ ਘਰਦਿਆਂ ਦੇ ਨਾਲ ਗੱਲ ਬਾਤ ਕਰ ਲੈਂਦਾ ਪ੍ਰੰਤੂ ਕਈ ਵਾਰ ਉਸਨੂੰ ਆਪਣੇ ਆਪ ਉੱਪਰ ਬਹੁਤ ਜ਼ਿਆਦਾ ਗੁੱਸਾ ਆਉਂਦਾ ਸੀ ਕਿਉਂਕਿ ਫਾਤਮਾ ਨਾਲ ਨਿਕਾਹ ਕਰਵਾਉਣ ਤੋਂ ਬਾਅਦ ਉਸ ਦਾ ਆਪਣੇ ਘਰਦਿਆਂ ਦੇ ਨਾਲ ਵਰਤਾਉ ਬਹੁਤ ਰੁੱਖਾ ਹੋ ਗਿਆ ਸੀ। ਉਸਨੇ ਕਦੇ ਵੀ ਚੱਜ ਦੇ ਨਾਲ ਉਹਨਾਂ ਨੂੰ ਨਹੀਂ ਸੀ ਬੁਲਾਇਆ। ਉਹ ਉਹਨਾਂ ਦੀ ਬਹੁਤ ਜ਼ਿਆਦਾ ਅਣਗਹਿਲੀ ਕਰਨ ਲੱਗ ਪਿਆ ਸੀ। ਉਹ ਆਪਣੇ ਕੀਤੇ ਭੈੜੇ ਸਲੂਕ ਉੱਪਰ ਪਛਤਾ ਰਿਹਾ ਸੀ। ਫਾਤਮਾ ਨੂੰ ਹਾਸਲ ਕਰਕੇ ਉਹ ਆਪਣੇ ਘਰਦਿਆਂ ਨੂੰ ਭੁੱਲ ਗਿਆ ਸੀ ਪ੍ਰੰਤੂ ਫਿਰ ਵੀ ਉਸਦੇ ਘਰਦਿਆਂ ਨੇ ਇਸ ਚੀਜ਼ ਦਾ ਕੋਈ ਇਤਰਾਜ਼ ਨਹੀਂ ਸੀ ਕੀਤਾ। ਉਹ

ਸਾਰੇ ਉਸਨੂੰ ਪਹਿਲਾਂ ਜਿੰਨਾ ਹੀ ਪਿਆਰ ਕਰਦੇ ਸਨ ਪ੍ਰੰਤੂ ਅਸਗਰ ਨੂੰ ਜਦੋਂ ਪਿਛਲੇ ਸਮੇਂ ਦੀ ਯਾਦ ਆਉਂਦੀ ਸੀ ਤਾਂ ਸ਼ਰਮ ਦੇ ਨਾਲ ਉਸਦਾ ਸਿਰ ਝੁਕ ਜਾਂਦਾ ਸੀ। ਕਈ ਵਾਰ ਉਹ ਇਹ ਗੱਲ ਸੋਚਣ ਲੱਗ ਪੈਂਦਾ ਸੀ ਕਿ ਘਰਦਿਆਂ ਕੋਲ ਉਹ ਕਿਹੜਾ ਮੂੰਹ ਲੈ ਕੇ ਜਾਵੇਗਾ। ਫਿਰ ਵੀ ਕਈ ਵਾਰ ਉਹ ਮਹਿਸੂਸ ਕਰਦਾ ਸੀ ਕਿ ਉਹ ਆਪਣੀਆਂ ਗ਼ਲਤੀਆਂ ਬਾਰੇ ਉਹਨਾਂ ਦੇ ਕੋਲੋਂ ਮੁਆਫ਼ੀ ਮੰਗ ਲਵੇਗਾ। ਉਸਨੇ ਕਈ ਵਾਰ ਆਪਣੇ ਘਰਦਿਆਂ ਨੂੰ ਚਿੱਠੀ ਲਿਖਣ ਦੀ ਕੋਸ਼ਿਸ਼ ਕੀਤੀ ਸੀ ਪ੍ਰੰਤੂ ਚਾਹੁੰਣ ਦੇ ਬਾਵਜੂਦ ਵੀ ਉਹ ਉਹਨਾਂ ਨੂੰ ਕੋਈ ਚਿੱਠੀ ਨਹੀਂ ਸੀ ਲਿਖ ਸਕਿਆ। ਉਹ ਚਿੱਠੀ ਲਿਖਣ ਤੋਂ ਬਹੁਤ ਝਿਜਕਦਾ ਸੀ।

ਅਸਗਰ ਨੇ ਹਵਾਲਾਤ ਦੇ ਮੁਖੀ ਨੂੰ ਇਕ ਅਰਜ਼ੀ ਲਿਖ ਦਿੱਤੀ ਸੀ, ਜਿਸ ਵਿਚ ਉਸਨੇ ਉਸਨੂੰ ਬੇਨਤੀ ਕੀਤੀ ਸੀ ਕਿ ਉਸਨੂੰ ਆਪਣੇ ਘਰਦਿਆਂ ਦੇ ਨਾਲ ਕੁਝ ਦੇਰ ਤੱਕ ਟੈਲੀਫ਼ੋਨ ਰਾਹੀਂ ਗੱਲ ਬਾਤ ਕਰਨ ਦੀ ਆਗਿਆ ਦਿੱਤੀ ਜਾਵੇ ਪ੍ਰੰਤੂ ਉਸਦੀ ਇਸ ਬੇਨਤੀ ਨੂੰ ਵੀ ਠੁਕਰਾ ਦਿੱਤਾ ਗਿਆ ਸੀ। ਹਵਾਲਾਤ ਦੇ ਮੁਖੀ ਨੇ ਉਸਦੀ ਬੇਨਤੀ ਦੇ ਜਵਾਬ ਵਿਚ ਲਿਖਿਆ ਸੀ ਕਿ ਉਹ ਜੋ ਕੁਝ ਵੀ ਆਪਣੇ ਘਰਦਿਆਂ ਨੂੰ ਕਹਿਣਾ ਚਾਹੁੰਦਾ ਹੈ, ਚਿੱਠੀ ਵਿਚ ਲਿਖ ਦੇਵੇ। ਅਸਗਰ ਨੂੰ ਇਹ ਪੜ੍ਹਕੇ ਬੜੀ ਹੈਰਾਨਗੀ ਹੋਈ ਸੀ। ਉਸਦੀ ਕਿਸੇ ਵੀ ਬੇਨਤੀ ਨੂੰ ਪੂਰਾ ਨਹੀਂ ਸੀ ਕੀਤਾ ਗਿਆ। ਉਸਨੂੰ ਆਪਣੀ ਜ਼ਿੰਦਗੀ ਦੇ ਵਿਚ ਪਹਿਲੀ ਵਾਰ ਗ਼ੁਲਾਮੀ ਦਾ ਤਜ਼ਰਬਾ ਹਾਸਲ ਹੋਇਆ ਸੀ।

ਨਸੀਰਹ ਆਪਣੇ ਪੁੱਤਰ ਨੂੰ ਦੇਖਣ ਦੇ ਲਈ ਬੜੀ ਵਿਆਕੁਲ ਸੀ। ਉਹ ਵਕੀਲ ਨੂੰ ਨਾਲ ਲਿਜਾ ਕੇ ਕਈ ਵਾਰ ਜੱਜ ਨੂੰ ਮਿਲ ਵੀ ਚੁੱਕੀ ਸੀ। ਉਹ ਜਦੋਂ ਵੀ ਜੱਜ ਦੇ ਸਾਹਮਣੇ ਜਾਂਦੀ ਸੀ ਤਾਂ ਰੋਣ ਲੱਗ ਜਾਂਦੀ ਸੀ ਅਤੇ ਰੋਂਦੀ ਹੋਈ ਜੱਜ ਅੱਗੇ ਹੱਥ ਬੰਨ੍ਹ ਕੇ ਬੇਨਤੀ ਕਰਦੀ ਸੀ ਕਿ ਉਸਦੀ ਉਸਦੇ ਪੁੱਤਰ ਦੇ ਨਾਲ ਮੁਲਾਕਾਤ ਕਰਵਾ ਦਿੱਤੀ ਜਾਵੇ ਪ੍ਰੰਤੂ ਜੱਜ ਨੇ ਕਈ ਵਾਰ ਉਸਦੀ ਬੇਨਤੀ ਨੂੰ ਠੁਕਰਾਇਆ ਸੀ।

ਅਖ਼ੀਰ ਜੱਜ ਦੇ ਮਨ ਪਤਾ ਨਹੀਂ ਕਿਵੇਂ ਮਿਹਰ ਪੈ ਗਈ ਸੀ, ਉਸਨੇ ਨਸੀਰਹ ਨੂੰ ਅੱਧੇ ਘੰਟੇ ਵਾਸਤੇ ਅਸਗਰ ਦੇ ਨਾਲ ਮੁਲਾਕਾਤ ਕਰਨ ਦੀ ਆਗਿਆ ਦੇ ਦਿੱਤੀ ਸੀ। ਨਸੀਰਹ ਦੇ ਦਿਲ ਨੂੰ ਇਸ ਨਾਲ ਕੁਝ ਧਰਵਾਸ ਮਿਲੀ ਸੀ। ਜੱਜ ਨੇ ਉਸਨੂੰ ਇਹ ਚਿਤਾਵਨੀ ਵੀ ਦੇ ਦਿੱਤੀ ਸੀ ਕਿ ਮੁਲਾਕਾਤ ਦੇ ਦੌਰਾਨ ਉਹ ਅਸਗਰ ਦੇ ਨਾਲ ਮੁਕੱਦਮੇ ਬਾਰੇ ਕੋਈ ਵੀ ਗੱਲ ਨਾ ਕਰੇ। ਨਸੀਰਹ ਇਸ ਗੱਲ ਨਾਲ ਸਹਿਮਤ ਹੋ ਗਈ ਸੀ ਕਿਉਂਕਿ ਉਹ ਤਾਂ ਸਿਰਫ਼ ਆਪਣੇ ਪੁੱਤਰ ਨੂੰ ਮਿਲਣਾ ਹੀ ਚਾਹੁੰਦੀ ਸੀ।

ਨਸੀਰਹ ਨੂੰ ਮੁਲਾਕਾਤ ਦਾ ਸਮਾਂ ਦੱਸ ਦਿੱਤਾ ਗਿਆ ਸੀ ਅਤੇ ਮਿੱਥੇ ਸਮੇਂ ਤੋਂ ਕਾਫ਼ੀ ਸਮਾਂ ਪਹਿਲਾਂ ਉਹ ਹਵਾਲਾਤ ਦੇ ਸਾਹਮਣੇ ਪਹੁੰਚ ਚੁੱਕੀ ਸੀ ਅਤੇ ਅਸਗਰ ਨੂੰ ਮਿਲਣ ਦੇ ਲਈ ਉਹ ਬੜੀ ਬੇਚੈਨੀ ਦੇ ਨਾਲ ਉਡੀਕ ਕਰ ਰਹੀ ਸੀ। ਸਮਾਂ ਹੋਣ ’ਤੇ ਨਸੀਰਹ ਨੂੰ ਹਵਾਲਾਤ ਦੇ ਅੰਦਰ ਬੁਲਾ ਲਿਆ ਗਿਆ ਸੀ। ਪੁਲੀਸ ਦੀਆਂ ਦੋ ਔਰਤਾਂ ਨੇ ਉਸਦੀ ਤਲਾਸ਼ੀ ਲਈ ਸੀ। ਫਿਰ ਉਸਨੂੰ ਮੁਲਾਕਾਤ ਵਾਲੇ ਕਮਰੇ ਵਿਚ ਲਿਜਾਇਆ ਗਿਆ ਸੀ। ਜਿਉਂ ਹੀ ਅਸਗਰ ਨਸੀਰਹ ਦੇ ਸਾਹਮਣੇ ਆਇਆ ਸੀ, ਉਹ ਉਸਨੂੰ ਆਪਣੀ ਗਲਵਕੜੀ ਵਿਚ ਲੈ ਕੇ ਉੱਚੀ-ਉੱਚੀ ਆਵਾਜ਼ ਵਿਚ ਰੋਣ ਲੱਗ ਪਈ ਸੀ। ਅਸਗਰ ਦੇ ਨਾਲ ਆਏ ਹੋਏ ਸਿਪਾਹੀਆਂ ਨੇ ਨਸੀਰਹ ਨੂੰ ਰੋਣ ਤੋਂ ਵਰਜ ਦਿੱਤਾ ਸੀ ਪ੍ਰੰਤੂ ਫਿਰ ਵੀ ਨਸੀਰਹ ਦੇ ਕੋਲੋਂ ਆਪਣੇ ਆਪ ਉੱਪਰ ਕਾਬੂ ਨਹੀਂ ਸੀ ਪਾਇਆ ਜਾਂਦਾ। ਉਹ ਆਪਣੇ ਪੁੱਤਰ ਦੇ ਨਾਲ ਲਿਪਟੀ ਹੋਈ ਬੇਸ਼ੁਮਾਰ ਹੰਝੂ ਕੇਰ ਰਹੀ ਸੀ। ਅਸਗਰ ਵੀ ਆਪਣੀ ਮਾਂ ਨੂੰ ਦੇਖ ਕੇ ਉਦਾਸ ਹੋ ਗਿਆ ਸੀ ਪ੍ਰੰਤੂ ਫਿਰ ਵੀ ਉਸਨੇ ਆਪਣੀਆਂ ਅੱਖਾਂ ਵਿਚੋਂ ਅੱਥਰੂ ਨਹੀਂ ਸਨ ਵਹਿਣ ਦਿੱਤੇ। ਉਹ ਚੁੱਪ ਕੀਤਾ ਆਪਣੀ ਮਾਂ ਨੂੰ ਕਲਾਵੇ ਵਿਚ ਲੈ ਕੇ ਖੜ੍ਹਾ ਸੀ ਅਤੇ ਆਪਣੀਆਂ ਸੋਚਾਂ ਵਿਚ ਗੁਆਚਿਆ ਹੋਇਆ ਸੀ। ਕੁਝ ਦੇਰ ਤੱਕ ਨਸੀਰਹ ਲਗਾਤਾਰ ਰੋਂਦੀ ਰਹੀ ਸੀ ਫਿਰ ਉਸਨੂੰ ਯਾਦ ਆਇਆ ਸੀ ਕਿ ਉਸ ਕੋਲ ਸਿਰਫ਼ ਅੱਧੇ ਘੰਟੇ ਦਾ ਹੀ ਸਮਾਂ ਸੀ, ਜੇਕਰ ਉਹ ਇਸ ਸਮੇਂ ਨੂੰ ਰੋ ਕੇ ਹੀ ਗੁਜ਼ਾਰ ਦਿੰਦੀ ਸੀ ਤਾਂ ਉਸ ਕੋਲ ਆਪਣੇ ਪੁੱਤਰ ਦੇ ਨਾਲ ਗੱਲਾਂ ਕਰਨ ਦੇ ਲਈ ਕੋਈ ਸਮਾਂ ਨਹੀਂ ਸੀ ਬਚਣਾ।

ਨਸੀਰਹ ਆਪਣੇ ਪੁੱਤਰ ਦੇ ਨਾਲ ਰੱਜ ਕੇ ਗੱਲਾਂ ਕਰਨੀਆਂ ਚਾਹੁੰਦੀ ਸੀ। ਇਸ ਲਈ ਉਸਨੇ ਹੋਰ ਜ਼ਿਆਦਾ ਦੇਰ ਤੱਕ ਰੋਣਾ ਮੁਨਾਸਬ ਨਹੀਂ ਸੀ ਸਮਝਿਆ। ਉਸਦਾ ਰੋਣਾ ਸਿਸਕੀਆਂ ਵਿਚ ਬਦਲ ਗਿਆ ਸੀ ਅਤੇ ਉਹ ਸਿਸਕਦੀ ਹੋਈ ਆਵਾਜ਼ ਵਿਚ ਰੁਮਾਲ ਦੇ ਨਾਲ ਆਪਣੀਆਂ ਅੱਖਾਂ ਨੂੰ ਪੂੰਝਦੀ ਹੋਈ ਅਸਗਰ ਦੇ ਕੋਲੋਂ ਪੁੱਛ ਰਹੀ ਸੀ,

“ਪੁ...ਪੁ......ਪੁੱਤਰ.....ਤੇ....ਤੇਰੀ.....ਸਿਹ......ਸਿਹਤ.......ਨ.......ਨੂੰ... ....ਕ.......ਕ.......ਕੀ.......ਹੋ.......ਗਿਆ ?”

“.....................” ਅਸਗਰ ਨੇ ਕੋਈ ਜਵਾਬ ਨਹੀਂ ਸੀ ਦਿੱਤਾ।

“ਬੋਲ ਪੁੱਤਰ, ਤੂੰ ਬੋਲਦਾ ਕਿਉਂ ਨਹੀਂ ? ਤੇਰਾ ਸਾਡੇ ਨਾਲ ਕਾਹਦਾ ਗੁੱਸਾ ਹੈ ? ਦੱਸ ਤੇਰੀ ਸਿਹਤ ਨੂੰ ਕੀ ਹੋ ਗਿਆ ਹੈ ? ਤੂੰ ਐਨਾ ਮਾੜਾ ਕਿਉਂ ਹੋ ਗਿਆ ਏਂ ?”

ਨਸੀਰਹ ਨੇ ਉਦਾਸ ਚਿਹਰੇ ਦੇ ਨਾਲ ਅਸਗਰ ਦੇ ਮੂੰਹ ਵੱਲ ਦੇਖਦੀ ਹੋਈ ਨੇ ਪੁੱਛਿਆ ਸੀ।

"ਅੰਮੀ, ਮੈਂ ਬਿਲਕੁਲ ਠੀਕ ਠਾਕ ਹਾਂ। ਮੇਰੀ ਸਿਹਤ ਚੰਗੀ ਭਲੀ ਹੈ।" ਅਸਗਰ ਨੇ ਕੁਝ ਸੋਚਦੇ ਹੋਏ ਨੇ ਜਵਾਬ ਦਿੱਤਾ ਸੀ।

"ਨਹੀਂ ਪੁੱਤਰ, ਤੂੰ ਝੂਠ ਬੋਲ ਰਿਹਾ ਏਂ। ਤੂੰ ਤੇ ਸੁੱਕ ਕੇ ਤੀਲੇ ਵਰਗਾ ਹੋ ਗਿਆ ਏਂ। ਤੇਰੀ ਸਿਹਤ ਤਾਂ ਬਹੁਤ ਸੋਹਣੀ ਹੁੰਦੀ ਸੀ, ਪਤਾ ਨਹੀਂ ਕਿਹੜੇ ਚੰਦਰੇ ਦੀ ਤੈਨੂੰ ਨਿਗਾਹ ਲੱਗ ਗਈ ਸੀ। ਤੂੰ ਤੇ ਹੁਣ ਪਛਾਣਿਆ ਹੀ ਨਹੀਂ ਜਾਂਦਾ। ਤੇਰਾ ਤੇ ਸੁੱਖ ਦੇ ਨਾਲ ਸੇਬ ਵਰਗਾ ਲਾਲ ਰੰਗ ਹੁੰਦਾ ਸੀ, ਪਤਾ ਨਹੀਂ ਉਸ ਕਾਲੇ ਮੂੰਹ ਵਾਲੀ ਨੇ ਤੈਨੂੰ ਕੀ ਕਰ ਦਿੱਤਾ ਸੀ? ਉਹ ਤੇਰੇ ਨਾਲ ਚਾਲਾਂ ਖੇਡਦੀ ਰਹੀ ਪ੍ਰੰਤੂ ਤੂੰ ਉਹਨੂੰ ਫਿਰ ਵੀ ਨਾ ਸਮਝ ਸਕਿਆ। ਨਿਕਾਹ ਹੋਣ ਤੋਂ ਪਹਿਲਾਂ ਮੈਂ ਤੈਨੂੰ ਬਥੇਰਾ ਵਰਜਿਆ ਸੀ, ਜੇਕਰ ਤੂੰ ਮੇਰਾ ਕਿਹਾ ਮੰਨਿਆ ਹੁੰਦਾ ਤਾਂ ਅੱਜ ਅਸੀਂ ਸਾਰੇ ਐਨੇ ਜ਼ਿਆਦਾ ਦੁਖੀ ਨਾ ਹੁੰਦੇ। ਮੈਨੂੰ ਤਾਂ ਉਹਦੀਆਂ ਸਾਰੀਆਂ ਕਰਤੂਤਾਂ ਬਾਰੇ ਪਹਿਲਾਂ ਹੀ ਸਾਰਾ ਕੁਝ ਪਤਾ ਸੀ, ਪਰੰਤੂ ਪਤਾ ਨਹੀਂ ਉਸ ਖੋਟੇ ਦਿਲ ਵਾਲੀ ਨੇ ਤੇਰੇ ਸਿਰ ਕੀ ਪਾਇਆ ਹੋਇਆ ਸੀ? ਪੁੱਤਰ, ਤੂੰ ਅਜੇ ਵੀ ਅੱਲਾਹ ਦਾ ਸ਼ੁਕਰ ਕਰ ਕਿ ਵੇਲੇ ਸਿਰ ਤੈਨੂੰ ਉਹਦੇ ਤੋਂ ਛੁਟਕਾਰਾ ਮਿਲ ਗਿਆ। ਮੈਂ ਤਾਂ ਦਿਨ ਰਾਤ ਇਹ ਹੀ ਸੋਚਦੀ ਹਾਂ ਕਿ ਖ਼ਬਰੇ ਉਹਦੇ ਦਿਲ ਵਿਚ ਕੀ ਸੀ? ਪੁੱਤਰ ਜਿਹੜੇ ਉਹਦੇ ਚਾਲੇ ਸਨ, ਉਸਨੇ ਤੈਨੂੰ ਲੋਕਾਂ ਦੇ ਕੋਲੋਂ ਮਰਵਾ ਦੇਣਾ ਸੀ। ਮੈਂ ਤਾਂ ਇਹ ਹੀ ਸ਼ੁਕਰ ਕਰਦੀ ਹਾਂ ਕਿ ਤੇਰੀ ਜਾਨ ਬਚ ਗਈ।" ਨਸੀਰਹ ਉਦਾਸੀ ਭਰੀ ਆਵਾਜ਼ ਵਿਚ ਲਗਾਤਾਰ ਬੋਲਦੀ ਜਾ ਰਹੀ ਸੀ ਅਤੇ ਉਹ ਅਸਗਰ ਦੇ ਚਿਹਰੇ ਉੱਪਰ ਹੱਥ ਫੇਰ ਰਹੀ ਸੀ।

"ਅੰਮੀ, ਐਵੇਂ ਬਹੁਤਾ ਨਹੀਂ ਸੋਚੀਦਾ ਹੁੰਦਾ, ਜੋ ਅੱਲਾਹ ਤਾਅਲਾ ਨੂੰ ਮੰਜ਼ੂਰ ਹੈ, ਉਹ ਹੀ ਹੋਵੇਗਾ। ਅਸੀਂ ਉਹਦੀ ਇੱਛਾ ਵਿਰੁੱਧ ਕੁਝ ਨਹੀਂ ਕਰ ਸਕਦੇ।" ਅਸਗਰ ਨੇ ਗਲਾ ਸਾਫ਼ ਕਰਦੇ ਹੋਏ ਨੇ ਕਿਹਾ ਸੀ।

"ਪੁੱਤਰ, ਤੂੰ ਕਿਸੇ ਗੱਲ ਦਾ ਗ਼ਮ ਨਹੀਂ ਕਰਨਾ। ਜੋ ਹੋਣਾ ਸੀ, ਉਹ ਤਾਂ ਹੋ ਗਿਆ ਹੈ। ਮੈਂ ਤਾਂ ਤੇਰੀ ਤੰਦਰੁਸਤੀ ਦੇ ਲਈ ਅੱਲਾਹ ਮੀਆਂ ਅੱਗੇ ਦਿਨ ਰਾਤ ਹੱਥ ਜੋੜਦੀ ਰਹਿੰਦੀ ਹਾਂ। ਬੇਟਾ, ਮੈਂ ਤਾਂ ਉਸ ਘੜੀ ਦੀ ਬੜੀ ਬੇਸਬਰੀ ਦੇ ਨਾਲ ਉਡੀਕ ਕਰ ਰਹੀ ਹਾਂ ਕਿ ਤੂੰ ਜਲਦੀ-ਜਲਦੀ ਇਸ ਨਰਕ ਵਿਚੋਂ ਨਿਕਲ ਕੇ ਬਾਹਰ ਆਵੇਂ ਅਤੇ ਅਸੀਂ ਦੂਜੇ ਦਿਨ ਹੀ ਤੇਰਾ ਨਿਕਾਹ ਕਿਸੇ ਖ਼ਾਨਦਾਨੀ ਲੜਕੀ ਦੇ ਨਾਲ ਪੜ੍ਹਾ ਦੇਵਾਂਗੇ।" ਨਸੀਰਹ ਅਸਗਰ ਦੇ ਮੂੰਹ ਵੱਲ ਦੇਖਦੀ ਹੋਈ ਆਖ ਰਹੀ ਸੀ।

"ਕਿਉਂ, ਅੰਮੀ ਜਾਨ, ਤੁਹਾਡਾ ਪਹਿਲੇ ਨਿਕਾਹ ਦੇ ਨਾਲ ਮਨ ਨਹੀਂ ਭਰਿਆ? ਮੇਰੇ ਕੋਲੋਂ ਤੇ ਅਜੇ ਪਹਿਲੇ ਨਿਕਾਹ ਵਾਲੇ ਲੱਡੂ ਹੀ ਖ਼ਤਮ ਨਹੀਂ ਹੁੰਦੇ। ਮੈਂ ਤੇ ਉਸ ਵਕਤ ਉੱਪਰ ਪਛਤਾ ਰਿਹਾ ਹਾਂ, ਜਿਸ ਘੜੀ ਮੈਂ ਨਿਕਾਹ ਕਰਵਾਉਣ ਬਾਰੇ ਸੋਚਿਆ ਸੀ। ਅੰਮੀ, ਇਨਸਾਨ ਜ਼ਿੰਦਗੀ ਵਿਚ ਇਕ ਵਾਰ ਹੀ ਗ਼ਲਤੀ ਕਰ ਸਕਦਾ ਹੈ, ਮੁੜ-ਮੁੜ ਉਹਨਾਂ ਗ਼ਲਤੀਆਂ ਨੂੰ ਨਹੀਂ ਦੁਹਰਾ ਸਕਦਾ। ਮੈਂ ਤਾਂ ਆਪਣੀ ਇਸ ਗ਼ਲਤੀ ਨੂੰ ਕਈ ਜਨਮਾਂ ਤੱਕ ਨਹੀਂ ਭੁਲਾਵਾਂਗਾ।" ਅਸਗਰ ਨੇ ਬੜੀ ਹੌਲੀ ਆਵਾਜ਼ ਵਿਚ ਆਖਿਆ ਸੀ ਅਤੇ ਉਹ ਆਪਣੇ ਮਨ ਵਿਚ ਕਿਸੇ ਪੀੜ ਦਾ ਅਨੁਭਵ ਕਰ ਰਿਹਾ ਸੀ। ਸੱਚ ਹੀ ਉਸਨੂੰ ਆਪਣੇ ਨਿਕਾਹ ਬਾਰੇ ਕੀਤੇ ਫ਼ੈਸਲੇ ਉੱਪਰ ਬਹੁਤ ਜ਼ਿਆਦਾ ਪਛਤਾਵਾ ਸੀ।

"ਪੁੱਤਰ, ਜਦੋਂ ਵੀ ਜ਼ਿੰਦਗੀ ਵਿਚ ਕੋਈ ਕੰਮ ਕਰੀਏ, ਸਿਆਣਿਆਂ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ। ਮੈਂ ਤੈਨੂੰ ਉਦੋਂ ਤੇਰੇ ਭਲੇ ਵਾਸਤੇ ਹੀ ਰੋਕਦੀ ਸੀ। ਮੈਂ ਤੇਰੀ ਕੋਈ ਦੁਸ਼ਮਣ ਨਹੀਂ ਸੀ, ਤੇਰੀ ਅੰਮੀ ਸੀ। ਮੈਨੂੰ ਉਸ ਕੁੱਤੀ ਤੀਵੀਂ ਬਾਰੇ ਸਾਰਾ ਕੁਝ ਪਤਾ ਸੀ ਤਾਂ ਹੀ ਮੈਂ ਤੇਰੇ ਨਾਲ ਉਸ ਕੁੜੀ ਦਾ ਨਿਕਾਹ ਕਰਨ ਲਈ ਸਹਿਮਤ ਨਹੀਂ ਸੀ। ਤੈਨੂੰ ਚੰਗੀਆਂ ਕੁੜੀਆਂ ਦਾ ਕੋਈ ਘਾਟਾ ਨਹੀਂ ਸੀ। ਤੂੰ ਚੰਗੇ-ਚੰਗੇ ਖ਼ਾਨਦਾਨਾਂ ਦੀਆਂ ਧੀਆਂ ਦੇ ਰਿਸ਼ਤੇ ਮੋੜੇ। ਜੇਕਰ ਤੂੰ ਠੰਢੇ ਦਿਮਾਗ਼ ਨਾਲ ਮੇਰੀ ਗੱਲ ਸੁਣ ਲਈ ਹੁੰਦੀ ਤਾਂ ਅੱਜ ਸਾਡਾ ਵਿਹੜਾ ਖ਼ੁਸ਼ੀਆਂ ਦੇ ਨਾਲ ਭਰਿਆ ਹੋਣਾ ਸੀ। ਤੂੰ ਸੀਖ਼ਾਂ ਅੰਦਰ ਏਂ ਅਤੇ ਅਸੀਂ ਸਾਰਾ ਟੱਬਰ ਤੇਰੀ ਚਿੰਤਾ ਵਿਚ ਤੇਰੇ ਨਾਲੋਂ ਵੀ ਵੱਧ ਦੁਖੀ ਹਾਂ। ਪੁੱਤਰ, ਜਿਸ ਦਿਨ ਦਾ ਅਸੀਂ ਤੇਰੇ ਬਾਰੇ ਸੁਣਿਆ ਹੈ, ਸਾਨੂੰ ਤਾਂ ਖਾਣ-ਪੀਣ ਦੀ ਵੀ ਕੋਈ ਹੋਸ਼ ਨਹੀਂ। ਨਾ ਰਾਤ ਨੂੰ ਚੱਜ ਦੇ ਨਾਲ ਨੀਂਦ ਆਉਂਦੀ ਹੈ। ਸਾਰੀ ਸਾਰੀ ਰਾਤ ਮੈਂ ਤੇਰੇ ਬਾਰੇ ਹੀ ਸੋਚਦੀ ਰਹਿੰਦੀ ਹਾਂ। ਪਤਾ ਨਹੀਂ ਪਿਛਲੇ ਜਨਮ ਕਿਹੜੇ ਗੁਨਾਹ ਸਾਡੇ ਕੋਲੋਂ ਹੋ ਗਏ ਸਨ, ਜਿਹਨਾਂ ਦੀ ਸਜ਼ਾ ਸਾਨੂੰ ਇਸ ਜਨਮ ਵਿਚ ਮਿਲ ਰਹੀ ਹੈ? ਸਾਨੂੰ ਤੇ ਇਸ ਵਕਤ ਕੁਝ ਨਹੀਂ ਸੁੱਝਦਾ ਕਿ ਕੀ ਕਰੀਏ, ਕੀ ਨਾ ਕਰੀਏ? ਸਾਡੀ ਐਨੀ ਦੇਰ ਤੋਂ ਬਣਾਈ ਹੋਈ ਇੱਜ਼ਤ ਵੀ ਮਿੱਟੀ ਵਿਚ ਮਿਲ ਗਈ ਹੈ। ਅਸੀਂ ਕਦੇ ਕਿਸੇ ਦੀ ਕੋਈ ਗੱਲ ਨਹੀਂ ਸੀ ਸੁਣੀ ਅਤੇ ਹੁਣ ਪਤਾ ਨਹੀਂ ਲੋਕ ਕੀ-ਕੀ ਗੱਲਾਂ ਬਣਾਉਂਦੇ ਹੋਣਗੇ? ਪੁੱਤਰ, ਤੈਨੂੰ ਭਲਾ ਉਹਨੂੰ ਜਾਨੋਂ ਮਾਰਨ ਦੀ ਕੀ ਲੋੜ ਸੀ? ਤੂੰ ਚੁੱਪ ਕਰਕੇ ਉਹਨੂੰ ਆਪਣੇ ਘਰੋਂ ਬਾਹਰ ਕੱਢ ਦਿੰਦਾ, ਉਹ ਜਿੱਥੇ ਮਰਜ਼ੀ ਖੇਹ ਖਾਂਦੀ ਫਿਰਦੀ। ਜਾਨੋਂ ਮਾਰਨ ਦੇ ਨਾਲੋਂ ਉਹਨੂੰ ਤਲਾਕ ਦੇ ਦਿੰਦਾ ਅਤੇ ਉਹਦੀਆਂ ਅੱਖਾਂ ਵੀ ਖੁੱਲ੍ਹ ਜਾਂਦੀਆਂ ਜਦੋਂ ਉਹਨੂੰ ਥਾਂ-ਥਾਂ

ਦੀਆਂ ਠੋਕਰਾਂ ਖਾਣੀਆਂ ਪੈਂਦੀਆਂ। ਉਹ ਕੰਜਰੀ ਆਪ ਤੇ ਮਰ ਮੁੱਕ ਗਈ ਹੈ ਅਤੇ ਮੇਰੇ ਹੀਰੇ ਵਰਗੇ ਪੁੱਤਰ ਦੀ ਜ਼ਿੰਦਗੀ ਗਾਲਣ ਦੇ ਲਈ ਇਸ ਨਰਕ ਵਿਚ ਛੱਡ ਗਈ ਹੈ। ਪੁੱਤਰ, ਅਸੀਂ ਤਾਂ ਤੈਨੂੰ ਛੁਡਾਉਣ ਦੇ ਲਈ ਬਥੇਰੀ ਵਾਹ ਲਾਉਂਦੇ ਹਾਂ ਪਰੰਤੂ ਕੀ ਕਰੀਏ ? ਇਸ ਵੇਲੇ ਤਾਂ ਸਾਡੀ ਕੋਈ ਪੇਸ਼ ਨਹੀਂ ਜਾਂਦੀ, ਅਸੀਂ ਬਹੁਤ ਕੁਝ ਕਰਨਾ ਚਾਹੁੰਦੇ ਹਾਂ ਪ੍ਰੰਤੂ ਕੁਝ ਵੀ ਨਹੀਂ ਕਰ ਸਕਦੇ।" ਨਸੀਰਹ ਅਸਗਰ ਨੂੰ ਸਮਝਾਉਂਦੀ ਹੋਈ ਲਗਾਤਾਰ ਬੋਲੀ ਜਾ ਰਹੀ ਸੀ।

"ਅੰਮੀ, ਮੈਨੂੰ ਕੁਝ ਨਹੀਂ ਹੋਣ ਲੱਗਾ। ਤੁਸੀਂ ਮੇਰੇ ਬਾਰੇ ਕੋਈ ਚਿੰਤਾ ਨਹੀਂ ਕਰਨੀ। ਮੈਂ ਜੋ ਕੁਝ ਵੀ ਕੀਤਾ ਹੈ, ਉਸ ਦੀ ਸਜ਼ਾ ਭੁਗਤਣ ਨੂੰ ਤਿਆਰ ਹਾਂ। ਮੈਂ ਮਰਦ ਹਾਂ ਅਤੇ ਕਦੇ ਵੀ ਪਿੱਠ ਨਹੀਂ ਵਿਖਾਵਾਂਗਾ।" ਅਸਗਰ ਨੇ ਬੜੇ ਹੌਂਸਲੇ ਭਰੀ ਆਵਾਜ਼ ਵਿਚ ਕਿਹਾ ਸੀ।

"ਪੁੱਤਰ, ਅੱਲਾਹ ਤਾਅਲਾ ਤੈਨੂੰ ਸਹੀ ਸਲਾਮਤ ਰੱਖੇ। ਤੂੰ ਇਕ ਵਾਰ ਬਾਹਰ ਆ ਅਤੇ ਮੈਂ ਤੇਰਾ ਨਿਕਾਹ ਕਿਸੇ ਚੰਗੀ ਜਿਹੀ ਕੁੜੀ ਦੇ ਨਾਲ ਪੜ੍ਹਾ ਕੇ ਆਪਣੇ ਸਾਰੇ ਚਾਅ ਪੂਰੇ ਕਰਨੇ ਹਨ। ਵੇਖ ਪੁੱਤਰ, ਹੁਣ ਤੂੰ ਮੈਨੂੰ ਇਨਕਾਰ ਨਾ ਕਰੀਂ, ਮੈਂ ਤੈਨੂੰ ਤੇਰੀ ਪਸੰਦ ਦੀ ਕੁੜੀ ਹੀ ਲੱਭ ਕੇ ਦੇਵਾਂਗੀ।" ਨਸੀਰਹ ਅਸਗਰ ਦੇ ਮੂੰਹ ਵੱਲ ਦੇਖਦੀ ਹੋਈ ਆਖ ਰਹੀ ਸੀ।

"ਅੰਮੀ, ਸੱਚ ਪੁੱਛੋ ਤਾਂ ਮੈਨੂੰ ਨਿਕਾਹ ਸ਼ਬਦ ਦੇ ਨਾਲ ਵੀ ਸਖ਼ਤ ਨਫ਼ਰਤ ਹੋ ਗਈ ਹੈ। ਮੈਂ ਜਦੋਂ ਵੀ ਇਸ ਲਫ਼ਜ਼ ਨੂੰ ਸੁਣਦਾ ਹਾਂ ਤਾਂ ਮੇਰੇ ਮਨ ਵਿਚ ਅਜੀਬ ਕਿਸਮ ਦੀ ਹਲਚਲ ਪੈਦਾ ਹੋ ਜਾਂਦੀ ਹੈ।" ਅਸਗਰ ਇਕ ਪਾਸੇ ਦੇਖਦਾ ਹੋਇਆ ਆਖ ਰਿਹਾ ਸੀ। ਉਹ ਕੁਝ ਸੋਚ ਰਿਹਾ ਸੀ।

"ਪਰੰਤੂ ਪੁੱਤਰ ਕਿਉਂ ? ਤੈਨੂੰ ਇਹ ਲਫ਼ਜ਼ ਚੰਗਾ ਕਿਉਂ ਨਹੀਂ ਲੱਗਦਾ ? ਅਜੇ ਤਾਂ ਪੁੱਤਰ ਤੇਰੀ ਉਮਰ ਬਹੁਤ ਥੋੜ੍ਹੀ ਹੈ, ਫਿਰ ਤੂੰ ਹੋਰ ਨਿਕਾਹ ਕਰਵਾਉਣ ਦੇ ਬਾਰੇ ਕਿਉਂ ਨਹੀਂ ਸੋਚਦਾ ?" ਨਸੀਰਹ ਬੜੀ ਹੈਰਾਨਗੀ ਦੇ ਨਾਲ ਅਸਗਰ ਵੱਲ ਦੇਖਦੀ ਹੋਈ ਪੁੱਛ ਰਹੀ ਸੀ।

"ਕਿਉਂਕਿ ਮੈਨੂੰ ਔਰਤ ਜਾਤ ਦੇ ਨਾਲ ਬਹੁਤ ਜ਼ਿਆਦਾ ਘ੍ਰਿਣਾ ਹੋ ਗਈ ਹੈ। ਤੁਸੀਂ ਸੱਚ ਪੁੱਛੋ ਤਾਂ ਮੈਂ ਤੁਹਾਨੂੰ ਆਪਣੇ ਦਿਲ ਦੀ ਦੱਸ ਦਿੰਦਾ ਹਾਂ। ਮੈਂ ਤਾਂ ਕਿਸੇ ਕੁੜੀ ਦਾ ਮੂੰਹ ਤੱਕ ਨਹੀਂ ਦੇਖਣਾ ਚਾਹੁੰਦਾ।" ਅਸਗਰ ਨੇ ਥੋੜ੍ਹੀ ਗੰਭੀਰਤਾ ਦੇ ਨਾਲ ਆਖ ਦਿੱਤਾ ਸੀ।

"ਪੁੱਤਰ, ਮੈਂ ਤਾਂ ਹੈਰਾਨ ਹਾਂ ਕਿ ਤੈਨੂੰ ਕੀ ਹੋ ਗਿਆ ਹੈ? ਤੂੰ ਤੇ ਫਾਤਮਾ ਤੋਂ ਬਿਨਾਂ ਇਕ ਪਲ ਵੀ ਨਹੀਂ ਸੀ ਗੁਜ਼ਾਰਦਾ ਹੁੰਦਾ। ਉਹ ਵੀ ਤਾਂ ਇਕ ਕੁੜੀ ਸੀ। ਫਿਰ ਤੈਨੂੰ ਹੋਰ ਕੁੜੀਆਂ ਕਿਉਂ ਨਹੀਂ ਚੰਗੀਆਂ ਲੱਗਦੀਆਂ? ਦੇਖ ਪੁੱਤਰ, ਸਿਆਣਾ ਬਣ। ਤੂੰ ਜਵਾਨ ਏਂ। ਜੀਵਨ ਸਾਥੀ ਤੋਂ ਬਗ਼ੈਰ ਜ਼ਿੰਦਗੀ ਗੁਜ਼ਾਰਨੀ ਸੌਖੀ ਨਹੀਂ। ਤੂੰ ਜ਼ਿੰਦਗੀ ਵਿਚ ਠੋਕਰ ਖਾ ਲਈ ਹੈ, ਇਸ ਲਈ ਤੇਰਾ ਮਨ ਖੱਟਾ ਹੋ ਗਿਆ ਹੈ। ਦੇਖ ਪੁੱਤਰ, ਸਾਰੀਆਂ ਕੁੜੀਆਂ ਇਕੋ ਜਿਹੀਆਂ ਨਹੀਂ ਹੁੰਦੀਆਂ। ਦੁਨੀਆਂ ਵਿਚ ਚੰਗੇ ਮਾੜੇ ਹਰ ਕਿਸਮ ਦੇ ਲੋਕ ਮਿਲਦੇ ਹਨ। ਤੂੰ ਇਕ ਵਾਰ ਹਾਂ ਤੇ ਕਰ, ਤੇਰੇ ਲਈ ਮੈਂ ਹੂਰਾਂ ਵਰਗੀ ਕੁੜੀ ਦੀ ਚੋਣ ਕਰਾਂਗੀ, ਜਿਹੜੀ ਤੇਰੀ ਦਿਨ ਰਾਤ ਸੇਵਾ ਕਰਿਆ ਕਰੇਗੀ, ਜਿਹੜੀ ਤੇਰੇ ਸੁੱਖ-ਦੁੱਖ ਵਿਚ ਸਹਾਈ ਹੋਵੇਗੀ। ਪੁੱਤਰ, ਤੈਨੂੰ ਜੀਵਨ ਸਾਥੀ ਦੇ ਕੋਲੋਂ ਪਿਆਰ ਨਹੀਂ ਮਿਲਿਆ। ਜੇਕਰ ਤੈਨੂੰ ਉਸ ਕਾਲੇ ਮੂੰਹ ਵਾਲੀ ਨੇ ਮੁਹੱਬਤ ਕੀਤੀ ਹੁੰਦੀ ਤਾਂ ਅੱਜ ਤੇਰੀ ਹਾਲਤ ਕੁਝ ਹੋਰ ਹੋਣੀ ਸੀ। ਨਾਲੇ ਉਹਦਾ ਤਾਂ ਸਾਰਿਆਂ ਨੂੰ ਪਹਿਲਾਂ ਹੀ ਚੰਗੀ ਤਰ੍ਹਾਂ ਪਤਾ ਸੀ, ਉਹਦੇ ਕੋਲੋਂ ਕੀ ਉਮੀਦ ਰੱਖੀ ਜਾ ਸਕਦੀ ਸੀ?" ਨਸੀਰਹ ਆਪਣੇ ਪੁੱਤਰ ਨੂੰ ਸਮਝਾਉਂਦੀ ਹੋਈ ਕਹਿ ਰਹੀ ਸੀ।

"ਅੰਮੀ, ਦੁਨੀਆਂ ਵਿਚ ਪਿਆਰ ਨਾਂ ਦੀ ਕੋਈ ਚੀਜ਼ ਨਹੀਂ। ਇਹ ਤਾਂ ਸਿਰਫ਼ ਆਪਣੇ ਆਪ ਨੂੰ ਧੋਖਾ ਦੇਣ ਵਾਲੀ ਹੀ ਗੱਲ ਹੈ। ਇਸ ਦੁਨੀਆਂ ਵਿਚ ਕੋਈ ਕਿਸੇ ਦਾ ਨਹੀਂ। ਇਹ ਸਾਕ, ਨਾਤੇ, ਰਿਸ਼ਤੇਦਾਰੀਆਂ, ਸਭ ਮਾਇਆ ਦੇ ਬੰਧਨ ਵਿਚ ਬੱਝੇ ਹੋਏ ਹਨ। ਜਿਸ ਇਨਸਾਨ ਕੋਲ ਧਨ ਦੌਲਤ ਹੈ, ਉਸਦਾ ਹਰ ਥਾਂ ਸਤਿਕਾਰ ਹੁੰਦਾ ਹੈ ਅਤੇ ਉਸ ਨਾਲ ਪਿਆਰ ਦੇ ਨਾਟਕ ਵੀ ਖੇਡੇ ਜਾਂਦੇ ਹਨ। ਜਦੋਂ ਤੱਕ ਇਨਸਾਨ ਕੋਲ ਦੌਲਤ ਹੁੰਦੀ ਹੈ, ਉਸਨੂੰ ਝੂਠੀ ਮੁਹੱਬਤ ਵੀ ਹਾਸਲ ਹੁੰਦੀ ਹੈ ਅਤੇ ਝੂਠਾ ਸਤਿਕਾਰ ਵੀ। ਅੰਮੀ, ਅਸੀਂ ਲੋਕ ਪਾਖੰਡੀ ਹਾਂ, ਜੋ ਹਰ ਚੀਜ਼ ਦਾ ਵਿਖਾਵਾ ਕਰਦੇ ਹਾਂ, ਅਸੀਂ ਉਪਰੋਂ ਕੁਝ ਹੋਰ ਹੁੰਦੇ ਹਾਂ ਅਤੇ ਸਾਡੇ ਦਿਲਾਂ ਵਿਚ ਕੁਝ ਹੋਰ ਹੁੰਦਾ ਹੈ। ਅੰਮੀ, ਮੈਂ ਤਾਂ ਇੱਕ ਗੱਲ ਹੀ ਜਾਣਦਾ ਹਾਂ ਕਿ ਇਨਸਾਨ ਇਸ ਦੁਨੀਆਂ ਵਿਚ ਇਕੱਲਾ ਹੀ ਆਉਂਦਾ ਹੈ ਅਤੇ ਇਕੱਲਾ ਹੀ ਇਸ ਦੁਨੀਆਂ ਤੋਂ ਜਾਂਦਾ ਹੈ ਫਿਰ ਗ਼ੈਰਾਂ ਦੇ ਨਾਲ ਮੁਹੱਬਤ ਦੇ ਚਿੱਕੜ ਵਿਚ ਕਿਉਂ ਫਸਿਆ ਜਾਵੇ? ਮੈਂ ਜ਼ਿੰਦਗੀ ਦੇ ਵਿਚ ਸਿਰਫ਼ ਇਕ ਹੀ ਕੁੜੀ ਨੂੰ ਚਾਹਿਆ ਸੀ, ਉਹਦੇ ਨਾਲ ਦਿਲੋਂ ਮੁਹੱਬਤ ਕੀਤੀ ਸੀ, ਉਸਦੀ ਹਰ ਇੱਛਾ ਨੂੰ ਪੂਰੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਮੈਂ ਉਸ ਨਾਲ ਰੱਜ ਕੇ ਵਫ਼ਾ ਕੀਤੀ ਸੀ ਪ੍ਰੰਤੂ ਉਸਨੇ ਮੇਰੀ ਜ਼ਿੰਦਗੀ ਬਰਬਾਦ ਕਰਨ ਦੇ ਵਿਚ ਇਕ ਮਿੰਟ ਵੀ ਨਾ ਲਾਇਆ। ਉਸਨੇ ਇਹ ਵੀ ਨਾ ਸੋਚਿਆ ਕਿ ਮੇਰਾ ਉਹਦੇ ਨਾਲ ਕੋਈ

ਰਿਸ਼ਤਾ ਸੀ, ਮੇਰਾ ਉਹਦੇ ਨਾਲ ਕੋਈ ਨਾਤਾ ਸੀ। ਅੰਮੀ, ਗੱਲਾਂ ਕਰਨੀਆਂ ਬਹੁਤ ਸੌਖੀਆਂ ਹੁੰਦੀਆਂ ਹਨ ਅਤੇ ਉਹਨਾਂ ਉੱਤੇ ਪੂਰਾ ਉਤਰਨਾ ਕੋਈ ਆਸਾਨ ਕੰਮ ਨਹੀਂ ਹੁੰਦਾ। ਮੇਰੇ ਨਾਲ ਉਸ ਕੁੜੀ ਨੇ ਬੇਵਫ਼ਾਈ ਕੀਤੀ ਹੈ ਅਤੇ ਇਸ ਬਦਲੇ ਮੈਂ ਆਪਣੀ ਵਫ਼ਾ ਨੂੰ ਕੁਰਬਾਨ ਨਹੀਂ ਕਰਾਂਗਾ। ਮੈਂ ਆਪਣੀ ਇਸ ਵਫ਼ਾ ਨੂੰ ਸਾਂਭ-ਸਾਂਭ ਕੇ ਰੱਖਾਂਗਾ ਅਤੇ ਦੁਨੀਆਂ ਵਾਲਿਆਂ ਨੂੰ ਇਹ ਗੱਲ ਸਿੱਧ ਕਰ ਦਿਆਂਗਾ ਕਿ ਸੱਚੀ ਮੁਹੱਬਤ ਅਜੇ ਜੀਊਂਦੀ ਹੈ। ਉਸ ਕੁੜੀ ਨੇ ਮੇਰਾ ਕੀ ਹਾਲ ਕਰ ਛੱਡਿਆ ਹੈ, ਅੰਮੀ ਜਾਨ, ਇਸ ਚੀਜ਼ ਬਾਰੇ ਤੁਸੀਂ ਅੰਦਾਜ਼ਾ ਵੀ ਨਹੀਂ ਲਗਾ ਸਕਦੇ। ਮੇਰੇ ਕੋਲੋਂ ਬੋਲਿਆ ਵੀ ਨਹੀਂ ਜਾਂਦਾ। ਉਸ ਬੇਦਰਦ ਨੇ ਮੇਰੇ ਉੱਪਰ ਕੋਈ ਰਹਿਮ ਨਹੀਂ ਕੀਤਾ। ਮੈਨੂੰ ਜਦੋਂ ਵੀ ਉਹਦੇ ਬਾਰੇ ਖ਼ਿਆਲ ਆਉਂਦਾ ਹੈ ਤਾਂ ਮੇਰਾ ਜਿਸਮ ਮਿੱਟੀ ਦੀ ਢੇਰੀ ਵਾਂਗ ਬਣ ਜਾਂਦਾ ਹੈ, ਫਿਰ ਮੇਰੇ ਕੋਲੋਂ ਉੱਠਿਆ ਵੀ ਨਹੀਂ ਜਾਂਦਾ। ਅੰਮੀ, ਮੈਨੂੰ ਦੁਨੀਆਂ ਦੇ ਵਿਚ ਕੋਈ ਇਕ ਵੀ ਅਜਿਹਾ ਇਨਸਾਨ ਨਹੀਂ ਦਿੱਸਦਾ, ਜੋ ਮੇਰੀ ਹਾਲਤ ਨੂੰ ਸਮਝ ਸਕੇ। ਜਿਸ ਕੋਲ ਮੈਂ ਆਪਣੇ ਜਿਗਰ ਦਾ ਦਰਦ ਫੋਲ ਕੇ ਆਪਣੇ ਮਨ ਨੂੰ ਕੁਝ ਹੌਂਸਲਾ ਦੇ ਸਕਾਂ। ਕਈ ਵਾਰ ਤੇ ਮੈਂ ਸੋਚਦਾ ਹਾਂ ਕਿ ਮੈਨੂੰ ਇਸ ਧਰਤੀ ਉੱਪਰ ਜੀਊਣ ਦਾ ਕੋਈ ਵੀ ਹੱਕ ਨਹੀਂ। ਮੈਨੂੰ ਹੁਣ ਤੱਕ ਮਰ ਹੀ ਜਾਣਾ ਚਾਹੀਦਾ ਸੀ। ਅੰਮੀ ਜਾਨ, ਤੁਸੀਂ ਮੇਰੇ ਹੋਰ ਨਿਕਾਹ ਬਾਰੇ ਸੋਚ ਰਹੇ ਹੋ। ਕੋਈ ਅਕਲ ਦਾ ਕੰਮ ਕਰੋ। ਜਿਹੜਾ ਨਰਕ ਮੈਂ ਇਸ ਵੇਲੇ ਹੰਢਾ ਰਿਹਾ ਹਾਂ, ਉਸਨੂੰ ਦੁਆਰਾ ਹੰਢਾਉਣ ਦੀ ਮੇਰੇ ਵਿਚ ਹਿੰਮਤ ਨਹੀਂ ਰਹੀ। ਮੰਨ ਲਵੋ, ਤੁਸੀਂ ਮੇਰਾ ਦੁਆਰਾ ਕਿਸੇ ਹੋਰ ਕੁੜੀ ਦੇ ਨਾਲ ਨਿਕਾਹ ਪੜ੍ਹਾ ਦਿੰਦੇ ਹੋ, ਫਿਰ ਜੇਕਰ ਉਹ ਕੁੜੀ ਵੀ ਉਹੋ ਜਿਹੀ ਨਿਕਲੀ, ਫਿਰ ਮੈਂ ਉਹਦੀ ਵੀ ਅਲਖ ਮੁਕਾਵਾਂਗਾ। ਆਖ਼ਰ ਇਹ ਸਿਲਸਿਲਾ ਕਦੋਂ ਤੱਕ ਚੱਲਦਾ ਰਹੇਗਾ? ਵੈਸੇ ਵੀ ਮੇਰੇ ਮਨ ਵਿਚ ਔਰਤ ਦੇ ਲਈ ਨਫ਼ਰਤ ਪੈਦਾ ਹੋ ਗਈ ਹੈ। ਮੈਂ ਤਾਂ ਕਿਸੇ ਕੁੜੀ ਦਾ ਚਿਹਰਾ ਦੇਖਣ ਬਾਰੇ ਵੀ ਨਹੀਂ ਸੋਚ ਸਕਦਾ, ਫਿਰ ਨਿਕਾਹ ਦੀ ਗੱਲ ਤਾਂ ਬਹੁਤ ਦੂਰ ਦੀ ਹੈ। ਅੰਮੀ, ਮੇਰਾ ਖ਼ਿਆਲ ਹੈ ਕਿ ਤੁਹਾਨੂੰ ਮੇਰੇ ਬਾਰੇ ਭੁੱਲ ਜਾਣਾ ਚਾਹੀਦਾ ਹੈ। ਤੁਸੀਂ ਇਹ ਹੀ ਸਮਝ ਲੈਣਾ ਕਿ ਤੁਹਾਡੇ ਘਰ ਇਕ ਪੁੱਤਰ ਨੇ ਜਨਮ ਜ਼ਰੂਰ ਲਿਆ ਸੀ ਪ੍ਰੰਤੂ ਉਸਦੀ ਜਵਾਨੀ ਵਿਚ ਹੀ ਮੌਤ ਹੋ ਗਈ ਸੀ। ਵੈਸੇ ਵੀ ਮੈਂ ਬਹੁਤੀ ਦੇਰ ਤੱਕ ਜੀਊਂਦਾ ਨਹੀਂ ਰਹਿਣਾ।" ਅਸਗਰ ਲਗਾਤਾਰ ਬੋਲੀ ਜਾ ਰਿਹਾ ਸੀ। ਨਸੀਰਹ ਨੇ ਉਸਦੇ ਮੂੰਹ ਦੇ ਅੱਗੇ ਹੱਥ ਕਰਕੇ ਉਸਨੂੰ ਹੋਰ ਬੋਲਣ ਤੋਂ ਰੋਕ ਦਿੱਤਾ ਸੀ। ਜਦੋਂ ਉਸਦਾ ਪੁੱਤਰ ਇਹੋ ਜਿਹੀਆਂ ਗੱਲਾਂ ਕਰਦਾ ਸੀ

ਤਾਂ ਉਸਦੇ ਦਿਲ ਨੂੰ ਬਹੁਤ ਜ਼ਿਆਦਾ ਦੁੱਖ ਪਹੁੰਚਦਾ ਸੀ। ਉਹ ਉਦਾਸ ਚਿਹਰੇ ਦੇ ਨਾਲ ਆਖ ਰਹੀ ਸੀ,

"ਪੁੱਤਰ, ਤੂੰ ਇਹੋ ਜਿਹੀਆਂ ਗੱਲਾਂ ਕਿਉਂ ਕਰਦਾ ਏਂ? ਕਮਲਾ ਨਾ ਬਣ, ਸਿਆਣੇ ਬਣੀਂਦਾ ਏ। ਤੇਰੀ ਇਸ ਹੂੜ ਮੱਤ ਨੇ ਤਾਂ ਅੱਜ ਸਾਨੂੰ ਇੱਥੇ ਤੱਕ ਪਹੁੰਚਾਇਆ ਹੈ। ਤੂੰ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਮੇਰਾ ਦਿਲ ਨਾ ਤੋੜ, ਮੇਰੇ ਵਿਚ ਇਹਨਾਂ ਨੂੰ ਸੁਣਨ ਦੀ ਹਿੰਮਤ ਨਹੀਂ ਰਹੀ। ਮੈਂ ਤਾਂ ਪਤਾ ਨਹੀਂ ਆਪਣਾ ਆਪ ਕਿਸ ਤਰ੍ਹਾਂ ਲਈ ਫਿਰਦੀ ਹਾਂ। ਪੁੱਤਰ, ਜ਼ਿੰਦਗੀ ਵਿਚ ਕਦੇ ਵੀ ਮੈਂ ਮਾੜੇ ਦਿਨ ਨਹੀਂ ਸਨ ਦੇਖੇ, ਸਿਰਫ਼ ਤੂੰ ਹੀ ਮੈਨੂੰ ਦੁੱਖ ਦਿਖਾਏ ਹਨ। ਜੇਕਰ ਤੂੰ ਉਦੋਂ ਕੁਝ ਅਕਲ ਕਰਕੇ ਸਾਡੇ ਆਖੇ ਲੱਗਿਆ ਹੁੰਦਾ, ਅੱਜ ਅਸੀਂ ਸਾਰੇ ਹੱਸਦੇ ਖੇਡਦੇ ਹੁੰਦੇ। ਦੱਸ, ਤੇਰੇ ਵਿਚ ਕਿਹੜੀ ਕਮੀ ਸੀ? ਤੇਰੇ ਵਿਚ ਕਿਹੜੀ ਖ਼ਾਮੀ ਸੀ? ਤੂੰ ਉਸ ਕੰਜਰੀ ਉੱਪਰ ਅਜਿਹਾ ਡੁੱਲ੍ਹ ਗਿਆ ਸੀ ਕਿ ਤੈਨੂੰ ਆਪਣੀ ਅੰਮੀ, ਅੱਬਾ ਅਤੇ ਭੈਣਾਂ ਤੱਕ ਭੁੱਲ ਗਈਆਂ। ਦੱਸ, ਅਸੀਂ ਤੇਰੇ ਨਾਲ ਕਿਹੜੀ ਮਾੜੀ ਕੀਤੀ ਸੀ? ਅਸੀਂ ਪੁੱਤਰ, ਤੇਰੇ ਕੋਲੋਂ ਪੈਸਿਆਂ ਦੀ ਕੋਈ ਉਮੀਦ ਨਹੀਂ ਰੱਖਦੇ, ਕਿਤੇ ਇਹ ਨਾ ਸੋਚੀਂ ਕਿ ਅਸੀਂ ਕਿਤੇ ਮਤਲਬ ਦੇ ਲਈ ਹੀ ਤੈਨੂੰ ਪਿਆਰ ਕਰਦੇ ਹਾਂ। ਅਸੀਂ ਆਪਣੀ ਰੋਟੀ ਕਮਾਉਣ ਜੋਗੇ ਹੈਗੇ ਹਾਂ। ਅੱਲਾਹ ਸਾਨੂੰ ਇਸ ਤਰ੍ਹਾਂ ਚੱਲਦੇ ਫਿਰਦੇ ਹੀ ਰੱਖੇ। ਪੁੱਤਰ, ਤੂੰ ਸਾਡਾ ਖ਼ੂਨ ਏਂ, ਤੇਰੇ ਤੋਂ ਬਿਨਾਂ ਮੈਨੂੰ ਘਰ ਉਦਾਸ ਜਿਹਾ ਨਜ਼ਰ ਆਉਂਦਾ ਹੈ। ਸੁੱਖ ਦੇ ਨਾਲ ਤੇਰੀਆਂ ਦੋ ਭੈਣਾਂ ਮੁਟਿਆਰਾਂ ਹਨ, ਫਿਰ ਉਹਨਾਂ ਦੇ ਨਿਕਾਹ ਬਾਰੇ ਵੀ ਚਿੰਤਾ ਲੱਗੀ ਰਹਿੰਦੀ ਹੈ। ਇੱਥੇ ਚੰਗੇ ਰਿਸ਼ਤੇ ਲੱਭਣੇ ਸੁਖਾਲੇ ਨਹੀਂ। ਤੂੰ ਤੇ ਮੁੰਡਾ ਸੀ, ਤੇਰਾ ਤਾਂ ਸਰ ਗਿਆ ਪਰੰਤੂ ਜੇਕਰ ਕੁੜੀਆਂ ਦੇ ਨਾਲ ਇਸ ਤਰ੍ਹਾਂ ਵਾਪਰ ਜਾਂਦਾ ਫਿਰ ਅਸੀਂ ਕੀ ਕਰਦੇ? ਜਵਾਨ ਧੀਆਂ ਨੂੰ ਆਪਣੇ ਘਰੀਂ ਨਹੀਂ ਰੱਖਿਆ ਜਾਂਦਾ ਪ੍ਰੰਤੂ ਤੈਨੂੰ ਉਹਨਾਂ ਬਾਰੇ ਵੀ ਕੋਈ ਚਿੰਤਾ ਕਰਨ ਦੀ ਲੋੜ ਨਹੀਂ, ਅਸੀਂ ਆਪ ਹੀ ਜਿੰਨੀ ਕੁ ਸਾਡੇ ਵਿਚ ਪਹੁੰਚ ਹੋਵੇਗੀ, ਉਹਨਾਂ ਦੇ ਨਿਕਾਹਾਂ ਉੱਪਰ ਖ਼ਰਚ ਕਰ ਦੇਵਾਂਗੇ। ਤੂੰ ਸਿਰਫ਼ ਆਪਣਾ ਹੀ ਸੋਚ। ਪੁੱਤਰ, ਅਸੀਂ ਤੇਰਾ ਘਰ ਵਸਿਆ ਹੋਇਆ ਦੇਖਣਾ ਚਾਹੁੰਦੇ ਹਾਂ। ਬੇਸ਼ੱਕ ਤੂੰ ਸਾਡੇ ਨਾਲੋਂ ਅਲੱਗ ਹੀ ਰਹਿ, ਸਾਨੂੰ ਇਸ ਵਿਚ ਕੋਈ ਵੀ ਇਤਰਾਜ਼ ਨਹੀਂ ਪ੍ਰੰਤੂ ਪੁੱਤਰ, ਤੈਨੂੰ ਅਸੀਂ ਸਾਰੇ ਖ਼ੁਸ਼ ਹੀ ਦੇਖਣਾ ਚਾਹੁੰਦੇ ਹਾਂ।" ਨਸੀਰਹ ਅਸਗਰ ਨੂੰ ਸਮਝਾਉਂਦੀ ਹੋਈ ਆਖ ਰਹੀ ਸੀ। ਅਸਗਰ ਸੋਚਾਂ ਵਿਚ ਪਿਆ ਹੋਇਆ ਆਪਣੀ ਮਾਂ ਦੀਆਂ ਗੱਲਾਂ ਨੂੰ ਸੁਣ ਰਿਹਾ ਸੀ।

ਮੁਲਾਕਾਤ ਦਾ ਸਮਾਂ ਖ਼ਤਮ ਹੋ ਚੁੱਕਾ ਸੀ ਪ੍ਰੰਤੂ ਨਸੀਰਹ ਦਾ ਅਜੇ ਆਪਣੇ ਪੁੱਤਰ ਦੇ ਨਾਲ ਗੱਲਾਂ ਕਰਕੇ ਮਨ ਨਹੀਂ ਸੀ ਭਰਿਆ। ਉਹ ਉਹਦੇ ਨਾਲ ਹੋਰ ਵੀ ਬਹੁਤ ਸਾਰੀਆਂ ਗੱਲਾਂ ਕਰਨੀਆਂ ਚਾਹੁੰਦੀ ਸੀ ਪ੍ਰੰਤੂ ਅਸਗਰ ਦੇ ਨਾਲ ਆਏ ਹੋਏ ਸਿਪਾਹੀ ਉੱਠ ਖੜੇ ਹੋਏ ਸਨ ਅਤੇ ਉਹਨਾਂ ਨੇ ਅਸਗਰ ਨੂੰ ਵੀ ਤੁਰਨ ਦੇ ਲਈ ਆਖ ਦਿੱਤਾ ਸੀ। ਤੁਰਨ ਤੋਂ ਪਹਿਲਾਂ ਨਸੀਰਹ ਨੇ ਉਸਨੂੰ ਪੁੱਛਿਆ ਸੀ,

"ਪੁੱਤਰ, ਹੋਰ ਤੈਨੂੰ ਪੈਸਿਆਂ ਦੀ ਕੋਈ ਲੋੜ ਹੋਵੇ ਤਾਂ ਦੱਸ? ਅਸੀਂ ਵਕੀਲ ਨੂੰ ਤੈਨੂੰ ਖਾਣ ਵਾਲਾ ਸਾਮਾਨ ਭੇਜਣ ਦੇ ਲਈ ਪੁੱਛਿਆ ਸੀ ਪ੍ਰੰਤੂ ਉਸਨੇ ਦੱਸਿਆ ਸੀ ਕਿ ਇਸ ਚੀਜ਼ ਦੀ ਮਨਾਹੀ ਹੈ ਇਸ ਲਈ ਤੈਨੂੰ ਹਰ ਵੀਕ ਕੁਝ ਪੌਂਡ ਭੇਜ ਦਿਆ ਕਰਾਂਗੇ, ਤੂੰ ਅੰਦਰੋਂ ਆਪਣੀ ਮਨਪਸੰਦ ਦੀ ਹਰ ਚੀਜ਼ ਲੈ ਕੇ ਖਾ ਲਿਆ ਕਰੀਂ। ਹੋਰ ਤੇਰੇ ਲਈ ਨਵੇਂ ਡਰੈੱਸ ਲੈ ਕੇ ਪਾਰਸਲ ਕਰ ਦੇਈਏ?"

"ਨਹੀਂ ਅੰਮੀ ਜਾਨ, ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਤੁਸੀਂ ਫ਼ਿਕਰ ਨਹੀਂ ਕਰਨਾ ਮੇਰੇ ਬਾਰੇ, ਜੋ ਹੋਣਾ ਹੈ ਉਹ ਹੋ ਹੀ ਜਾਣਾ ਹੈ।" ਐਨਾ ਕਹਿ ਕੇ ਅਸਗਰ ਆਪਣੇ ਨਾਲ ਆਏ ਹੋਏ ਸਿਪਾਹੀਆਂ ਦੇ ਨਾਲ ਆਪਣੀ ਕੋਠੜੀ ਵੱਲ ਨੂੰ ਚੱਲ ਪਿਆ ਸੀ। ਨਸੀਰਹ ਬਹੁਤ ਉਦਾਸ ਸੀ ਅਤੇ ਉਹ ਆਪਣੀਆਂ ਅੱਖਾਂ ਪੂੰਝਦੀ ਹੋਈ ਆਪਣੇ ਘਰ ਨੂੰ ਵਾਪਸ ਮੁੜ ਗਈ ਸੀ।

# 9

ਇਕ ਇਕ ਦਿਨ ਕਰਕੇ ਹਫ਼ਤੇ ਅਤੇ ਹਫ਼ਤਿਆਂ ਬਾਅਦ ਮਹੀਨੇ ਗੁਜ਼ਰਦੇ ਗਏ ਸਨ। ਅਸਗਰ ਦੇ ਲਈ ਇਹਨਾਂ ਮਹੀਨਿਆਂ ਦਾ ਸਮਾਂ ਸਦੀਆਂ ਵਰਗਾ ਲੰਬਾ ਸੀ ਜਿਹੜਾ ਮੁੱਕਣ ਵਿਚ ਹੀ ਨਹੀਂ ਸੀ ਆਉਂਦਾ। ਉਸਨੂੰ ਕਈ ਵਾਰ ਅਦਾਲਤ ਵਿਚ ਬੁਲਾਇਆ ਗਿਆ ਸੀ। ਉਸਦਾ ਮੁਕੱਦਮਾ ਵੱਡੀ ਅਦਾਲਤ ਵਿਚ ਚੱਲ ਰਿਹਾ ਸੀ ਅਤੇ ਇਸ ਮੁਕੱਦਮੇ ਦਾ ਫ਼ੈਸਲਾ ਪੰਜ ਜੱਜਾਂ ਨੇ ਮਿਲਕੇ ਕਰਨਾ ਸੀ। ਇਹ ਅਦਾਲਤ ਸਿਰਫ਼ ਖ਼ੂਨ ਅਤੇ ਕਤਲ ਆਦਿ ਦੇ ਮੁਕੱਦਮਿਆਂ ਬਾਰੇ ਹੀ ਫ਼ੈਸਲੇ ਕਰਦੀ ਸੀ। ਫਾਤਮਾ ਦੇ ਖ਼ੂਨ ਵੇਲੇ ਹੋਈ ਵਾਰਦਾਤ ਬਾਰੇ ਮੌਕੇ ਦਾ ਕੋਈ ਵੀ ਗਵਾਹ ਨਹੀਂ ਸੀ। ਪੁਲੀਸ ਰਿਪੋਰਟ ਅਤੇ ਡਾਕਟਰੀ ਰਿਪੋਰਟ ਵੀ ਅਦਾਲਤ ਦੇ ਕੋਲ ਪਹੁੰਚ ਚੁੱਕੀ ਸੀ। ਇਸ ਤੋਂ ਇਲਾਵਾ ਅਦਾਲਤ ਨੂੰ ਹੋਰ ਜਿਹੜੀਆਂ ਚੀਜ਼ਾਂ ਵੀ ਉਸ ਸੰਬੰਧ ਵਿਚ ਲੋੜੀਂਦੀਆਂ ਸਨ, ਉਹ ਸਭ ਪਹੁੰਚ ਚੁੱਕੀਆਂ ਸਨ, ਇਹਨਾਂ ਵਸਤਾਂ ਵਿਚ ਉਹ ਹਥੌੜਾ ਵੀ ਸ਼ਾਮਲ ਸੀ ਜਿਸ ਨਾਲ ਅਸਗਰ ਨੇ ਫਾਤਮਾ ਨੂੰ ਜਾਨੋਂ ਮਾਰਿਆ ਸੀ। ਅਸਗਰ ਦੀਆਂ ਚਿੱਠੀਆਂ ਜਿਹੜੀਆਂ ਉਸਨੇ ਪਾਕਿਸਤਾਨ ਤੋਂ ਫਾਤਮਾ ਨੂੰ ਲਿਖੀਆਂ ਸਨ, ਉਹ ਵੀ ਅਦਾਲਤ ਕੋਲ ਪਹੁੰਚ ਗਈਆਂ ਸਨ।

ਅਸਗਰ ਨੂੰ ਹਰ ਹਫ਼ਤੇ ਆਪਣੇ ਘਰ ਤੋਂ ਪੈਸੇ ਆਉਂਦੇ ਰਹਿੰਦੇ ਸਨ। ਇਹ ਪੈਸੇ ਬੈਂਕ ਰਾਹੀਂ ਆਉਂਦੇ ਸਨ ਅਤੇ ਉਸਦੇ ਖਾਤੇ ਵਿਚ ਜਮ੍ਹਾਂ ਹੋ ਜਾਂਦੇ ਸਨ ਪ੍ਰੰਤੂ ਉਸਨੇ ਕਦੇ ਵੀ ਕੋਈ ਧਨ ਨਹੀਂ ਸੀ ਖ਼ਰਚਿਆ। ਹਵਾਲਾਤ ਵਿਚ ਇਕ ਛੋਟੀ ਜਿਹੀ ਦੁਕਾਨ ਸੀ, ਜਿੱਥੇ ਖਾਣ-ਪੀਣ ਦਾ ਸਾਮਾਨ ਅਤੇ ਹੋਰ ਚਿੱਠੀਆਂ ਵਗ਼ੈਰਾ ਲਿਖਣ ਦਾ ਸਾਮਾਨ ਹਵਾਲਾਤੀ ਖ਼ਰੀਦਦੇ ਸਨ। ਹਵਾਲਾਤੀ ਹਫ਼ਤੇ ਵਿਚ ਸਿਰਫ਼ ਇਕ ਦਿਨ ਹੀ ਇਸ ਦੁਕਾਨ ਉੱਪਰ ਜਾ ਸਕਦੇ ਸਨ ਅਤੇ ਉਥੋਂ ਉਹ ਆਪਣੀ ਮਰਜ਼ੀ ਦਾ ਖਾਣ-ਪੀਣ ਦਾ ਸਾਮਾਨ ਖ਼ਰੀਦ ਲੈਂਦੇ ਸਨ ਜਿਵੇਂਕਿ ਦੁੱਧ, ਫਲਾਂ ਦਾ ਰਸ, ਚਾਕਲੇਟ, ਬਿਸਕੁਟ ਅਤੇ ਹੋਰ ਕਈ ਤਰ੍ਹਾਂ ਦਾ ਇਹੋ ਜਿਹਾ ਸਾਮਾਨ। ਅਸਗਰ ਕੋਲ ਚਾਹੇਕਿ ਉਸਦੇ ਖਾਤੇ ਵਿਚ ਕਾਫ਼ੀ ਧਨ ਸੀ ਪ੍ਰੰਤੂ ਫਿਰ ਵੀ ਉਸਨੇ ਕਦੇ ਵੀ ਕੋਈ ਖਾਣ-ਪੀਣ ਦੀ ਚੀਜ਼ ਨਹੀਂ ਸੀ ਖ਼ਰੀਦੀ। ਹਵਾਲਾਤੀਆਂ ਨੂੰ ਜਿਹੜਾ ਭੋਜਨ ਖਾਣ ਦੇ ਲਈ ਮਿਲਦਾ ਸੀ ਉਹ ਕਾਫ਼ੀ ਘਟੀਆ ਕਿਸਮ ਦਾ ਹੁੰਦਾ ਸੀ ਅਤੇ ਕੋਈ ਵੀ ਹਵਾਲਾਤੀ ਉਸਨੂੰ ਪਸੰਦ ਨਹੀਂ ਸੀ ਕਰਦਾ। ਇਸ ਲਈ ਆਮ ਤੌਰ 'ਤੇ ਹਵਾਲਾਤੀਆਂ ਦੇ ਖਾਤਿਆਂ ਵਿਚ ਜਿੰਨੇ ਵੀ ਪੈਸੇ ਹੋਇਆ ਕਰਦੇ ਸਨ, ਉਹ

ਜ਼ਿਆਦਾ-ਤਰ ਉਸ ਧਨ ਨੂੰ ਖਾਣ-ਪੀਣ ਦੀਆਂ ਵਸਤੂਆਂ ਉੱਪਰ ਹੀ ਖ਼ਰਚ ਕਰਿਆ ਕਰਦੇ ਸਨ ਪ੍ਰੰਤੂ ਅਸਗਰ ਦੇ ਵਿਚਾਰ ਬਾਕੀ ਦੇ ਹਵਾਲਾਤੀਆਂ ਦੇ ਨਾਲੋਂ ਉਲਟ ਸਨ। ਉਸਦਾ ਖਾਣ-ਪੀਣ ਦੀਆਂ ਚੀਜ਼ਾਂ ਵੱਲ ਕੋਈ ਵੀ ਧਿਆਨ ਨਹੀਂ ਸੀ। ਉਸਨੂੰ ਖਾਣ-ਪੀਣ ਦੀ ਕੋਈ ਵੀ ਵਸਤੂ ਚੰਗੀ ਨਹੀਂ ਸੀ ਲੱਗਦੀ। ਉਹ ਹਰ ਵਕਤ ਆਪਣੀਆਂ ਉਦਾਸ ਸੋਚਾਂ ਵਿਚ ਹੀ ਗੁਆਚਿਆ ਰਹਿੰਦਾ ਸੀ। ਉਸਨੂੰ ਆਪਣੇ ਘਰ ਤੋਂ ਬਹੁਤ ਸਾਰੇ ਪੱਤਰ ਆਉਂਦੇ ਰਹਿੰਦੇ ਸਨ ਪ੍ਰੰਤੂ ਉਸਨੇ ਕਦੇ ਵੀ ਕਿਸੇ ਪੱਤਰ ਦਾ ਜਵਾਬ ਨਹੀਂ ਸੀ ਲਿਖਿਆ ਚਾਹੇਕਿ ਉਸਦੇ ਘਰ ਵਾਲੇ ਉਸਨੂੰ ਹਰ ਪੱਤਰ ਵਿਚ ਪੱਤਰ ਦਾ ਜਵਾਬ ਜਲਦੀ ਲਿਖਣ ਦੀ ਤਾਕੀਦ ਕਰਦੇ ਰਹਿੰਦੇ ਸਨ। ਰਾਤ ਨੂੰ ਉਸਨੂੰ ਨੀਂਦ ਵੀ ਚੱਜ ਦੇ ਨਾਲ ਨਹੀਂ ਸੀ ਆਉਂਦੀ। ਉਹ ਕਿੰਨੀ-ਕਿੰਨੀ ਦੇਰ ਤੱਕ ਆਪਣੇ ਬਿਸਤਰੇ ਉੱਪਰ ਲੇਟਿਆ ਹੋਇਆ ਕੁਝ ਨਾ ਕੁਝ ਸੋਚਦਾ ਹੀ ਰਹਿੰਦਾ ਸੀ। ਉਸਨੂੰ ਬਹੁਤ ਜ਼ਿਆਦਾ ਇਕੱਲਤਾ ਮਹਿਸੂਸ ਹੁੰਦੀ ਸੀ। ਕਈ ਵਾਰ ਜਦੋਂ ਉਸਦਾ ਮਨ ਬਹੁਤ ਜ਼ਿਆਦਾ ਉਦਾਸ ਹੋ ਜਾਂਦਾ ਸੀ ਤਾਂ ਉਹ ਤੌਲੀਆ ਲੈ ਕੇ ਕਾਫ਼ੀ ਦੇਰ ਤੱਕ ਰੋਂਦਾ ਰਹਿੰਦਾ ਸੀ। ਉਹ ਰੋ-ਰੋ ਕੇ ਆਪਣੇ ਮਨ ਦੀ ਭੜਾਸ ਕੱਢ ਲੈਂਦਾ ਸੀ। ਉਸ ਨੂੰ ਹਵਾਲਾਤ ਦੇ ਅੰਦਰ ਆਏ ਨੂੰ ਕਈ ਮਹੀਨੇ ਹੋ ਗਏ ਸਨ ਅਤੇ ਇਸ ਸਮੇਂ ਦੌਰਾਨ ਉਸਨੇ ਕਾਫ਼ੀ ਕੁਝ ਸਿੱਖਿਆ ਸੀ। ਆਜ਼ਾਦੀ ਗ਼ੁਲਾਮੀ ਦਾ ਅਹਿਸਾਸ ਉਸਨੂੰ ਹਵਾਲਾਤ ਦੇ ਅੰਦਰ ਆਉਣ ਮਗਰੋਂ ਹੀ ਹੋਇਆ ਸੀ। ਉਹ ਸਹੀ ਅਰਥਾਂ ਵਿਚ ਨਰਕ ਭੋਗ ਰਿਹਾ ਮਹਿਸੂਸ ਕਰਦਾ ਸੀ। ਉਸਨੂੰ ਦੁਨੀਆਂ ਦੀ ਕੋਈ ਵੀ ਚੀਜ਼ ਚੰਗੀ ਨਹੀਂ ਸੀ ਲੱਗ ਰਹੀ।

ਇਕ ਦਿਨ ਉਸਨੂੰ ਪਤਾ ਨਹੀਂ ਕੀ ਖ਼ਿਆਲ ਆਇਆ ਉਸਨੇ ਅਦਾਲਤ ਨੂੰ ਅੰਗਰੇਜ਼ੀ ਵਿਚ ਇਕ ਚਿੱਠੀ ਲਿਖਣੀ ਸ਼ੁਰੂ ਕਰ ਦਿੱਤੀ ਸੀ, ਜਿਸ ਵਿਚ ਲਿਖਿਆ ਹੋਇਆ ਸੀ,

"ਲੋਕਾਂ ਨੂੰ ਇਨਸਾਫ਼ ਦੇਣ ਵਾਲਿਉ,

ਤੁਸੀਂ ਜ਼ਰੂਰ ਸੋਚਦੇ ਹੋਵੋਂਗੇ ਕਿ ਮੈਂ ਇਹ ਚਿੱਠੀ ਤੁਹਾਨੂੰ ਕਿਸੇ ਰਹਿਮ ਦੀ ਅਪੀਲ ਕਰਨ ਲਈ ਲਿਖ ਰਿਹਾ ਹਾਂ ਕਿਉਂਕਿ ਹਵਾਲਾਤੀਆਂ ਦੀਆਂ ਇਹੋ ਜਿਹੀਆਂ ਬੇਨਤੀਆਂ ਦੇ ਸੈਂਕੜੇ ਪੱਤਰ ਤੁਹਾਨੂੰ ਹਰ ਰੋਜ਼ ਮਿਲਦੇ ਹੀ ਹੋਣੇ ਹਨ। ਜਿਹਨਾਂ ਵਿਚ ਉਹ ਆਪਣੇ ਆਪ ਨੂੰ ਬੇਕਸੂਰ ਸਿਧ ਕਰਨ ਦੀਆਂ ਬੇਸ਼ੁਮਾਰ ਕੋਸ਼ਿਸ਼ਾਂ ਕਰਦੇ ਹੋਣੇ ਹਨ ਪ੍ਰੰਤੂ ਮੈਂ ਤੁਹਾਨੂੰ ਇਹੋ ਜਿਹੀ ਕੋਈ ਬੇਨਤੀ ਨਹੀਂ ਕਰਨ ਲੱਗਾ ਕਿਉਂਕਿ ਮੇਰੇ ਵਾਸਤੇ ਜਿਹੜੀ ਸਜ਼ਾ ਸੀ, ਉਹ ਮੈਂ ਪਹਿਲਾਂ ਹੀ ਭੋਗ ਲਈ ਹੈ। ਮੈਂ

ਇਸ ਵਕਤ ਬਿਲਕੁਲ ਉਸ ਪੰਛੀ ਵਾਂਗ ਹਾਂ ਜਿਸਨੂੰ ਜ਼ਬਰਦਸਤੀ ਫੜਕੇ ਕਿਸੇ ਪਿੰਜਰੇ ਵਿਚ ਬੰਦ ਕਰ ਦਿੱਤਾ ਜਾਵੇ ਅਤੇ ਉਸਦੇ ਉੱਡਣ ਵਾਲੇ ਸਾਰੇ ਖੰਭ ਕੱਟ ਦਿੱਤੇ ਜਾਣ। ਤੁਸੀਂ ਪਿੰਜਰੇ ਵਿਚ ਕਿਸੇ ਪੰਛੀ ਨੂੰ ਬੰਦ ਕਰਕੇ ਭਾਵੇਂਕਿ ਕਿੰਨਾ ਵੀ ਵਧੀਆ ਚੋਗਾ ਪਾਉ, ਉਸਦੀ ਕਿੰਨੀ ਵੀ ਸੇਵਾ ਕਰੋ ਪਰੰਤੂ ਉਹ ਪੰਛੀ ਕਦੇ ਵੀ ਖ਼ੁਸ਼ ਨਹੀਂ ਹੋ ਸਕਦਾ ਕਿਉਂਕਿ ਅਸੀਂ ਲੋਕ ਸਿਰਫ਼ ਪਿੰਜਰੇ ਬਣਾਉਣੇ ਹੀ ਜਾਣਦੇ ਹਾਂ ਅਤੇ ਪਿੰਜਰਿਆਂ ਨੂੰ ਤੋੜਣਾ ਨਹੀਂ ਜਾਣਦੇ। ਲੋਕਾਂ ਦੀਆਂ ਨਜ਼ਰਾਂ ਵਿਚ ਤੁਹਾਡਾ ਬਹੁਤ ਜ਼ਿਆਦਾ ਸਤਿਕਾਰ ਹੋ ਸਕਦਾ ਹੈ ਕਿਉਂਕਿ ਉਹ ਸਮਝਦੇ ਹਨ ਕਿ ਤੁਹਾਡੇ ਕੋਲ ਬਹੁਤ ਸਾਰੀ ਸ਼ਕਤੀ ਹੈ ਅਤੇ ਤੁਹਾਡੀ ਸ਼ਕਤੀ ਨੂੰ ਕੋਈ ਵੀ ਚੈਲਿੰਜ ਨਹੀਂ ਕਰ ਸਕਦਾ ਇਸ ਕਰਕੇ ਜਿੰਨੇ ਵੀ ਬਦਕਿਸਮਤ ਲੋਕ ਇਸ ਨਰਕ ਵਿਚ ਆਉਂਦੇ ਹਨ, ਤੁਹਾਡਾ ਬਹੁਤ ਜ਼ਿਆਦਾ ਆਦਰ ਕਰਦੇ ਹਨ ਪ੍ਰੰਤੂ ਮੇਰੇ ਦਿਲ ਵਿਚ ਤੁਹਾਡੇ ਲਈ ਭੋਰਾ ਵੀ ਆਦਰ ਸਤਿਕਾਰ ਨਹੀਂ। ਬਾਕੀ ਦੇ ਹਵਾਲਾਤੀਆਂ ਨੂੰ ਤੁਹਾਡੇ ਕੋਲੋਂ ਬਹੁਤ ਸਾਰਾ ਖ਼ੌਫ਼ ਹੋ ਸਕਦਾ ਹੈ ਪ੍ਰੰਤੂ ਮੈਂ ਅਜੇ ਤੱਕ ਨਾ ਕਦੇ ਕਿਸੇ ਕੋਲੋਂ ਡਰਿਆ ਹਾਂ ਅਤੇ ਨਾ ਹੀ ਡਰਾਂਗਾ। ਮੈਂ ਜ਼ਿੰਦਗੀ ਵਿਚ ਹਮੇਸ਼ਾਂ ਬੁਰੇ ਕੰਮ ਕਰਨ ਤੋਂ ਡਰਦਾ ਸੀ ਪ੍ਰੰਤੂ ਮੈਨੂੰ ਇਹ ਨਹੀਂ ਸੀ ਪਤਾ ਕਿ ਮੇਰੇ ਇਕ ਛੋਟੇ ਜਿਹੇ ਕਰਮ ਕਰਨ ਦੇ ਨਾਲ ਹੀ ਮੈਂ ਇਸ ਨਰਕ ਵਿਚ ਬੰਦ ਕਰ ਦਿੱਤਾ ਜਾਵਾਂਗਾ। ਮੈਂ ਆਪਣੇ ਇਸ ਕਰਮ ਨੂੰ ਚੰਗਾ ਜਾਂ ਮਾੜਾ ਨਹੀਂ ਆਖਾਂਗਾ ਕਿਉਂਕਿ ਇਸ ਦੁਨੀਆਂ ਵਿਚ ਕੋਈ ਵੀ ਚੀਜ਼ ਚੰਗੀ ਜਾਂ ਮਾੜੀ ਨਹੀਂ ਹੁੰਦੀ, ਅਸੀਂ ਲੋਕ ਹੀ ਇਸਨੂੰ ਚੰਗੀ ਜਾਂ ਮਾੜੀ ਬਣਾ ਦਿੰਦੇ ਹਾਂ। ਤੁਹਾਡੇ ਕੋਲ ਹਰ ਰੋਜ਼ ਕਈ ਮੁਕੱਦਮੇ ਆਉਂਦੇ ਹਨ ਪ੍ਰੰਤੂ ਮੇਰਾ ਵਿਸ਼ਵਾਸ ਹੈ ਕਿ ਤੁਸੀਂ ਲੋਕਾਂ ਨੂੰ ਇਨਸਾਫ਼ ਦੇਣ ਦੇ ਬੜੇ ਵੱਡੇ-ਵੱਡੇ ਦਾਅਵੇ ਮਾਰ ਸਕਦੇ ਹੋ ਪ੍ਰੰਤੂ ਮੇਰੇ ਖ਼ਿਆਲ ਮੁਤਾਬਕ ਤੁਸੀਂ ਕਿਸੇ ਨੂੰ ਵੀ ਨਿਆਂ ਨਹੀਂ ਦੇ ਸਕਦੇ। ਤੁਹਾਡੇ ਜਿਹੜੇ ਵੀ ਫ਼ੈਸਲੇ ਹੁੰਦੇ ਹਨ, ਮੈਂ ਉਹਨਾਂ ਨੂੰ ਗੁੱਸਾ ਜਾਂ ਬਦਲੇ ਦੀ ਭਾਵਨਾ ਤਾਂ ਜ਼ਰੂਰ ਕਹਿ ਸਕਦਾ ਹਾਂ ਪ੍ਰੰਤੂ ਨਿਆਂ ਜਾਂ ਇਨਸਾਫ਼ ਨਹੀਂ ਕਿਉਂਕਿ ਜੇਕਰ ਤੁਸੀਂ ਸਹੀ ਅਰਥਾਂ ਵਿਚ ਲੋਕਾਂ ਨੂੰ ਇਨਸਾਫ਼ ਦੇਣ ਲੱਗ ਜਾਵੋਂ ਤਾਂ ਮੈਂ ਦਾਅਵੇ ਨਾਲ ਇਹ ਗੱਲ ਕਹਿੰਦਾ ਹਾਂ ਕਿ ਫਿਰ ਤੁਹਾਡੇ ਕੋਲ ਮੁਕੱਦਮੇ ਆਉਣੇ ਬੰਦ ਹੋ ਜਾਣਗੇ। ਤੁਹਾਡੀਆਂ ਨਜ਼ਰਾਂ ਵਿਚ ਅਸੀਂ ਸਾਰੇ ਬੁਰੇ ਲੋਕ ਹਾਂ, ਅਪਰਾਧੀ ਹਾਂ ਪ੍ਰੰਤੂ ਮੈਂ ਇਹ ਵੀ ਨਹੀਂ ਕਹਿਣਾ ਚਾਹੁੰਦਾ ਕਿ ਜਿੰਨੇ ਲੋਕ ਵੀ ਇੱਥੇ ਆਉਂਦੇ ਹਨ ਉਹ ਸਾਰੇ ਹੀ ਚੰਗੇ ਹੁੰਦੇ ਹਨ। ਹਰ ਇਨਸਾਨ ਵਿਚ ਕਮੀਆਂ ਵੀ ਹੁੰਦੀਆਂ ਹਨ ਅਤੇ ਕੁਝ ਗੁਣ ਵੀ ਜ਼ਰੂਰ ਹੁੰਦੇ ਹਨ। ਜ਼ਰੂਰ ਤੁਹਾਡੇ ਵਿਚ ਵੀ ਬਹੁਤ ਸਾਰੀਆਂ ਕਮਜ਼ੋਰੀਆਂ ਹੋਣਗੀਆਂ ਅਤੇ

ਹਵਾਲਾਤੀਆਂ ਵਿਚ ਕਈਆਂ ਵਿਚ ਅਜਿਹੇ ਗੁਣ ਵੀ ਹੋ ਸਕਦੇ ਹਨ, ਜੋ ਤੁਹਾਡੇ ਵਿਚ ਹੋ ਸਕਦਾ ਹੈ ਕਿ ਨਾ ਹੋਣ। ਤੁਸੀਂ ਸੋਚਦੇ ਹੋ ਕਿ ਅਸੀਂ ਲੋਕ ਅਪਰਾਧੀ ਹਾਂ, ਅਸੀਂ ਅਪਰਾਧ ਕੀਤੇ ਹਨ, ਕਾਨੂੰਨ ਨੂੰ ਤੋੜਿਆ ਹੈ ਅਤੇ ਇਸਦੀ ਉਲੰਘਣਾ ਕੀਤੀ ਹੈ। ਇਸ ਲਈ ਤੁਹਾਡੀਆਂ ਨਿਗਾਹਾਂ ਵਿਚ ਅਸੀਂ ਮੁਜ਼ਰਮ ਹਾਂ ਅਤੇ ਸਖ਼ਤ ਤੋਂ ਸਖ਼ਤ ਸਜ਼ਾ ਦੇ ਹੱਕਦਾਰ ਹਾਂ। ਮੈਂ ਇਹ ਗੱਲ ਵੀ ਜ਼ਰੂਰ ਮੰਨਦਾ ਹਾਂ ਕਿ ਅਸੀਂ ਕਾਨੂੰਨ ਤੋੜੇ ਹਨ ਪ੍ਰੰਤੂ ਮੈਂ ਆਪਣੇ ਮੁਕੱਦਮੇ ਬਾਰੇ ਇਹ ਗੱਲ ਬਿਨਾਂ ਕਿਸੇ ਝਿਜਕ ਦੇ ਕਹਿ ਸਕਦਾ ਹਾਂ ਕਿ ਮੈਂ ਕਾਨੂੰਨ ਨੂੰ ਨਹੀਂ ਤੋੜਿਆ ਹੈ ਬਲਕਿ ਕਾਨੂੰਨ ਮੇਰੇ ਕੋਲੋਂ ਤੁੜਵਾਇਆ ਗਿਆ ਹੈ ਅਤੇ ਇਸ ਬਦਲੇ ਕਾਨੂੰਨ ਨੇ ਮੇਰਾ ਲੱਕ ਤੋੜ ਕੇ ਰੱਖ ਦਿੱਤਾ ਹੈ, ਮੇਰੀ ਜ਼ਿੰਦਗੀ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ। ਜਦੋਂ ਕੋਈ ਇਨਸਾਨ ਹਿੰਸਾ ਦੇ ਰਾਹ ਤੁਰਦਾ ਹੈ ਤਾਂ ਕਾਨੂੰਨ ਨੂੰ ਇਹ ਗੱਲ ਚੰਗੀ ਨਹੀਂ ਲੱਗਦੀ ਅਤੇ ਤੁਸੀਂ ਅਦਾਲਤਾਂ ਦੇ ਮਾਲਕ ਉਹਨਾਂ ਇਨਸਾਨਾਂ ਨੂੰ ਵੱਧ ਤੋਂ ਵੱਧ ਸਜ਼ਾ ਦੇ ਕੇ ਨਿਆਂ ਦੇਣ ਦਾ ਨਾਟਕ ਵੀ ਕਰਦੇ ਹੋ ਅਤੇ ਪਾਖੰਡ ਵੀ। ਤੁਸੀਂ ਕਦੇ ਇਸ ਗੱਲ ਨੂੰ ਸਮਝਣ ਦੀ ਵੀ ਕੋਸ਼ਿਸ਼ ਕੀਤੀ ਹੈ ਕਿ ਇਨਸਾਨ ਹਿੰਸਾ ਦੇ ਰਾਹ ਕਿਉਂ ਤੁਰਦਾ ਹੈ? ਮੇਰੇ ਖ਼ਿਆਲ ਅਨੁਸਾਰ ਕੋਈ ਇਨਸਾਨ ਵੀ ਆਪਣੀ ਮਰਜ਼ੀ ਦੇ ਨਾਲ ਜਾਂ ਆਪਣੀ ਖ਼ੁਸ਼ੀ ਦੇ ਲਈ ਇਸ ਰਾਹ ਨਹੀਂ ਤੁਰਦਾ ਸਗੋਂ ਇਨਸਾਨ ਨੂੰ ਇਸ ਰਾਹ ਤੁਰਨ ਦੇ ਲਈ ਮਜਬੂਰ ਕੀਤਾ ਜਾਂਦਾ ਹੈ। ਜੇਕਰ ਤੁਸੀਂ ਇਨਸਾਨ ਦੀ ਇਸ ਹਾਲਤ ਨੂੰ ਸਮਝ ਲਿਆ ਤਾਂ ਯਕੀਨਨ ਇਸ ਦੁਨੀਆਂ ਉੱਪਰ ਅਪਰਾਧ ਹੋਣੇ ਘੱਟ ਹੋ ਜਾਣਗੇ। ਮੈਂ ਆਪਣੀ ਪੂਰੀ ਜ਼ਿੰਦਗੀ ਵਿਚ ਕਦੇ ਕੋਈ ਬੁਰਾ ਕੰਮ ਨਹੀਂ ਸੀ ਕੀਤਾ। ਜਦੋਂ ਮੇਰੇ ਦਿਲ ਨੂੰ ਤੋੜਕੇ ਚੂਰ-ਚੂਰ ਕੀਤਾ ਗਿਆ ਸੀ ਤਾਂ ਤੁਹਾਡਾ ਇਹ ਕਾਨੂੰਨ ਚੁੱਪ ਰਿਹਾ। ਤੁਹਾਡੇ ਕਾਨੂੰਨ ਨੇ ਮੇਰੀ ਜ਼ਿੰਦਗੀ ਨੂੰ ਬਰਬਾਦ ਕਰਨ ਵਾਲੀ ਨੂੰ ਕੁਝ ਨਹੀਂ ਸੀ ਆਖਣਾ ਕਿਉਂਕਿ ਤੁਹਾਡੇ ਕਾਨੂੰਨ ਦੀਆਂ ਨਜ਼ਰਾਂ ਵਿਚ ਉਸਨੂੰ ਜੋ ਕੁਝ ਮਰਜ਼ੀ ਕਰਨ ਦੀ ਆਜ਼ਾਦੀ ਸੀ। ਉਸਨੂੰ ਇਹ ਵੀ ਆਜ਼ਾਦੀ ਸੀ ਕਿ ਉਹ ਮੇਰੀ ਜ਼ਿੰਦਗੀ ਨਾਲ ਜੋ ਕੁਝ ਮਰਜ਼ੀ ਕਰਦੀ ਕਿਉਂਕਿ ਤੁਹਾਡਾ ਕਾਨੂੰਨ ਉਸਨੂੰ ਹਰ ਕਿਸਮ ਦੀ ਆਜ਼ਾਦੀ ਦਿੰਦਾ ਹੈ। ਉਸ ਕੁੜੀ ਨੇ ਮੇਰੇ ਜੀਵਨ ਨੂੰ ਬੁਰੀ ਤਰ੍ਹਾਂ ਤਬਾਹ ਕੀਤਾ ਹੈ, ਇਸਦੀ ਬਜਾਏ ਜੇਕਰ ਉਹ ਮੇਰੀ ਜ਼ਿੰਦਗੀ ਨੂੰ ਖ਼ਤਮ ਵੀ ਕਰ ਦਿੰਦੀ ਤਾਂ ਮੈਨੂੰ ਕੋਈ ਦੁੱਖ ਨਹੀਂ ਸੀ ਹੋਣਾ। ਇਸ ਵਕਤ ਮੇਰੀ ਹਾਲਤ ਨੂੰ ਕੋਈ ਵੀ ਨਹੀਂ ਸਮਝ ਸਕਦਾ। ਮੈਂ ਆਪਣੇ ਆਪ ਨੂੰ ਇਕ ਅਜੀਬ ਜਿਹੀ ਹਾਲਤ ਵਿਚ ਮਹਿਸੂਸ ਕਰ ਰਿਹਾ ਹਾਂ। ਇਸ ਵਕਤ ਮੈਂ ਨਾ ਜੀਊਂਦਿਆਂ ਵਿਚ ਹਾਂ ਅਤੇ ਨਾ ਹੀ ਮਰਿਆਂ ਵਿਚ। ਮੈਂ ਕਦੇ

ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਇਕ ਦਿਨ ਮੈਂ ਵੀ ਇਸ ਨਰਕ ਦੀ ਕੋਠੜੀ ਵਿਚ ਬੰਦ ਕੀਤਾ ਜਾਵਾਂਗਾ। ਮੈਨੂੰ ਕੀ ਪਤਾ ਸੀ ਕਿ ਇਕ ਉਹ ਦਿਨ ਵੀ ਆਵੇਗਾ ਜਦੋਂ ਮੈਂ ਜ਼ਾਲਮ ਸਮੇਂ ਦੇ ਹੱਥੋਂ ਮਾਰ ਖਾਵਾਂਗਾ। ਮੈਂ ਇਸ ਸਾਰੇ ਕੁਝ ਦਾ ਦੋਸ਼ ਸਿਰਫ਼ ਉਸ ਕੁੜੀ ਦੇ ਸਿਰ ਹੀ ਦਿੰਦਾ ਹਾਂ ਜਿਸਨੂੰ ਮੈਂ ਆਪਣੀ ਪਤਨੀ ਜਾਂ ਮਹਿਬੂਬਾ ਸਮਝਣ ਦੀ ਬੇਵਕੂਫ਼ੀ ਕੀਤੀ ਸੀ। ਮੈਂ ਜਿਹੜੀ ਗ਼ਲਤੀ ਉਸਨੂੰ ਆਪਣੇ ਸੱਚੇ ਦਿਲੋਂ ਪਿਆਰ ਕਰਕੇ ਕੀਤੀ ਸੀ, ਉਸ ਬਾਰੇ ਮੈਂ ਆਪਣੇ ਆਪ ਨੂੰ ਕਦੇ ਵੀ ਮੁਆਫ਼ ਨਹੀਂ ਕਰ ਸਕਾਂਗਾ। ਮੈਂ ਆਪਣੀ ਇਸ ਭੁੱਲ ਉੱਪਰ ਜ਼ਿੰਦਗੀ ਭਰ ਪਛਤਾਉਂਦਾ ਰਹਾਂਗਾ। ਮੈਨੂੰ ਉਸਦੀ ਮੌਤ ਦਾ ਕੋਈ ਵੀ ਦੁੱਖ ਨਹੀਂ ਕਿਉਂਕਿ ਹਰ ਇਨਸਾਨ ਨੇ ਮਰਨਾ ਹੀ ਹੈ। ਇਹ ਮੌਤ ਕਈਆਂ ਨੂੰ ਪਹਿਲਾਂ ਆ ਜਾਂਦੀ ਹੈ ਅਤੇ ਕਈਆਂ ਨੂੰ ਬਾਅਦ ਵਿਚ। ਕਈ ਬਿਨਾਂ ਮੌਤ ਆਈ ਵੀ ਮਰ ਜਾਂਦੇ ਹਨ। ਮੈਨੂੰ ਉਸ ਕੁੜੀ ਦੀ ਮੌਤ ਦਾ ਨਹੀਂ, ਸਗੋਂ ਉਸ ਵਲੋਂ ਕੀਤੀ ਗਈ ਬੇਵਫ਼ਾਈ ਦਾ ਬਹੁਤ ਹੀ ਜ਼ਿਆਦਾ ਅਫ਼ਸੋਸ ਹੈ। ਜੇਕਰ ਉਹ ਆਪਣੇ ਆਪ ਵੀ ਮਰ ਗਈ ਹੁੰਦੀ ਤਾਂ ਵੀ ਮੈਨੂੰ ਐਨਾ ਜ਼ਿਆਦਾ ਦੁੱਖ ਨਹੀਂ ਸੀ ਹੋਣਾ। ਮੈਂ ਉਸ ਕੁੜੀ ਨੂੰ ਆਪਣਾ ਦਿਲ ਦਿੱਤਾ ਸੀ ਪਰੰਤੂ ਉਸਨੇ ਇਸ ਨਾਲ ਜੋ ਵੀ ਸਲੂਕ ਕੀਤਾ, ਉਹ ਤੁਹਾਨੂੰ ਸਾਰਿਆਂ ਨੂੰ ਚੰਗੀ ਤਰ੍ਹਾਂ ਪਤਾ ਹੈ। ਮੈਂ ਤੁਹਾਨੂੰ ਰਹਿਮ ਦੀ ਕੋਈ ਅਪੀਲ ਨਹੀਂ ਕਰਦਾ। ਤੁਹਾਨੂੰ ਇਕ ਸਲਾਹ ਜ਼ਰੂਰ ਦੇਣੀ ਚਾਹੁੰਦਾ ਹਾਂ ਕਿ ਜੇਕਰ ਤੁਹਾਡਾ ਕਾਨੂੰਨ ਮੈਨੂੰ ਮੌਤ ਦੀ ਸਜ਼ਾ ਦੀ ਆਗਿਆ ਦਿੰਦਾ ਹੈ ਤਾਂ ਜ਼ਰੂਰ ਇਹ ਸਜ਼ਾ ਮੈਨੂੰ ਮਿਲਣੀ ਹੀ ਚਾਹੀਦੀ ਹੈ ਜੇਕਰ ਤੁਸੀਂ ਮੈਨੂੰ ਇਹ ਸਜ਼ਾ ਨਾ ਵੀ ਦਿੱਤੀ ਫਿਰ ਮੈਂ ਖ਼ੁਦ ਹੀ ਆਪਣੇ ਆਪ ਨੂੰ ਇਹ ਸਜ਼ਾ ਦੇ ਲਵਾਂਗਾ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਕੁਦਰਤ ਹੀ ਇਨਸਾਨ ਨੂੰ ਜਾਨ ਦਿੰਦੀ ਹੈ ਅਤੇ ਇਨਸਾਨ ਦੀ ਜਾਨ ਲੈਣ ਦਾ ਹੱਕ ਵੀ ਉਸਨੂੰ ਹੀ ਹੋਣਾ ਚਾਹੀਦਾ ਹੈ। ਇਕ ਇਨਸਾਨ ਨੂੰ ਦੂਜੇ ਇਨਸਾਨ ਦੀ ਜਾਨ ਨਹੀਂ ਲੈਣੀ ਚਾਹੀਦੀ ਪ੍ਰੰਤੂ ਜੇਕਰ ਇਕ ਇਨਸਾਨ ਦੂਜੇ ਇਨਸਾਨ ਦੀ ਜ਼ਿੰਦਗੀ ਦੇ ਨਾਲ ਖੇਡ ਕੇ ਉਸਦਾ ਮਜ਼ਾਕ ਉਡਾਵੇ, ਫਿਰ ਉਸਨੂੰ ਜੋ ਵੀ ਸਜ਼ਾ ਦਿੱਤੀ ਜਾਵੇ, ਮੇਰੇ ਖ਼ਿਆਲ ਮੁਤਾਬਕ ਉਹ ਸਭ ਜਾਇਜ਼ ਹੈ। ਫਿਰ ਉਸਦੀ ਜਾਨ ਲੈ ਲੈਣਾ ਵੀ ਕੋਈ ਬੁਰਾ ਕੰਮ ਨਹੀਂ ਕਿਉਂਕਿ ਜਦੋਂ ਕੋਈ ਇਨਸਾਨ ਇਕ ਦੀ ਜ਼ਿੰਦਗੀ ਨੂੰ ਤਬਾਹ ਕਰਨਾ ਸ਼ੁਰੂ ਕਰ ਦੇਵੇ ਫਿਰ ਉਹ ਹੋਰਾਂ ਦੀਆਂ ਜ਼ਿੰਦਗੀਆਂ ਨੂੰ ਬਰਬਾਦ ਕਰਨ ਤੋਂ ਵੀ ਨਹੀਂ ਝਿਜਕੇਗਾ। ਮੈਂ ਸਿਰਫ਼ ਇਹ ਹੀ ਨਹੀਂ ਕਹਿੰਦਾ ਕਿ ਪਤਨੀ ਨੂੰ ਵਫ਼ਾਦਾਰ ਹੋਣਾ ਚਾਹੀਦਾ ਹੈ। ਇਨਸਾਨ ਚਾਹੇ ਮਰਦ ਹੈ, ਚਾਹੇ ਔਰਤ। ਉਹਨਾਂ ਦੇ ਨਾਲ ਇਕੋ ਜਿਹਾ ਹੀ ਵਰਤਾਉ ਹੋਣਾ ਚਾਹੀਦਾ ਹੈ।

ਜੇਕਰ ਕੋਈ ਮਰਦ ਵੀ ਕਿਸੇ ਔਰਤ ਦੀ ਜ਼ਿੰਦਗੀ ਦੇ ਨਾਲ ਖੇਡ ਕੇ ਉਸਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਨੂੰ ਵੀ ਮੌਤ ਦੀ ਸਜ਼ਾ ਹੀ ਮਿਲਣੀ ਚਾਹੀਦੀ ਹੈ। ਕਿਸੇ ਨਾਲ ਵੀ ਕਿਸੇ ਕਿਸਮ ਦਾ ਲਿਹਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਮੈਂ ਇਕ ਕੁੜੀ ਦਾ ਖ਼ੂਨ ਕੀਤਾ ਹੈ, ਮੈਂ ਉਸਦੀ ਹੱਤਿਆ ਕੀਤੀ ਹੈ। ਮੈਂ ਉਸਦੀ ਜਾਨ ਲਈ ਹੈ ਇਹ ਗੱਲ ਮੈਂ ਸ਼ਰੇਆਮ ਸਵੀਕਾਰ ਕਰਦਾ ਹਾਂ ਪ੍ਰੰਤੂ ਇਹ ਵਾਰਦਾਤ ਕਿਵੇਂ ਵਾਪਰ ਗਈ, ਮੈਨੂੰ ਖ਼ੁਦ ਨੂੰ ਵੀ ਇਸ ਬਾਰੇ ਕੁਝ ਨਹੀਂ ਪਤਾ। ਇਹ ਸਾਰਾ ਕੁਝ ਐਨੀ ਜਲਦੀ ਵਿਚ ਵਾਪਰ ਗਿਆ ਸੀ ਕਿ ਮੈਂ ਇਸ ਬਾਰੇ ਕੁਝ ਸੋਚ ਵੀ ਨਾ ਸਕਿਆ। ਸਾਡੇ ਬਹੁਤੇ ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਉਹੀ ਕੁਝ ਹੁੰਦਾ ਹੈ ਜੋ ਇਨਸਾਨ ਦੀ ਕਿਸਮਤ ਵਿਚ ਲਿਖਿਆ ਹੁੰਦਾ ਹੈ ਪ੍ਰੰਤੂ ਮੈਂ ਇਸ ਵਿਸ਼ਵਾਸ ਦੇ ਨਾਲ ਸਹਿਮਤ ਨਹੀਂ। ਮੇਰਾ ਵਿਸ਼ਵਾਸ ਹੈ ਕਿ ਉਹੀ ਕੁਝ ਹੁੰਦਾ ਹੈ ਜੋ ਇਨਸਾਨ ਕਰਦਾ ਹੈ। ਆਪਣੀ ਕਿਸਮਤ ਨੂੰ ਚੰਗੀ ਜਾਂ ਮਾੜੀ ਬਣਾਉਣ ਵਾਲੀ ਕੋਈ ਗ਼ੈਬੀ ਸ਼ਕਤੀ ਨਹੀਂ, ਸਗੋਂ ਇਹ ਖ਼ੁਦ ਇਨਸਾਨ ਹੀ ਹੈ। ਮੈਨੂੰ ਆਪਣੀ ਜ਼ਿੰਦਗੀ ਤੋਂ ਐਨਾ ਤਜ਼ਰਬਾ ਜ਼ਰੂਰ ਹਾਸਲ ਹੋਇਆ ਹੈ ਕਿ ਜ਼ਿਆਦਾ ਲੋਕ ਦੂਜਿਆਂ ਦੀ ਜ਼ਿੰਦਗੀ ਨੂੰ ਚੰਗਾ ਨਹੀਂ ਬਣਾਉਂਦੇ ਸਗੋਂ ਮਾੜੀ ਹੀ ਬਣਾਉਂਦੇ ਹਨ। ਮੈਂ ਉਸ ਕੁੜੀ ਦੀ ਖ਼ਾਤਰ ਜੋ ਜੋ ਵੀ ਕੁਰਬਾਨੀਆਂ ਕੀਤੀਆਂ ਸਨ, ਤੁਸੀਂ ਉਹਨਾਂ ਬਾਰੇ ਕੁਝ ਵੀ ਨਹੀਂ ਜਾਣਦੇ ਕਿਉਂਕਿ ਇਸ ਨੂੰ ਜਾਣਨ ਦੀ ਤੁਸੀਂ ਕੋਈ ਲੋੜ ਮਹਿਸੂਸ ਵੀ ਨਹੀਂ ਕਰਦੇ। ਮੈਂ ਉਸਦੀ ਹਰ ਇੱਛਾ ਨੂੰ ਪੂਰਾ ਕਰਨ ਦਾ ਯਤਨ ਕਰਦਾ ਰਿਹਾ। ਮੈਂ ਉਸਦੀ ਹਰ ਗੱਲ ਨੂੰ ਇਲਾਹੀ ਫ਼ੁਰਮਾਨ ਸਮਝ ਕੇ ਮੰਨਦਾ ਰਿਹਾ। ਉਹ ਮੈਨੂੰ ਆਪਣੀਆਂ ਉਂਗਲੀਆਂ ਉੱਪਰ ਨਚਾਉਂਦੀ ਰਹੀ। ਮੈਂ ਉਹਦੀ ਖ਼ਾਤਰ ਅਨੇਕਾਂ ਕਿਸਮਾਂ ਦੀਆਂ ਬੇ-ਆਰਾਮੀਆਂ ਕੱਟਦਾ ਰਿਹਾ ਪ੍ਰੰਤੂ ਉਹ ਮੈਨੂੰ ਮੂਰਖ ਬਣਾਉਂਦੀ ਰਹੀ। ਤੁਹਾਡੇ ਕਾਨੂੰਨ ਦੀਆਂ ਨਜ਼ਰਾਂ ਵਿਚ ਉਹ ਬੇਕਸੂਰ ਹੀ ਹੋਵੇਗੀ ਕਿਉਂਕਿ ਉਸਨੇ ਕੋਈ ਹਿੰਸਾ ਨਹੀਂ ਕੀਤੀ। ਮੈਂ ਇਕ ਗੱਲ ਜਾਣਨੀ ਚਾਹੁੰਦਾ ਹਾਂ ਕਿ ਕਿਸੇ ਦੇ ਦਿਲ ਨੂੰ ਫੱਟੜ ਕਰਨਾ ਕੀ ਕੋਈ ਬੁਰਾ ਕਰਮ ਨਹੀਂ? ਕੀ ਕਿਸੇ ਦੇ ਭਰੋਸੇ ਦਾ ਗਲਾ ਘੁੱਟਣਾ ਖ਼ੂਨ ਕਰਨ ਦੇ ਨਾਲੋਂ ਘੱਟ ਹੈ? ਸ੍ਰੀਮਾਨ ਜੀ, ਸਰੀਰ ਉੱਪਰ ਲੱਗੇ ਹੋਏ ਜ਼ਖ਼ਮਾਂ ਦਾ ਇਲਾਜ ਹੋ ਜਾਂਦਾ ਹੈ ਪ੍ਰੰਤੂ ਜਿਗਰ ਦੇ ਜਖ਼ਮ ਕਦੇ ਵੀ ਨਹੀਂ ਭਰਦੇ ਹੁੰਦੇ। ਸਮਾਂ ਵੀ ਇਹਨਾਂ ਜਖ਼ਮਾਂ ਨੂੰ ਠੀਕ ਨਹੀਂ ਕਰ ਸਕਦਾ। ਤੁਹਾਡੇ ਕਾਨੂੰਨ ਦੀ ਮਰਜ਼ੀ ਦੇ ਉਲਟ ਜੇਕਰ ਕੋਈ ਇਨਸਾਨ ਕੋਈ ਵੀ ਕੰਮ ਕਰਦਾ ਹੈ ਤਾਂ ਤੁਹਾਡੀ ਨਜ਼ਰ ਵਿਚ ਉਹ ਅਪਰਾਧੀ ਹੈ ਅਤੇ ਤੁਸੀਂ ਸਮਝਦੇ ਹੋ ਕਿ ਉਸਨੂੰ ਸਜ਼ਾ ਜ਼ਰੂਰ ਹੀ ਮਿਲਣੀ ਚਾਹੀਦੀ ਹੈ ਪ੍ਰੰਤੂ ਨਾ

ਹੀ ਤੁਸੀਂ ਅਤੇ ਨਾ ਹੀ ਤੁਹਾਡੇ ਕਾਨੂੰਨ ਨੇ ਕਦੇ ਇਹ ਗੱਲ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਇਨਸਾਨ ਕਾਨੂੰਨ ਦੇ ਖਿਲਾਫ਼ ਕਿਉਂ ਕੰਮ ਕਰਦਾ ਹੈ ? ਹਰ ਇਨਸਾਨ ਜੇਕਰ ਕੋਈ ਬੁਰਾ ਕਰਮ ਕਰਦਾ ਵੀ ਹੈ ਤਾਂ ਕੁਝ ਸਮਾਂ ਪਾ ਕੇ ਉਸਨੂੰ ਆਪਣੇ ਕੀਤੇ ਬੁਰੇ ਕਰਮ ਉੱਪਰ ਬਥੇਰਾ ਪਛਤਾਵਾ ਵੀ ਹੁੰਦਾ ਹੈ ਅਤੇ ਇਸ ਪਛਤਾਵੇ ਦੌਰਾਨ ਉਹ ਆਪਣੇ ਆਪ ਨੂੰ ਉਸ ਬੁਰੇ ਕਰਮ ਦੀ ਸਜ਼ਾ ਵੀ ਦੇ ਲੈਂਦਾ ਹੈ। ਇਸ ਲਈ ਉਸਨੂੰ ਹੋਰ ਵੱਖਰੀ ਕਿਸਮ ਦੀ ਸਜ਼ਾ ਦੇਣ ਦੀ ਲੋੜ ਨਹੀਂ ਹੁੰਦੀ। ਜੇਕਰ ਉਸਨੂੰ ਕਿਸੇ ਕਿਸਮ ਦੀ ਸਜ਼ਾ ਦਿੱਤੀ ਵੀ ਜਾਵੇ ਤਾਂ ਉਹ ਇਨਸਾਨ ਸਗੋਂ ਹੋਰ ਵੀ ਵੱਧ ਅਪਰਾਧੀ ਬਣੇਗਾ। ਹੁਣ ਤੁਸੀਂ ਜ਼ਰੂਰ ਇਹ ਸੋਚਦੇ ਹੋਵੋਂਗੇ ਕਿ ਜੇਕਰ ਮੈਂ ਇਸ ਤਰ੍ਹਾਂ ਸੋਚਦਾ ਹਾਂ ਕਿ ਮੈਨੂੰ ਵੀ ਕੁਝ ਸਮੇਂ ਤੱਕ ਉਡੀਕ ਕਰਨੀ ਚਾਹੀਦੀ ਸੀ। ਮੇਰੀ ਪਤਨੀ ਨੇ ਜੋ ਕੁਝ ਵੀ ਕੀਤਾ ਸੀ, ਉਸ ਬਾਰੇ ਜ਼ਰੂਰ ਹੀ ਉਸਨੂੰ ਪਛਤਾਵਾ ਹੋਣਾ ਸੀ। ਨਹੀਂ, ਕਦੇ ਵੀ ਇਸ ਤਰ੍ਹਾਂ ਨਹੀਂ ਸੀ ਹੋਣਾ, ਇਹਦੇ ਨਾਲ ਤਾਂ ਸਗੋਂ ਉਸਦਾ ਡਰ ਹੋਰ ਵੀ ਜ਼ਿਆਦਾ ਚੁੱਕਿਆ ਜਾਣਾ ਸੀ। ਇਹ ਠੀਕ ਹੈ ਕਿ ਮੈਂ ਉਸ ਕੁੜੀ ਨੂੰ ਆਪਣੀ ਜ਼ਿੰਦਗੀ ਦੇ ਨਾਲੋਂ ਵੱਧ ਪਿਆਰ ਕਰਦਾ ਸੀ। ਮੈਂ ਉਸ ਉੱਪਰ ਆਪਣਾ ਅਧਿਕਾਰ ਸਮਝਦਾ ਸੀ ਅਤੇ ਇਸ ਬਦਲੇ ਉਹ ਵੀ ਮੁਹੱਬਤ ਦਾ ਨਾਟਕ ਮੇਰੇ ਨਾਲ ਖੇਡਦੀ ਸੀ ਪ੍ਰੰਤੂ ਅਸਲ ਵਿਚ ਉਹ ਮੇਰੇ ਨਾਲ ਕੋਈ ਮੁਹੱਬਤ ਨਹੀਂ ਸੀ ਕਰਦੀ। ਉਸਦੀ ਮੁਹੱਬਤ ਤਾਂ ਸਿਰਫ਼ ਮੇਰੀ ਦੌਲਤ ਨਾਲ ਸੀ। ਜਦੋਂ ਤੱਕ ਮੇਰੇ ਕੋਲ ਦੌਲਤ ਹੋਣੀ ਸੀ, ਉਸਨੇ ਮੁਹੱਬਤ ਦਾ ਨਾਟਕ ਖੇਡਦੀ ਹੀ ਰਹਿਣਾ ਸੀ। ਇਹ ਤਾਂ ਅਚਾਨਕ ਹੀ ਉਸਦੀ ਅਸਲੀਅਤ ਮੇਰੀਆਂ ਅੱਖਾਂ ਸਾਹਮਣੇ ਆ ਗਈ। ਮੈਂ ਜੋ ਕੁਝ ਵੀ ਕੀਤਾ ਹੈ ਸ਼ਾਇਦ ਠੀਕ ਹੀ ਕੀਤਾ ਹੈ। ਉਸਨੂੰ ਜਿਹੜੀ ਸਜ਼ਾ ਮਿਲਣੀ ਚਾਹੀਦੀ ਸੀ, ਉਹ ਮਿਲ ਗਈ। ਬਾਕੀ ਜਿਹੜੀ ਸਜ਼ਾ ਮੈਨੂੰ ਮਿਲਣੀ ਚਾਹੀਦੀ ਹੈ, ਉਸਦਾ ਫ਼ੈਸਲਾ ਮੈਂ ਖ਼ੁਦ ਹੀ ਕਰਾਂਗਾ। ਤੁਸੀਂ ਉਸ ਬਾਰੇ ਕੁਝ ਨਹੀਂ ਕਰ ਸਕਦੇ। ਇਹ ਜਿਹੜਾ ਇਨਸਾਫ਼ ਤੁਸੀਂ ਦਿੰਦੇ ਹੋ, ਮੈਂ ਇਸਨੂੰ ਇਨਸਾਫ਼ ਨਹੀਂ ਕਹਿ ਸਕਦਾ ਕਿਉਂਕਿ ਇਹ ਸਾਰਾ ਕੁਝ ਤੁਸੀਂ ਆਪਣੀ ਨੌਕਰੀ ਬਚਾਉਣ ਦੀ ਖ਼ਾਤਰ ਹੀ ਕਰ ਰਹੇ ਹੋ। ਜੇਕਰ ਅਜਿਹਾ ਨਹੀਂ ਹੈ ਤਾਂ ਫਿਰ ਹਰ ਇਕ ਦੇਸ਼ ਦੇ ਅੰਦਰ ਇਨਸਾਫ਼ ਕਿਉਂ ਵਿਕਦਾ ਹੈ ? ਤੁਹਾਡਾ ਇਹ ਇਨਸਾਫ਼ ਇਕ ਚੰਗੇ ਇਨਸਾਨ ਨੂੰ ਬੁਰਾ ਇਨਸਾਨ ਤਾਂ ਬਣਾ ਸਕਦਾ ਹੈ ਪ੍ਰੰਤੂ ਇਕ ਭੈੜੇ ਇਨਸਾਨ ਨੂੰ ਚੰਗਾ ਇਨਸਾਨ ਨਹੀਂ ਬਣਾ ਸਕਦਾ ਕਿਉਂਕਿ ਤੁਸੀਂ ਆਪਣੇ ਕਾਨੂੰਨ ਦੀ ਕਿਤਾਬ ਦੇ ਗ਼ੁਲਾਮ ਹੋ। ਤੁਹਾਡੀ ਆਪਣੀ ਕੋਈ ਵੱਖਰੀ ਹਸਤੀ ਨਹੀਂ, ਤੁਸੀਂ ਉਹ ਕੁਝ ਹੀ ਕਰ ਸਕਦੇ ਹੋ ਜੋ ਕੁਝ ਤੁਹਾਡਾ ਕਾਨੂੰਨ ਤੁਹਾਡੇ ਕੋਲੋਂ ਕਰਵਾ

ਸਕਦਾ ਹੈ। ਤੁਹਾਡੇ ਇਹ ਕਾਨੂੰਨ ਹਰ ਇਨਸਾਨ ਉੱਤੇ ਇਕੋ ਜਿੰਨੇ ਢੁੱਕਵੇਂ ਲਾਗੂ ਨਹੀਂ ਹੋ ਸਕਦੇ। ਮੈਂ ਇਸ ਬਾਰੇ ਹੋਰ ਬਹੁਤਾ ਕੁਝ ਨਹੀਂ ਲਿਖਣਾ ਚਾਹੁੰਦਾ। ਆਖ਼ਰ ਵਿਚ ਇਕ ਹੋਰ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਤੁਸੀਂ ਜਿਹੜੇ ਪਿੰਜਰੇ ਇਨਸਾਨਾਂ ਵਾਸਤੇ ਬਣਾਏ ਹੋਏ ਹਨ, ਇਹਨਾਂ ਵਿਚ ਤੁਸੀਂ ਜਿੰਨੀ ਮਰਜ਼ੀ ਸਖ਼ਤੀ ਵਰਤ ਕੇ ਦੇਖ ਲਵੋ, ਇਹ ਪਿੰਜਰੇ ਇਨਸਾਨਾਂ ਨੂੰ ਨਹੀਂ ਬਦਲ ਸਕਦੇ। ਨਾ ਹੀ ਤੁਹਾਡੇ ਕੀਤੇ ਗਏ ਫ਼ੈਸਲਿਆਂ ਦੇ ਨਾਲ ਇਨਸਾਨ ਬਦਲ ਸਕਦੇ ਹਨ। ਜੇਕਰ ਤੁਸੀਂ ਇਨਸਾਨਾਂ ਨੂੰ ਦਿਲੋਂ ਬਦਲਣਾ ਚਾਹੁੰਦੇ ਹੋ ਤਾਂ ਘੱਟੋ-ਘੱਟ ਤੁਹਾਨੂੰ ਉਹਨਾਂ ਦੇ ਦਿਲਾਂ ਦੀਆਂ ਤਹਿਆਂ ਅੰਦਰ ਝਾਤੀ ਮਾਰਨੀ ਹੀ ਪਵੇਗੀ। ਜਿਸ ਦਿਨ ਤੁਸੀਂ ਉਹਨਾਂ ਦੀ ਮਾਨਸਿਕਤਾ ਨੂੰ ਸਮਝਣ ਵਿਚ ਸਫ਼ਲ ਹੋ ਗਏ, ਉਦੋਂ ਤੋਂ ਹੀ ਤੁਸੀਂ ਇਨਸਾਨਾਂ ਨੂੰ ਬਦਲਣ ਵਿਚ ਕਾਮਯਾਬ ਹੋ ਸਕਦੇ ਹੋ। ਦੁਨੀਆਂ ਦਾ ਹਰ ਜੀਉਂਦਾ ਜਾਗਦਾ ਪ੍ਰਾਣੀ ਆਪਣੀ ਆਜ਼ਾਦੀ ਚਾਹੁੰਦਾ ਹੈ ਫਿਰ ਇਨਸਾਨਾਂ ਦੀ ਆਜ਼ਾਦੀ ਨੂੰ ਵੀ ਕਿਉਂ ਖੋਹਿਆ ਜਾਵੇ ? ਜੇਕਰ ਇਨਸਾਨ ਕੋਈ ਗ਼ਲਤੀ ਕਰਦਾ ਹੈ ਤਾਂ ਉਸਨੂੰ ਸੁਧਾਰਨ ਦੇ ਹੋਰ ਵੀ ਬਹੁਤ ਸਾਰੇ ਤਰੀਕੇ ਹੋ ਸਕਦੇ ਹਨ। ਜ਼ਰੂਰੀ ਨਹੀਂ ਕਿ ਹਵਾਲਾਤ ਦੇ ਅੰਦਰ ਆ ਕੇ ਉਹ ਸੁਧਰ ਜਾਵੇ। ਕਿਸੇ ਅਪਰਾਧੀ ਨੂੰ ਸਜ਼ਾ ਦੇਣ ਦਾ ਮਕਸਦ ਇਹੀ ਹੁੰਦਾ ਹੈ ਕਿ ਉਹ ਅਪਰਾਧੀ ਮੁੜ ਕੇ ਕੋਈ ਅਪਰਾਧ ਨਾ ਕਰੇ ਪ੍ਰੰਤੂ ਅਸਲ ਵਿਚ ਕਦੇ ਵੀ ਅਜਿਹਾ ਨਹੀਂ ਹੁੰਦਾ ਸਗੋਂ ਹਮੇਸ਼ਾਂ ਇਸ ਦੇ ਉਲਟ ਹੀ ਹੁੰਦਾ ਹੈ। ਬਾਕੀ ਅਦਾਲਤ ਮੈਨੂੰ ਮੇਰੇ ਕੀਤੇ ਅਪਰਾਧ ਦੀ ਸਜ਼ਾ ਜੋ ਵੀ ਦੇਣੀ ਚਾਹੁੰਦੀ ਹੈ, ਦੇ ਸਕਦੀ ਹੈ। ਇਸ ਬਾਰੇ ਮੈਨੂੰ ਕੋਈ ਵੀ ਫ਼ਿਕਰ ਨਹੀਂ। ਮੈਂ ਇਹ ਗੱਲ ਵੀ ਸਾਫ਼ ਲਿਖ ਦਿਆਂ ਕਿ ਉਸ ਕੁੜੀ ਨੂੰ ਜਿਸਨੂੰ ਮੈਂ ਆਪਣੀ ਪਤਨੀ ਸਮਝਦਾ ਸੀ, ਮਾਰ ਕੇ ਮੈਨੂੰ ਕੋਈ ਖ਼ੁਸ਼ੀ ਪ੍ਰਾਪਤ ਨਹੀਂ ਹੋਈ ਅਤੇ ਨਾ ਹੀ ਮੈਨੂੰ ਉਹਦੀ ਮੌਤ ਦਾ ਕੋਈ ਦੁੱਖ ਹੋਇਆ ਹੈ। ਮੈਨੂੰ ਦੁੱਖ ਹੈ ਉਸਦੇ ਵਰਤਾਉ ਉੱਪਰ ਜਾਂ ਆਪਣੀ ਮੂਰਖਤਾ ਉੱਪਰ। ਇਹ ਮੇਰੀ ਮੂਰਖਤਾ ਹੀ ਸੀ ਕਿ ਮੈਂ ਉਸ ਕੁੜੀ ਨੂੰ ਆਪਣੀ ਜ਼ਿੰਦਗੀ ਦਾ ਸਭ ਕੁਝ ਸਮਝ ਬੈਠਾ। ਮੈਂ ਜ਼ਿੰਦਗੀ ਵਿਚ ਬਹੁਤ ਰੰਗੀਨ ਸੁਪਨੇ ਲੈਂਦਾ ਰਿਹਾ ਪ੍ਰੰਤੂ ਮੈਂ ਇਹ ਨਹੀਂ ਸੀ ਜਾਣਦਾ ਕਿ ਸੁਪਨੇ ਹਮੇਸ਼ਾਂ ਝੂਠੇ ਸਿਧ ਹੁੰਦੇ ਹਨ। ਮੈਂ ਉਸਨੂੰ ਆਪਣੀ ਜ਼ਿੰਦਗੀ ਦੀ ਮਾਲਕਣ ਸਮਝ ਬੈਠਾ ਸੀ ਪ੍ਰੰਤੂ ਮੈਨੂੰ ਇਹ ਵੀ ਨਹੀਂ ਸੀ ਪਤਾ ਕਿ ਇਸ ਦੁਨੀਆਂ ਵਿਚ ਕੋਈ ਵੀ ਕਿਸੇ ਦਾ ਕੁਝ ਨਹੀਂ ਲੱਗਦਾ ਹੁੰਦਾ। ਇਹ ਰਿਸ਼ਤੇਦਾਰੀਆਂ ਤਾਂ ਸਭ ਦਿਖਾਵਾ ਮਾਤਰ ਹੀ ਹੁੰਦੀਆਂ ਹਨ। ਇਹਨਾਂ ਰਿਸ਼ਤੇਦਾਰੀਆਂ ਦੀਆਂ ਲੋੜਾਂ ਨੂੰ ਪੂਰੇ ਕਰਦੇ ਰਹੋ ਤਾਂ ਰਿਸ਼ਤੇ ਨਾਤੇ ਪੱਕੇ ਨਹੀਂ ਫਿਰ ਤੂੰ ਕੌਣ ਅਤੇ ਮੈਂ ਕੌਣ ? ਜਦੋਂ

ਮੇਰੇ ਕੋਲ ਦੁਨੀਆਂ ਦੀਆਂ ਸਭ ਪਦਾਰਥਕ ਵਸਤੂਆਂ ਸਨ ਤਾਂ ਹਰ ਕੋਈ ਮੇਰਾ ਬੜਾ ਸਤਿਕਾਰ ਕਰਦਾ ਸੀ। ਮੇਰੇ ਅਣਗਿਣਤ ਮਿੱਤਰ ਸਨ ਪ੍ਰੰਤੂ ਜਦੋਂ ਦਾ ਮੈਂ ਇੱਥੇ ਆਇਆ ਹਾਂ ਉਦੋਂ ਤੋਂ ਕਿਸੇ ਨੇ ਵੀ, ਸਿਵਾਏ ਮੇਰੇ ਘਰਦਿਆਂ ਤੋਂ, ਮੇਰੀ ਖ਼ਬਰ ਤੱਕ ਨਹੀਂ ਲਈ ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਇਸ ਵੇਲੇ ਮੈਂ ਹਵਾਲਾਤ ਅੰਦਰ ਹਾਂ, ਉਹਨਾਂ ਦੇ ਕੋਲੋਂ ਕਿਸੇ ਕਿਸਮ ਦੀ ਸਹਾਇਤਾ ਮੰਗ ਸਕਦਾ ਹਾਂ, ਪ੍ਰੰਤੂ ਮੈਂ ਐਨਾ ਜ਼ਿਆਦਾ ਗਿਰਿਆ ਹੋਇਆ ਇਨਸਾਨ ਨਹੀਂ। ਮੈਨੂੰ ਜੋ ਕੁਝ ਮਰਜ਼ੀ ਹੋ ਜਾਵੇ, ਮੈਂ ਕਦੇ ਵੀ ਕਿਸੇ ਅੱਗੇ ਸਹਾਇਤਾ ਦੀ ਭੀਖ ਨਹੀਂ ਮੰਗਾਂਗਾ ਕਿਉਂਕਿ ਮੇਰੀ ਅਣਖ ਅਤੇ ਗ਼ੈਰਤ ਅਜੇ ਜੀਊਂਦੀ ਹੈ। ਨਾਲੇ ਕੋਈ ਵੀ ਮੇਰੀ ਮਦਦ ਨਹੀਂ ਕਰ ਸਕਦਾ। ਹਾਂ ਇੱਕ ਗੱਲ ਜ਼ਰੂਰ ਹੈ, ਜਦੋਂ ਮੈਂ ਇਸ ਹਵਾਲਾਤ ਦੇ ਵਿਚੋਂ ਬਾਹਰ ਜਾ ਕੇ ਮੁੜ ਸਾਰੀਆਂ ਪਦਾਰਥਕ ਵਸਤੂਆਂ ਨੂੰ ਹਾਸਲ ਕਰਾਂਗਾ, ਫਿਰ ਮੁੜ ਮੇਰੇ ਸਾਰੇ ਰਿਸ਼ਤੇਦਾਰ ਅਤੇ ਦੋਸਤ ਮੇਰੇ ਸਾਹਮਣੇ ਆ ਜਾਣਗੇ। ਮੈਂ ਅਦਾਲਤ ਨੂੰ ਇਕ ਰਾਏ ਜ਼ਰੂਰ ਦੇਣੀ ਚਾਹੁੰਦਾ ਹਾਂ ਕਿ ਮੇਰੇ ਮੁਕੱਦਮੇ ਦਾ ਫ਼ੈਸਲਾ ਜਲਦੀ ਤੋਂ ਜਲਦੀ ਕਰ ਦਿੱਤਾ ਜਾਵੇ ਤਾਂ ਜੋ ਮੈਂ ਵੀ ਮਰਨ ਤੋਂ ਪਹਿਲਾਂ ਅਦਾਲਤ ਵਲੋਂ ਦਿੱਤੇ ਗਏ ਨਿਆਂ ਨੂੰ ਸੁਣ ਸਕਾਂ। ਮੇਰੀ ਆਪਣੀ ਜ਼ਿੰਦਗੀ ਦੀ ਕੋਈ ਵੀ ਤਮੰਨਾ ਬਾਕੀ ਨਹੀਂ ਰਹਿ ਗਈ। ਮੈਂ ਅਦਾਲਤ ਨੂੰ ਜੋ ਕੁਝ ਵੀ ਲਿਖਣਾ ਚਾਹੁੰਦਾ ਸੀ, ਉਹ ਲਿਖ ਦਿੱਤਾ ਹੈ। ਉਮੀਦ ਕਰਦਾ ਹਾਂ ਕਿ ਅਦਾਲਤ ਇਹਨਾਂ ਪਰਚਿਆਂ ਨੂੰ ਧਿਆਨ ਦੇ ਨਾਲ ਪੜ੍ਹੇਗੀ, ਜੇਕਰ ਅਦਾਲਤ ਨੂੰ ਇਹਨਾਂ ਨੂੰ ਪੜ੍ਹਨਾ ਚੰਗਾ ਨਾ ਲੱਗੇ ਤਾਂ ਇਹਨਾਂ ਨੂੰ ਰੱਦੀ ਵਿਚ ਸੁੱਟ ਦੇਣਾ।

ਅਸਗਰ ਮੁਹੰਮਦ।”

ਅਸਗਰ ਨੇ ਇਹਨਾਂ ਪਰਚਿਆਂ ਨੂੰ ਲਿਖਣ ਵਿਚ ਕਾਫ਼ੀ ਸਾਰਾ ਸਮਾਂ ਲਾਇਆ ਸੀ। ਇਹਨਾਂ ਨੂੰ ਲਿਖਣ ਤੋਂ ਬਾਅਦ ਉਸਨੇ ਇਹਨਾਂ ਪਰਚਿਆਂ ਨੂੰ ਇਕ ਲਿਫ਼ਾਫ਼ੇ ਵਿੱਚ ਬੰਦ ਕਰ ਦਿੱਤਾ ਸੀ ਅਤੇ ਉਸ ਉੱਪਰ ਅਦਾਲਤ ਦਾ ਪਤਾ ਲਿਖਕੇ ਪੱਤਰ ਨੂੰ ਡਾਕ ਵਿੱਚ ਪਾ ਦਿੱਤਾ ਸੀ।

ਕੁਝ ਦਿਨ ਹੋਰ ਗੁਜ਼ਰ ਗਏ ਸਨ। ਅਸਗਰ ਨੂੰ ਉਸ ਹਵਾਲਾਤ ਵਿਚ ਆਏ ਨੂੰ ਸਾਲ ਤੋਂ ਜ਼ਿਆਦਾ ਸਮਾਂ ਹੋ ਗਿਆ ਸੀ। ਉਸਦੇ ਮੁਕੱਦਮੇ ਦੀ ਤਾਰੀਖ਼ ਨਿਸਚਿਤ ਹੋ ਗਈ ਸੀ ਅਤੇ ਇਸ ਤਾਰੀਖ਼ ਬਾਰੇ ਉਸਨੂੰ ਚਿੱਠੀ ਰਾਹੀਂ ਕੁਝ ਦਿਨ ਪਹਿਲਾਂ ਹੀ ਸੂਚਿਤ ਕਰ ਦਿੱਤਾ ਗਿਆ ਸੀ। ਅਸਗਰ ਆਪਣੇ ਮੁਕੱਦਮੇ ਬਾਰੇ ਹੋਣ ਵਾਲੇ ਫ਼ੈਸਲੇ ਨੂੰ ਸੁਣਨ ਦੇ ਲਈ ਬਹੁਤ ਹੀ ਜ਼ਿਆਦਾ ਉਤਸੁਕ ਸੀ ਪ੍ਰੰਤੂ ਉਸਨੂੰ ਸਜ਼ਾ ਹੋਣ ਦਾ

ਕੋਈ ਵੀ ਡਰ ਨਹੀਂ ਸੀ ਰਿਹਾ। ਬਾਕੀ ਦੇ ਹਵਾਲਾਤੀਆਂ ਨੂੰ ਜਦੋਂ ਮੁਕੱਦਮੇ ਦਾ ਫ਼ੈਸਲਾ ਹੋਣ ਦੀ ਤਾਰੀਖ਼ ਮਿਲਿਆ ਕਰਦੀ ਸੀ ਤਾਂ ਉਹ ਡਰ ਨਾਲ ਸਹਿਮ ਜਾਇਆ ਕਰਦੇ ਸਨ। ਉਹਨਾਂ ਦੇ ਮਨਾਂ ਦੇ ਅੰਦਰ ਸਜ਼ਾ ਹੋਣ ਦਾ ਡਰ ਬੈਠ ਜਾਇਆ ਕਰਦਾ ਸੀ। ਇਸ ਚਿੰਤਾ ਦੇ ਕਾਰਣ ਕਈ ਹਵਾਲਾਤੀਆਂ ਨੂੰ ਤਾਂ ਖਾਣਾ ਪੀਣਾ ਵੀ ਭੁੱਲ ਜਾਂਦਾ ਸੀ ਅਤੇ ਉਹਨਾਂ ਦੀ ਨੀਂਦ ਵੀ ਹਰਾਮ ਹੋ ਜਾਇਆ ਕਰਦੀ ਸੀ ਪ੍ਰੰਤੂ ਅਸਗਰ ਦੇ ਮਨ ਉੱਪਰ ਇਹੋ ਜਿਹਾ ਕੋਈ ਅਸਰ ਨਹੀਂ ਸੀ ਹੋਇਆ। ਉਹ ਅਦਾਲਤ ਵਲੋਂ ਮਿਲੀ ਹਰ ਕਿਸਮ ਦੀ ਸਜ਼ਾ ਭੁਗਤਣ ਨੂੰ ਤਿਆਰ ਸੀ। ਜਦੋਂ ਦੀ ਉਸਨੂੰ ਮੁਕੱਦਮੇ ਦੀ ਤਾਰੀਖ਼ ਬਾਰੇ ਅਦਾਲਤ ਦੀ ਚਿੱਠੀ ਮਿਲੀ ਸੀ, ਉਦੋਂ ਤੋਂ ਉਹ ਖ਼ੁਸ਼-ਖ਼ੁਸ਼ ਰਹਿਣ ਲੱਗ ਪਿਆ ਸੀ ਅਤੇ ਉਸਦੀ ਉਦਾਸੀ ਕੁਝ ਘੱਟ ਗਈ ਸੀ। ਅਸਗਰ ਹੁਣ ਖੁੱਲ੍ਹ ਕੇ ਬਾਕੀ ਦੇ ਹਵਾਲਾਤੀਆਂ ਦੇ ਨਾਲ ਗੱਲਾਂ ਕਰਨ ਲੱਗ ਪਿਆ ਸੀ। ਉਸਨੂੰ ਜਦੋਂ ਵੀ ਹਰ ਰੋਜ਼ ਬਾਕੀ ਦੇ ਹਵਾਲਾਤੀਆਂ ਸਮੇਤ ਪਾਰਕ ਵਿਚ ਘੁੰਮਾਉਣ ਦੇ ਲਈ ਲਿਜਾਇਆ ਜਾਂਦਾ ਸੀ ਤਾਂ ਉਹ ਬਾਕੀ ਦੇ ਹਵਾਲਾਤੀਆਂ ਦੇ ਨਾਲ ਗੱਲਾਂ ਕਰਨ ਵਿਚ ਰੁੱਝਾ ਰਹਿੰਦਾ ਸੀ। ਉਹ ਬਾਕੀ ਦੇ ਹਵਾਲਾਤੀਆਂ ਨੂੰ ਉਹਨਾਂ ਦੇ ਮੁਕੱਦਮਿਆਂ ਦੇ ਬਾਰੇ ਪੁੱਛਦਾ ਰਹਿੰਦਾ ਸੀ ਅਤੇ ਆਪਣੇ ਮੁਕੱਦਮੇ ਦੇ ਬਾਰੇ ਉਹ ਆਪ ਹੀ ਉਹਨਾਂ ਨੂੰ ਸਾਰਾ ਕੁਝ ਦੱਸਣ ਲੱਗ ਜਾਂਦਾ ਸੀ। ਇਸ ਕਾਰਣ ਬਹੁਤ ਸਾਰੇ ਹਵਾਲਾਤੀ ਉਸਦੇ ਦੋਸਤ ਬਣ ਗਏ ਸਨ।

ਜਦੋਂ ਵੀ ਕੋਈ ਨਵਾਂ ਆਦਮੀ ਹਵਾਲਾਤ ਵਿਚ ਆਉਂਦਾ ਸੀ ਤਾਂ ਸਭ ਤੋਂ ਪਹਿਲਾਂ ਅਸਗਰ ਉਸਦੇ ਮੁਕੱਦਮੇ ਬਾਰੇ ਪਤਾ ਕਰਦਾ ਸੀ ਫਿਰ ਉਹ ਉਸਨੂੰ ਹੌਂਸਲਾ ਦਿੰਦਾ ਰਹਿੰਦਾ ਸੀ ਅਤੇ ਉਹ ਉਸ ਦੀ ਹਰ ਕਿਸਮ ਦੀ ਮਦਦ ਕਰਨ ਨੂੰ ਤਿਆਰ ਰਹਿੰਦਾ ਸੀ ਜਿੰਨੀ ਕੁ ਉਹ ਉਸ ਦੀ ਸਹਾਇਤਾ ਕਰ ਸਕਦਾ ਸੀ।

ਕੁਝ ਸਿਪਾਹੀ ਵੀ ਅਸਗਰ ਦੇ ਦੋਸਤ ਬਣ ਗਏ ਸਨ ਅਤੇ ਉਹ ਉਹਨਾਂ ਨਾਲ ਵੀ ਸਦਾ ਗੱਲਾਂ ਕਰਨ ਵਿਚ ਰੁੱਝਾ ਰਹਿੰਦਾ ਸੀ। ਅਸਗਰ ਦੇ ਚੰਗੇ ਵਰਤਾਉ ਦੇ ਕਾਰਣ ਬਹੁਤੇ ਹਵਾਲਾਤੀ ਉਸਦਾ ਦਿਲੋਂ ਸਤਿਕਾਰ ਕਰਦੇ ਸਨ। ਅਸਗਰ ਨੂੰ ਦੂਜਿਆਂ ਦੀ ਸਹਾਇਤਾ ਕਰਨ ਦੇ ਨਾਲ ਖ਼ੁਸ਼ੀ ਮਿਲਦੀ ਸੀ। ਜਿਉਂ-ਜਿਉਂ ਉਸਦੇ ਮੁਕੱਦਮੇ ਬਾਰੇ ਹੋਣ ਵਾਲੇ ਫ਼ੈਸਲੇ ਦੀ ਤਾਰੀਖ਼ ਨੇੜੇ-ਨੇੜੇ ਆਉਂਦੀ ਜਾਂਦੀ ਸੀ, ਉਸ ਦੀ ਉਸ ਫ਼ੈਸਲੇ ਨੂੰ ਸੁਣਨ ਦੀ ਉਤਸੁਕਤਾ ਹੋਰ ਵੀ ਵਧੇਰੇ ਵੱਧਦੀ ਜਾਂਦੀ ਸੀ। ਉਸਨੂੰ ਇਸ ਬਾਰੇ ਕੋਈ ਵੀ ਚਿੰਤਾ ਜਾਂ ਫ਼ਿਕਰ ਨਹੀਂ ਸੀ ਕਿਉਂਕਿ ਅਦਾਲਤ ਵਲੋਂ ਦਿੱਤੀ ਗਈ ਕੋਈ ਵੀ ਸਜ਼ਾ ਨੂੰ ਉਹ ਝੱਲਣ ਦੇ ਲਈ ਤਿਆਰ ਸੀ। ਅਸਗਰ ਦੇ

ਘਰਦਿਆਂ ਦੀ ਇਸ ਨਾਲ ਚਿੰਤਾ ਹੋਰ ਵੀ ਵਧੇਰੇ ਹੋ ਗਈ ਸੀ ਅਤੇ ਉਹ ਪੂਰੀ ਨੱਠ ਭੱਜ ਕਰਕੇ ਉਸਨੂੰ ਇਸ ਮੁਕੱਦਮੇ ਵਿਚੋਂ ਬਰੀ ਕਰਵਾਉਣਾ ਚਾਹੁੰਦੇ ਸਨ, ਇਸ ਲਈ ਅਸਗਰ ਦੇ ਮਾਂ-ਪਿਉ ਉਸਦੇ ਵਕੀਲਾਂ ਕੋਲ ਅਣਗਿਣਤ ਚੱਕਰ ਕੱਢਦੇ ਰਹੇ ਸਨ। ਅਸਗਰ ਨੂੰ ਛੁਡਾਉਣ ਦੇ ਲਈ ਉਸਦੇ ਮਾਂ-ਪਿਉ ਨੇ ਪੂਰਾ ਜ਼ੋਰ ਲਾਇਆ ਹੋਇਆ ਸੀ।

# 10

ਅਸਗਰ ਮੁਹੰਮਦ ਦੇ ਮੁਕੱਦਮੇ ਦੀ ਤਾਰੀਖ਼ ਦਾ ਦਿਨ ਆ ਗਿਆ ਸੀ। ਹਵਾਲਾਤ ਵਿਚ ਉਸਨੂੰ ਇਕ ਦਿਨ ਪਹਿਲਾਂ ਹੀ ਇਸ ਤਾਰੀਖ਼ ਬਾਰੇ ਸਿਪਾਹੀਆਂ ਨੇ ਸੂਚਿਤ ਕੀਤਾ ਸੀ ਅਤੇ ਨਾਲ ਹੀ ਉਹਨਾਂ ਨੇ ਇਹ ਵੀ ਆਖਿਆ ਸੀ ਕਿ ਉਹ ਸਮੇਂ ਸਿਰ ਅਦਾਲਤ ਵਿਚ ਜਾਣ ਦੇ ਲਈ ਤਿਆਰ ਰਹੇ। ਜਿਸਨੂੰ ਸੁਣਕੇ ਅਸਗਰ ਮੁਸਕਰਾਉਣ ਲੱਗ ਪਿਆ ਸੀ। ਤਾਰੀਖ਼ ਵਾਲੇ ਦਿਨ ਅਸਗਰ ਜਲਦੀ ਹੀ ਉੱਠ ਗਿਆ ਸੀ ਅਤੇ ਜਾਣ ਤੋਂ ਕਾਫ਼ੀ ਸਮਾਂ ਪਹਿਲਾਂ ਹੀ ਉਹ ਤਿਆਰ ਹੋ ਗਿਆ ਸੀ। ਅਦਾਲਤ ਵਿਚ ਜਾਣ ਦੇ ਲਈ ਉਸਦਾ ਮਨ ਬੜਾ ਉਤਾਵਲਾ ਸੀ ਕਿਉਂਕਿ ਉਹ ਜਲਦੀ ਤੋਂ ਜਲਦੀ ਅਦਾਲਤ ਦਾ ਫ਼ੈਸਲਾ ਸੁਣਨਾ ਚਾਹੁੰਦਾ ਸੀ। ਉਸਦਾ ਜੀਅ ਕੀਤਾ ਸੀ ਕਿ ਉਹ ਰੱਜ ਕੇ ਨੱਚੇ ਪ੍ਰੰਤੂ ਕੋਠੜੀ ਛੋਟੀ ਹੋਣ ਦੇ ਕਾਰਣ ਉਹ ਅਜਿਹਾ ਨਹੀਂ ਸੀ ਕਰ ਸਕਿਆ।

ਅਦਾਲਤ ਹਵਾਲਾਤ ਤੋਂ ਬਹੁਤੀ ਦੂਰ ਨਹੀਂ ਸੀ। ਇਹ ਹਵਾਲਾਤ ਦੇ ਬਿਲਕੁਲ ਨਜ਼ਦੀਕ ਹੀ ਸੀ। ਹਵਾਲਾਤ ਦੇ ਵਿਚ ਦੀ ਹੀ ਅਦਾਲਤ ਨੂੰ ਜਾਣ ਦੇ ਲਈ ਇਕ ਰਸਤਾ ਬਣਾਇਆ ਹੋਇਆ ਸੀ। ਸਾਰੇ ਹਵਾਲਾਤੀਆਂ ਨੂੰ ਇਸ ਰਾਹ ਰਾਹੀਂ ਹੀ ਅਦਾਲਤਾਂ ਵਿਚ ਲਿਜਾਇਆ ਜਾਂਦਾ ਸੀ ਅਜਿਹਾ ਇਸ ਲਈ ਕੀਤਾ ਗਿਆ ਸੀ ਤਾਂ ਜੋ ਕੋਈ ਵੀ ਹਵਾਲਾਤੀ ਨੱਠਣ ਦੀ ਕੋਸ਼ਿਸ਼ ਨਾ ਕਰ ਸਕੇ। ਬਾਕੀ ਦੇ ਲੋਕ ਵਕੀਲ ਅਤੇ ਜੱਜ ਜਾਂ ਅਦਾਲਤਾਂ ਦੇ ਹੋਰ ਕਰਮਚਾਰੀਆਂ ਦੇ ਆਉਣ ਲਈ ਵੱਖਰੇ ਰਸਤੇ ਸਨ।

ਅਸਗਰ ਨੂੰ ਹਵਾਲਾਤ ਤੋਂ ਅਦਾਲਤ ਵਿਚ ਲੈ ਕੇ ਜਾਣ ਦੀ ਚਾਰ ਸਿਪਾਹੀਆਂ ਦੀ ਡਿਊਟੀ ਲੱਗੀ ਹੋਈ ਸੀ। ਦੋ ਸਿਪਾਹੀ ਉਸਦੇ ਖੱਬੇ ਅਤੇ ਸੱਜੇ ਪਾਸੇ ਸਨ ਜਿਹਨਾਂ ਨੇ ਉਸਦੇ ਦੋਹਾਂ ਗੁੱਟਾਂ ਨੂੰ ਹੱਥਕੜੀ ਲਗਾਈ ਹੋਈ ਸੀ। ਦੋ ਸਿਪਾਹੀ ਉਹਨਾਂ ਦੇ ਅੱਗੇ-ਪਿੱਛੇ ਥੋੜ੍ਹੇ ਕਦਮਾਂ ਦੀ ਵਿੱਥ ਉੱਪਰ ਜਾ ਰਹੇ ਹਨ। ਇਹਨਾਂ ਵਿਚੋਂ ਇਕ ਸਿਪਾਹੀ ਦੇ ਕੋਲ ਵਾਇਰਲੈੱਸ ਫੜੀ ਹੋਈ ਸੀ। ਜਲਦੀ ਹੀ ਉਹ ਅਦਾਲਤ ਦੇ ਅੰਦਰ ਪਹੁੰਚ ਗਏ ਸਨ। ਉਥੇ ਪਹੁੰਚਣ ਤੋਂ ਬਾਅਦ ਅਸਗਰ ਨੂੰ ਇਕ ਬੈਂਚ ਉੱਪਰ ਬਿਠਾ ਦਿੱਤਾ ਗਿਆ ਸੀ ਅਤੇ ਉਸ ਦੀਆਂ ਹੱਥਕੜੀਆਂ ਨੂੰ ਖੋਲ੍ਹ ਦਿੱਤਾ ਗਿਆ ਸੀ। ਚਾਰੇ ਸਿਪਾਹੀ ਅਸਗਰ ਦੇ ਦੁਆਲੇ ਖੜ੍ਹੇ ਸਨ ਅਤੇ ਉਹ ਉਸਦੀ ਨਿਗਰਾਨੀ ਕਰ ਰਹੇ ਸਨ। ਅਦਾਲਤ ਦੇ ਦਰਵਾਜ਼ਿਆਂ ਉੱਪਰ ਵੀ

ਹਥਿਆਰਬੰਦ ਸਿਪਾਹੀਆਂ ਦਾ ਸਖ਼ਤ ਪਹਿਰਾ ਸੀ। ਅਦਾਲਤ ਦਾ ਹਾਲ ਕਾਫ਼ੀ ਖੁੱਲ੍ਹਾ ਸੀ ਜਿਸ ਦੇ ਸਾਹਮਣੇ ਪੰਜ ਕੁਰਸੀਆਂ ਸਨ ਜਿਹਨਾਂ ਉੱਪਰ ਜੱਜ ਬੈਠਦੇ ਸਨ। ਇਕ ਪਾਸੇ ਸਰਕਾਰੀ ਵਕੀਲ ਦੇ ਬੈਠਣ ਦੀ ਥਾਂ ਸੀ ਅਤੇ ਉਸਦੇ ਕੋਲ ਹੀ ਦੋ-ਤਿੰਨ ਕੁਰਸੀਆਂ ਹੋਰ ਸਨ ਜਿਹਨਾਂ ਉੱਪਰ ਅਦਾਲਤ ਦੇ ਹੋਰ ਕਰਮਚਾਰੀ ਬੈਠਦੇ ਸਨ ਅਤੇ ਇਸਦੇ ਦੂਜੇ ਪਾਸੇ ਵਕੀਲਾਂ ਦੇ ਬੈਠਣ ਦੀ ਥਾਂ ਸੀ। ਵਿਚਕਾਰ ਬੈਂਚ ਰੱਖੇ ਹੋਏ ਸਨ ਜਿਹਨਾਂ ਉੱਪਰ ਅਪਰਾਧੀਆਂ ਨੂੰ ਬਿਠਾਇਆ ਜਾਂਦਾ ਸੀ। ਹਵਾਲਾਤੀਆਂ ਦੇ ਨਾਲ ਆਏ ਹੋਏ ਸਿਪਾਹੀ ਵੀ ਉਹਨਾਂ ਦੇ ਕੋਲ ਹੀ ਬੈਠਿਆ ਕਰਦੇ ਸਨ। ਬਾਕੀ ਦਾ ਹਾਲ ਖ਼ਾਲੀ ਸੀ। ਹਾਲ ਦੇ ਇਕ ਪਾਸੇ ਪ੍ਰੈੱਸ ਰਿਪੋਰਟਰ ਵਾਲਿਆਂ ਦੇ ਬੈਠਣ ਦੀ ਥਾਂ ਸੀ। ਜਿਥੋਂ ਉਹ ਮੁਕੱਦਮਿਆਂ ਬਾਰੇ ਖ਼ਬਰਾਂ ਪ੍ਰਾਪਤ ਕਰਕੇ ਅਖ਼ਬਾਰਾਂ ਵਿਚ ਛਾਪਣ ਦੇ ਲਈ ਭੇਜਿਆ ਕਰਦੇ ਸਨ। ਇਸ ਹਾਲ ਦੇ ਅਖ਼ੀਰ ਵਿਚ ਇਕ ਗੈਲਰੀ ਬਣਾਈ ਗਈ ਸੀ ਜਿਹੜੀ ਕਿ ਆਮ ਜਨਤਾ ਦੇ ਵਾਸਤੇ ਬਣਾਈ ਹੋਈ ਸੀ। ਕੋਈ ਵੀ ਆਦਮੀ ਇਸ ਗੈਲਰੀ ਵਿਚ ਆਣ ਕੇ ਅਦਾਲਤੀ ਕਾਰਵਾਈ ਨੂੰ ਦੇਖ ਸਕਦਾ ਸੀ। ਆਮ ਤੌਰ 'ਤੇ ਵਿਹਲੇ ਲੋਕ ਤਮਾਸ਼ਾ ਦੇਖਣ ਦੇ ਲਈ ਇਸ ਥਾਂ ਉੱਪਰ ਆਣ ਕੇ ਬੈਠ ਜਾਇਆ ਕਰਦੇ ਸਨ ਅਤੇ ਅਦਾਲਤਾਂ ਵਿਚ ਜੋ ਕੁਝ ਵੀ ਹੁੰਦਾ ਰਹਿੰਦਾ ਸੀ, ਉਸਨੂੰ ਦੇਖਦੇ ਰਹਿੰਦੇ ਸਨ।

ਅਸਗਰ ਦੇ ਵਕੀਲ ਵੀ ਅਦਾਲਤ ਵਿਚ ਪਹੁੰਚ ਚੁੱਕੇ ਸਨ ਅਤੇ ਉਹਨਾਂ ਨੇ ਅਸਗਰ ਦੇ ਨਾਲ ਹੱਥ ਮਿਲਾਇਆ ਸੀ ਅਤੇ ਚੰਗੀ ਸਵੇਰ ਦੇ ਲਈ ਸ਼ੁਭ ਇੱਛਾਵਾਂ ਭੇਂਟ ਕੀਤੀਆਂ ਸਨ। ਅਸਗਰ ਨੇ ਵੀ ਇਸਦਾ ਜਵਾਬ ਦਿੱਤਾ ਸੀ। ਸਰਕਾਰੀ ਵਕੀਲ ਅਤੇ ਅਦਾਲਤ ਦੇ ਹੋਰ ਕਰਮਚਾਰੀ ਵੀ ਪਹੁੰਚ ਚੁੱਕੇ ਸਨ। ਕੁਝ ਸਮੇਂ ਬਾਅਦ ਜਿਉਂ ਹੀ ਜੱਜ ਸਾਹਮਣੇ ਆਏ ਸਨ, ਉਹਨਾਂ ਨੂੰ ਦੇਖ ਕੇ ਸਾਰਿਆਂ ਨੇ ਖੜ੍ਹੇ ਹੋ ਕੇ ਉਹਨਾਂ ਦਾ ਸਵਾਗਤ ਕੀਤਾ ਸੀ। ਜੱਜ ਆਪਣੀ ਸੀਟ ਉੱਪਰ ਬੈਠ ਗਏ ਸਨ ਅਤੇ ਉਸਤੋਂ ਬਾਅਦ ਬਾਕੀ ਸਾਰੇ ਵੀ ਆਪੋ ਆਪਣੀ ਥਾਂ ਉੱਪਰ ਬੈਠ ਗਏ ਸਨ।

ਮੁੱਖ ਜੱਜ ਨੇ ਜਲਦੀ ਹੀ ਅਦਾਲਤ ਦੀ ਕਾਰਵਾਈ ਸ਼ੁਰੂ ਕਰਦਿਆਂ ਆਖਿਆ ਸੀ ਕਿ ਉਹ ਫਾਤਮਾ ਦੇ ਹੋਏ ਖ਼ੂਨ ਸੰਬੰਧੀ ਇਕੱਠੇ ਹੋਏ ਸਨ। ਮੁੱਖ ਜੱਜ ਨੇ ਫਾਤਮਾ ਦਾ ਪੂਰਾ ਪਤਾ ਅਤੇ ਜਨਮ ਤਾਰੀਖ਼ ਅਤੇ ਸਥਾਨ ਬਾਰੇ ਵੀ ਪੂਰੀ ਜਾਣਕਾਰੀ ਦਿੱਤੀ ਸੀ। ਉਸਨੇ ਇਹ ਵੀ ਆਖਿਆ ਸੀ ਕਿ ਇਸ ਖ਼ੂਨ ਕਰਨ ਦਾ ਇਲਜ਼ਾਮ ਫਾਤਮਾ ਦੇ ਪਤੀ ਮਿਸਟਰ ਮੁਹੰਮਦ ਅਸਗਰ ਦੇ ਸਿਰ ਲੱਗਾ ਸੀ ਬਾਕੀ ਜੋ ਵੀ ਸਚਾਈ ਸੀ ਉਹ ਉਹਨਾਂ ਦੇ ਸਾਹਮਣੇ ਆ ਹੀ ਜਾਵੇਗੀ। ਅਦਾਲਤ ਦੀ ਸਾਰੀ ਕਾਰਵਾਈ ਅੰਗਰੇਜ਼ੀ

ਵਿਚ ਹੋ ਰਹੀ ਸੀ। ਮੁੱਖ ਜੱਜ ਨੇ ਸਭ ਤੋਂ ਪਹਿਲਾ ਸਵਾਲ ਅਸਗਰ ਨੂੰ ਇਹ ਕੀਤਾ ਸੀ ਕਿ ਜੇਕਰ ਉਹ ਚੰਗੀ ਤਰ੍ਹਾਂ ਅੰਗਰੇਜ਼ੀ ਬੋਲ ਜਾਂ ਸਮਝ ਨਹੀਂ ਸਕਦਾ ਤਾਂ ਉਸਦੇ ਲਈ ਉਰਦੂ ਅੰਗਰੇਜ਼ੀ ਬੋਲਣ ਵਾਲੇ ਦੁਭਾਸ਼ੀਏ ਦਾ ਪ੍ਰਬੰਧ ਕੀਤਾ ਜਾ ਸਕਦਾ ਸੀ ਪ੍ਰੰਤੂ ਅਸਗਰ ਨੇ ਇਸਦੇ ਜਵਾਬ ਵਿਚ ਕਿਹਾ ਸੀ ਕਿ ਇਸਦੀ ਕੋਈ ਵੀ ਜ਼ਰੂਰਤ ਨਹੀਂ ਸੀ ਕਿਉਂਕਿ ਉਹ ਅੰਗਰੇਜ਼ੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਫਿਰ ਮੁੱਖ ਜੱਜ ਨੇ ਉਸਦਾ ਪੂਰਾ ਨਾਂ, ਪੂਰਾ ਪਤਾ, ਜਨਮ ਦੀ ਤਾਰੀਖ, ਜਨਮ ਦਾ ਸਥਾਨ, ਪੇਸ਼ਾ ਅਤੇ ਉਸਦੀ ਵਿੱਦਿਅਕ ਯੋਗਤਾ ਬਾਰੇ ਪੁੱਛਿਆ ਸੀ। ਇਸਦੇ ਜਵਾਬ ਵਿਚ ਅਸਗਰ ਨੇ ਮੁੱਖ ਜੱਜ ਨੂੰ ਪੂਰੇ ਵਿਸਥਾਰ ਦੇ ਨਾਲ ਸਭ ਕੁਝ ਦੱਸ ਦਿੱਤਾ ਸੀ। ਇਸ ਤੋਂ ਬਾਅਦ ਮੁੱਖ ਜੱਜ ਨੇ ਉਸਨੂੰ ਦੱਸਿਆ ਸੀ ਕਿ ਆਪਣੇ ਮੁਕੱਦਮੇ ਦੇ ਸੰਬੰਧ ਵਿਚ ਉਸਨੂੰ ਪੂਰੇ ਬਿਆਨ ਦੇਣ ਦਾ ਹੱਕ ਸੀ। ਉਹ ਕੋਈ ਵੀ ਬਿਆਨ ਦੇ ਸਕਦਾ ਸੀ। ਨਾਲ ਹੀ ਉਸਨੂੰ ਇਹ ਵੀ ਦੱਸਿਆ ਗਿਆ ਸੀ ਕਿ ਉਸਨੂੰ ਇਹ ਵੀ ਹੱਕ ਸੀ ਕਿ ਜੇਕਰ ਉਹ ਆਪਣੇ ਬਿਆਨ ਨਹੀਂ ਸੀ ਦੇਣੇ ਚਾਹੁੰਦਾ ਤਾਂ ਉਹ ਇਸ ਤਰ੍ਹਾਂ ਵੀ ਕਰ ਸਕਦਾ ਸੀ, ਇਸ ਬਾਰੇ ਉਸਨੂੰ ਮਜਬੂਰ ਨਹੀਂ ਸੀ ਕੀਤਾ ਜਾ ਸਕਦਾ। ਇਸ ਸੰਬੰਧ ਵਿਚ ਅਸਗਰ ਨੇ ਕਹਿ ਦਿੱਤਾ ਸੀ ਕਿ ਉਹ ਜੋ ਕੁਝ ਵੀ ਅਦਾਲਤ ਨੂੰ ਕਹਿਣਾ ਚਾਹੁੰਦਾ ਸੀ, ਉਸਨੇ ਅਦਾਲਤ ਨੂੰ ਪੱਤਰ ਲਿਖ ਕੇ ਪਹਿਲਾਂ ਹੀ ਕਹਿ ਦਿੱਤਾ ਸੀ। ਇਸ ਲਈ ਅਦਾਲਤ ਨੂੰ ਹੋਰ ਕੁਝ ਕਹਿਣ ਦੀ ਉਸਦੀ ਕੋਈ ਵੀ ਤਮੰਨਾ ਨਹੀਂ ਸੀ। ਅਸਗਰ ਨੇ ਇਹ ਵੀ ਕਿਹਾ ਸੀ ਕਿ ਅਦਾਲਤ ਜੋ ਕੁਝ ਵੀ ਉਸਦੇ ਕੋਲੋਂ ਸਵਾਲ ਪੁੱਛੇਗੀ, ਉਹ ਉਹਨਾਂ ਦਾ ਜਵਾਬ ਜ਼ਰੂਰ ਦੇਵੇਗਾ।

ਉਸ ਤੋਂ ਬਾਅਦ ਮੁਕੱਦਮੇ ਦੀ ਕਾਰਵਾਈ ਸ਼ੁਰੂ ਹੋ ਗਈ ਸੀ। ਸਭ ਤੋਂ ਪਹਿਲਾਂ ਮੁੱਖ ਜੱਜ ਹੀ ਅਸਗਰ ਨੂੰ ਅਣਗਿਣਤ ਸਵਾਲ ਕਰਦਾ ਰਿਹਾ ਸੀ। ਉਸਨੇ ਅਸਗਰ ਦੀ ਨਿੱਜੀ ਜ਼ਿੰਦਗੀ ਦੇ ਬਾਰੇ ਬਹੁਤ ਕੁਝ ਜਾਣਨ ਦੇ ਲਈ ਉਸਦੇ ਕੋਲੋਂ ਬਹੁਤ ਸਾਰੇ ਸਵਾਲ ਪੁੱਛੇ ਸਨ ਜਿਹਨਾਂ ਦਾ ਜਵਾਬ ਅਸਗਰ ਬਿਨਾਂ ਕਿਸੇ ਝਿਜਕ ਤੋਂ ਦੇ ਰਿਹਾ ਸੀ। ਮੁੱਖ ਜੱਜ ਨੇ ਉਸਨੂੰ ਇਹ ਵੀ ਪੁੱਛਿਆ ਸੀ ਕਿ ਪਹਿਲੀ ਵਾਰ ਉਸਨੇ ਫਾਤਮਾ ਨੂੰ ਕਦੋਂ ਅਤੇ ਕਿੱਥੇ ਦੇਖਿਆ ਸੀ ਅਤੇ ਉਸ ਵੇਲੇ ਦੋਹਾਂ ਦੀ ਉਮਰ ਕਿੰਨੀ ਕਿੰਨੀ ਸੀ? ਫਿਰ ਮੁੱਖ ਜੱਜ ਨੇ ਉਸਨੂੰ ਇਹ ਵੀ ਪੁੱਛਿਆ ਸੀ ਕਿ ਫਾਤਮਾ ਦੇ ਨਾਲ ਨਿਕਾਹ ਕਰਵਾਉਣ ਬਾਰੇ ਉਸਨੇ ਕਦੋਂ ਫ਼ੈਸਲਾ ਕੀਤਾ ਸੀ? ਉਸਦੇ ਕੋਲੋਂ ਇਹ ਵੀ ਪੁੱਛਿਆ ਗਿਆ ਸੀ ਕਿ ਨਿਕਾਹ ਦੋਹਾਂ ਦੀ ਮਰਜ਼ੀ ਅਨੁਸਾਰ ਹੋਇਆ ਸੀ ਜਾਂ ਕਿ ਉਹਨਾਂ ਦੇ ਘਰਦਿਆਂ ਨੇ ਉਹਦਾਂ ਦਾ ਨਿਕਾਹ ਆਪਣੀ ਮਰਜ਼ੀ ਦੇ ਨਾਲ ਕਰ

ਦਿੱਤਾ ਸੀ? ਉਸਦੇ ਕੋਲੋਂ ਇਹ ਵੀ ਪੁੱਛਿਆ ਗਿਆ ਸੀ ਕਿ ਨਿਕਾਹ ਤੋਂ ਬਾਅਦ ਉਹਨਾਂ ਦੇ ਵਿਚ ਕੋਈ ਤਣਾਉ ਤੇ ਨਹੀਂ ਸੀ? ਮੁੱਖ ਜੱਜ ਨੇ ਫਿਰ ਉਹਦੇ ਕੋਲੋਂ ਇਹ ਵੀ ਪੁੱਛਿਆ ਸੀ ਕਿ ਵਾਰਦਾਤ ਤੋਂ ਪਹਿਲਾਂ ਉਸਨੂੰ ਆਪਣੀ ਪਤਨੀ ਦੇ ਆਚਰਣ ਬਾਰੇ ਕੋਈ ਸ਼ੱਕ ਸੀ ਜਾਂ ਨਹੀਂ?

ਇਸਦੇ ਜਵਾਬ ਵਿਚ ਅਸਗਰ ਨੇ ਅਦਾਲਤ ਨੂੰ ਦੱਸਿਆ ਸੀ ਕਿ ਉਸਨੂੰ ਫਾਤਮਾ ਉੱਪਰ ਪੂਰਾ ਵਿਸ਼ਵਾਸ ਸੀ, ਉਸਨੇ ਤਾਂ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਉਹ ਉਹਦੇ ਨਾਲ ਵਿਸ਼ਵਾਸਘਾਤ ਕਰ ਸਕਦੀ ਸੀ। ਉਸਨੇ ਅਦਾਲਤ ਨੂੰ ਇਹ ਵੀ ਦੱਸਿਆ ਸੀ ਕਿ ਜਦੋਂ ਉਹ ਪਾਕਿਸਤਾਨ ਤੋਂ ਵਾਪਸ ਆਇਆ ਸੀ ਤਾਂ ਉਸਨੇ ਜਾਣ ਬੁੱਝ ਕੇ ਫਾਤਮਾ ਨੂੰ ਆਪਣੇ ਆਉਣ ਬਾਰੇ ਨਹੀਂ ਸੀ ਦੱਸਿਆ ਕਿਉਂਕਿ ਪਾਕਿਸਤਾਨ ਵਿਚ ਉਸਦਾ ਦਿਲ ਨਹੀਂ ਸੀ ਲੱਗਾ ਅਤੇ ਮਿੱਥੀ ਤਾਰੀਖ਼ ਤੋਂ ਉਹ ਬਹੁਤ ਦਿਨ ਪਹਿਲਾਂ ਹੀ ਵਾਪਸ ਇੰਗਲੈਂਡ ਆ ਗਿਆ ਸੀ। ਇਸਦਾ ਕਾਰਣ ਇਹ ਸੀ ਕਿ ਉਹ ਫਾਤਮਾ ਨੂੰ ਹੈਰਾਨ ਕਰਨਾ ਚਾਹੁੰਦਾ ਸੀ। ਉਹ ਉਹਦੇ ਲਈ ਪਾਕਿਸਤਾਨ ਤੋਂ ਬੜੇ ਤੋਹਫ਼ੇ ਖ਼ਰੀਦ ਕੇ ਲਿਆਇਆ ਸੀ ਪ੍ਰੰਤੂ ਜਦੋਂ ਉਹ ਆਪਣੇ ਘਰ ਪਹੁੰਚਾ ਸੀ ਤਾਂ ਘਰ ਵਿਚ ਉਸਨੇ ਫਾਤਮਾ ਨੂੰ ਕਿਸੇ ਗ਼ੈਰ ਮਰਦ ਦੇ ਨਾਲ ਰੰਗ-ਰਲੀਆਂ ਮਨਾਉਂਦੀ ਨੂੰ ਦੇਖਿਆ ਸੀ। ਅਸਗਰ ਨੇ ਉਸ ਤੋਂ ਬਾਅਦ ਅਦਾਲਤ ਨੂੰ ਦੱਸਿਆ ਸੀ ਕਿ ਜਦੋਂ ਉਸਨੇ ਫਾਤਮਾ ਨੂੰ ਇਸ ਤਰ੍ਹਾਂ ਕਰਦੀ ਨੂੰ ਦੇਖਿਆ ਸੀ ਤਾਂ ਉਸਦੀ ਹੋਸ਼ ਉੱਡ ਗਈ ਸੀ। ਫਿਰ ਉਸਨੇ ਸ਼ਰਾਬ ਪੀਤੀ ਸੀ ਤਾਂ ਜੋ ਉਹ ਆਪਣੇ ਉਸ ਸਦਮੇ ਨੂੰ ਭੁਲਾ ਸਕਦਾ ਪ੍ਰੰਤੂ ਨਸ਼ੇ ਦੀ ਹਾਲਤ ਵਿਚ ਜੋ ਕੁਝ ਵੀ ਵਾਪਰਿਆ ਸੀ ਉਹ ਅਦਾਲਤ ਨੂੰ ਪਤਾ ਹੀ ਸੀ।

ਮੁੱਖ ਜੱਜ ਨੇ ਫਿਰ ਅਸਗਰ ਨੂੰ ਸਵਾਲ ਕੀਤਾ ਸੀ ਕਿ ਜੇਕਰ ਉਸਦੀ ਪਤਨੀ ਉਸਨੂੰ ਪਿਆਰ ਨਹੀਂ ਸੀ ਕਰਦੀ ਜਾਂ ਉਹ ਕਿਸੇ ਹੋਰ ਮਰਦ ਨੂੰ ਚਾਹੁੰਦੀ ਸੀ ਤਾਂ ਉਹ ਉਸ ਦੇ ਕੋਲੋਂ ਤਲਾਕ ਲੈ ਸਕਦਾ ਸੀ। ਉਹ ਗੱਭਰੂ ਸੀ, ਸੋਹਣਾ ਸੁਨੱਖਾ ਨੌਜਵਾਨ ਸੀ, ਉਹ ਆਪਣੀ ਮਨਪਸੰਦ ਦੀ ਕੋਈ ਹੋਰ ਲੜਕੀ ਲੱਭ ਸਕਦਾ ਸੀ, ਉਸਨੂੰ ਲੜਕੀਆਂ ਦੀ ਕੋਈ ਘਾਟ ਨਹੀਂ ਸੀ, ਫਿਰ ਉਸਨੇ ਅਜਿਹਾ ਕਦਮ ਕਿਉਂ ਚੁੱਕਿਆ ਸੀ? ਉਸਨੂੰ ਆਪਣੀ ਪਤਨੀ ਨੂੰ ਜਾਨੋਂ ਮਾਰਨ ਦੀ ਕੀ ਜ਼ਰੂਰਤ ਸੀ? ਜੇਕਰ ਉਸਦੀ ਪਤਨੀ ਉਸ ਨਾਲ ਬੇਵਫ਼ਾਈ ਕਰਦੀ ਸੀ ਤਾਂ ਉਹ ਵੀ ਉਸ ਨਾਲ ਬੇਵਫ਼ਾਈ ਕਰ ਸਕਦਾ ਸੀ।

ਇਸਦੇ ਜਵਾਬ ਵਿਚ ਅਸਗਰ ਨੇ ਅਦਾਲਤ ਨੂੰ ਦੱਸਿਆ ਸੀ ਕਿ ਉਹ ਫਾਤਮਾ ਨੂੰ ਸੱਚੀ ਮੁਹੱਬਤ ਕਰਦਾ ਸੀ। ਮੁਹੱਬਤ ਹਮੇਸ਼ਾਂ ਸਿਰਫ਼ ਇਕ ਦੇ ਨਾਲ ਹੀ ਹੋ ਸਕਦੀ ਹੈ। ਦਿਲ ਕੋਈ ਖਿਡੌਣਾ ਨਹੀਂ, ਜਿਹੜਾ ਇਕ ਵਾਰ ਟੁੱਟਣ ਤੇ ਬਜ਼ਾਰੋਂ ਹੋਰ ਖ਼ਰੀਦਿਆ ਜਾ ਸਕਦਾ ਹੋਵੇ। ਅਸਗਰ ਨੇ ਅਦਾਲਤ ਨੂੰ ਇਹ ਵੀ ਦੱਸਿਆ ਸੀ ਕਿ ਦੁਆਰਾ ਹੋਰ ਨਿਕਾਹ ਕਰਵਾਉਣ ਬਾਰੇ ਤਾਂ ਉਹ ਸੋਚ ਵੀ ਨਹੀਂ ਸੀ ਸਕਦਾ ਕਿਉਂਕਿ ਉਸਨੂੰ ਪੂਰੀ ਔਰਤ ਜ਼ਾਤ ਦੇ ਨਾਲ ਨਫ਼ਰਤ ਹੋ ਗਈ ਸੀ ਅਤੇ ਉਹਨਾਂ ਉੱਪਰ ਵਿਸ਼ਵਾਸ ਉੱਡ ਗਿਆ ਸੀ। ਮੁਹੱਬਤ ਦੇ ਮਾਮਲੇ ਵਿਚ ਇਨਸਾਨ ਨੂੰ ਕਿਸੇ ਦੂਜੇ ਇਨਸਾਨ ਦੀ ਜ਼ਿੰਦਗੀ ਦੇ ਨਾਲ ਖੇਡਣ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ। ਅਸਗਰ ਨੇ ਅਦਾਲਤ ਨੂੰ ਕਿਹਾ ਸੀ ਕਿ ਉਸਨੂੰ ਆਮ ਆਦਮੀਆਂ ਵਰਗਾ ਨਹੀਂ ਸੀ ਸਮਝਿਆ ਜਾਣਾ ਚਾਹੀਦਾ ਕਿਉਂਕਿ ਉਸਦੇ ਕੁਝ ਆਪਣੇ ਹੀ ਅਸੂਲ ਸਨ।

ਮੁੱਖ ਜੱਜ ਤੋਂ ਬਾਅਦ ਬਾਕੀ ਦੇ ਜੱਜ ਵੀ ਅਸਗਰ ਦੇ ਕੋਲੋਂ ਬਹੁਤ ਸਾਰੇ ਸਵਾਲ ਵਾਰੋ-ਵਾਰੀ ਪੁੱਛਦੇ ਗਏ ਸਨ। ਅਸਗਰ ਉਹਨਾਂ ਦੇ ਸਾਰੇ ਸਵਾਲਾਂ ਦਾ ਜਵਾਬ ਦਿੰਦਾ ਰਿਹਾ ਸੀ। ਸਰਕਾਰੀ ਵਕੀਲ ਨੇ ਵੀ ਉਸਦੇ ਕੋਲੋਂ ਕਈ ਸਵਾਲ ਪੁੱਛੇ ਸਨ। ਉਸ ਤੋਂ ਬਾਅਦ ਉਸਦੇ ਆਪਣੇ ਵਕੀਲਾਂ ਨੇ ਵੀ ਉਸਨੂੰ ਕੁਝ ਸਵਾਲ ਕੀਤੇ ਸਨ।

ਅਸਗਰ ਦੇ ਬਿਆਨਾਂ ਤੋਂ ਬਾਅਦ ਫਿਰ ਉਹਨਾਂ ਸਿਪਾਹੀਆਂ ਦੇ ਕੋਲੋਂ ਵੀ ਬਿਆਨ ਲਏ ਗਏ ਸਨ ਜਿਹਨਾਂ ਨੇ ਵਾਰਦਾਤ ਵਾਲੀ ਥਾਂ ਉੱਤੇ ਜਾ ਕੇ ਅਸਗਰ ਨੂੰ ਗ੍ਰਿਫ਼ਤਾਰ ਕੀਤਾ ਸੀ। ਉਹਨਾਂ ਸਿਪਾਹੀਆਂ ਨੇ ਜੋ ਕੁਝ ਵੀ ਆਪਣੀਆਂ ਅੱਖਾਂ ਦੇ ਨਾਲ ਦੇਖਿਆ ਸੀ, ਉਸ ਬਾਰੇ ਪੂਰੇ ਵਿਸਥਾਰ ਦੇ ਨਾਲ ਅਦਾਲਤ ਨੂੰ ਦੱਸ ਦਿੱਤਾ ਸੀ। ਸਿਪਾਹੀਆਂ ਦੇ ਬਿਆਨਾਂ ਤੋਂ ਬਾਅਦ ਉਸ ਡਾਕਟਰ ਨੇ ਆਪਣੀ ਰਿਪੋਰਟ ਪੜ੍ਹੀ ਸੀ ਜਿਸਨੇ ਫਾਤਮਾ ਦੀ ਲਾਸ਼ ਦਾ ਪੋਸਟ ਮਾਰਟਮ ਕੀਤਾ ਸੀ। ਅਦਾਲਤ ਨੇ ਉਸ ਡਾਕਟਰ ਨੂੰ ਉਸ ਰਿਪੋਰਟ ਸੰਬੰਧੀ ਵੀ ਕਈ ਪ੍ਰਸ਼ਨ ਪੁੱਛੇ ਸਨ।

ਅਦਾਲਤ ਦੀ ਇਹ ਕਾਰਵਾਈ ਸਾਰਾ ਦਿਨ ਹੀ ਚੱਲਦੀ ਰਹੀ ਸੀ। ਅਖ਼ੀਰ ਵਿਚ ਮੁੱਖ ਜੱਜ ਨੇ ਸਰਕਾਰੀ ਵਕੀਲ ਨੂੰ ਆਖਿਆ ਸੀ ਕਿ ਉਹ ਉਸ ਮੁਕੱਦਮੇ ਦੇ ਸੰਬੰਧ ਵਿਚ ਆਪਣੀ ਰਾਏ ਦੱਸੇ ਅਤੇ ਸਰਕਾਰੀ ਵਕੀਲ ਨੇ ਇਸ ਬਾਰੇ ਦੂਜੇ ਦਿਨ ਸਵੇਰ ਨੂੰ ਆਪਣੀ ਰਿਪੋਰਟ ਪੇਸ਼ ਕਰਨ ਦੀ ਬੇਨਤੀ ਕਰ ਦਿੱਤੀ ਸੀ, ਜਿਸਨੂੰ ਅਦਾਲਤ ਨੇ ਪ੍ਰਵਾਨ ਕਰ ਲਿਆ ਸੀ ਅਤੇ ਅਦਾਲਤ ਦੀ ਬਾਕੀ ਕਾਰਵਾਈ ਦੂਜੇ

ਦਿਨ ਸਵੇਰ ਨੂੰ ਕਰਨ ਦੇ ਆਦੇਸ਼ ਦੇ ਕੇ ਉਸ ਦਿਨ ਦੀ ਕਾਰਵਾਈ ਨੂੰ ਰੋਕ ਦਿੱਤਾ ਗਿਆ ਸੀ। ਅਸਗਰ ਨੂੰ ਸਿਪਾਹੀਆਂ ਨੇ ਹੱਥਕੜੀਆਂ ਲਗਾ ਕੇ ਹਵਾਲਾਤ ਦੇ ਅੰਦਰ ਲੈ ਆਂਦਾ ਸੀ ਅਤੇ ਉਸਦੀ ਕੋਠੜੀ ਦੇ ਕੋਲ ਪਹੁੰਚ ਕੇ ਉਸਦੀਆਂ ਹੱਥਕੜੀਆਂ ਨੂੰ ਖੋਲ੍ਹ ਕੇ ਉਸਨੂੰ ਉਸਦੀ ਕੋਠੜੀ ਦੇ ਅੰਦਰ ਬੰਦ ਕਰ ਦਿੱਤਾ ਗਿਆ ਸੀ।

ਦੂਜੇ ਦਿਨ ਸਵੇਰ ਨੂੰ ਸੁੱਕੀ ਡਬਲਰੋਟੀ ਦਾ ਨਾਸ਼ਤਾ ਕਰਨ ਤੋਂ ਬਾਅਦ ਉਹ ਅਦਾਲਤ ਵਿਚ ਜਾਣ ਦੇ ਲਈ ਤਿਆਰ ਹੋ ਗਿਆ ਸੀ। ਉਸ ਦਿਨ ਉਸਨੂੰ ਅਦਾਲਤ ਵਿਚ ਲੈ ਕੇ ਜਾਣ ਦੀ ਡਿਊਟੀ ਹੋਰ ਸਿਪਾਹੀਆਂ ਦੀ ਲੱਗੀ ਸੀ। ਜਿਹਨਾਂ ਨੇ ਅਸਗਰ ਨੂੰ ਅਦਾਲਤ ਵਿਚ ਲਿਜਾਣ ਤੋਂ ਪਹਿਲਾਂ ਉਸਦੀ ਚੰਗੀ ਤਰ੍ਹਾਂ ਤਲਾਸ਼ੀ ਲਈ ਸੀ। ਫਿਰ ਉਸਨੂੰ ਹੱਥਕੜੀਆਂ ਲਗਾ ਕੇ ਅਦਾਲਤ ਵਿਚ ਲਿਜਾਇਆ ਗਿਆ ਸੀ। ਇਹ ਸਿਪਾਹੀ ਅਸਗਰ ਨੂੰ ਕੁਝ ਦੇਰ ਪਹਿਲਾਂ ਹੀ ਲੈ ਗਏ ਸਨ ਜਿਸ ਕਰਕੇ ਅਦਾਲਤ ਵਿਚ ਉਹਨਾਂ ਨੂੰ ਕਾਫ਼ੀ ਦੇਰ ਤੱਕ ਉਡੀਕ ਕਰਨੀ ਪਈ ਸੀ। ਉਸ ਦਿਨ ਅਦਾਲਤ ਦਾ ਕਮਰਾ ਕੋਈ ਹੋਰ ਸੀ ਪ੍ਰੰਤੂ ਜੱਜ ਅਤੇ ਸਰਕਾਰੀ ਵਕੀਲ ਪਹਿਲਾਂ ਵਾਲੇ ਹੀ ਸਨ। ਜੱਜ ਅਦਾਲਤ ਵਿਚ ਆਣ ਕੇ ਆਪਣੀ ਆਪਣੀ ਥਾਂ ਉੱਪਰ ਬੈਠ ਗਏ ਸਨ। ਥੋੜ੍ਹੀ ਦੇਰ ਬਾਅਦ ਮੁੱਖ ਜੱਜ ਨੇ ਸਰਕਾਰੀ ਵਕੀਲ ਨੂੰ ਉਸ ਮੁਕੱਦਮੇ ਬਾਰੇ ਆਪਣੀ ਰਾਏ ਪੇਸ਼ ਕਰਨ ਦੇ ਲਈ ਆਖਿਆ ਸੀ।

ਸਰਕਾਰੀ ਵਕੀਲ ਖੜ੍ਹਾ ਹੋ ਕੇ ਬਹੁਤ ਲੰਬੀ ਦੇਰ ਤੱਕ ਜੋ ਕੁਝ ਵੀ ਉਸਨੇ ਲਿਖਿਆ ਸੀ, ਉਸਨੂੰ ਪੜ੍ਹਦਾ ਰਿਹਾ ਸੀ। ਉਹ ਜੋ ਕੁਝ ਵੀ ਬੋਲ ਰਿਹਾ ਸੀ, ਉਹ ਹਰ ਇਕ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕਰ ਰਿਹਾ ਸੀ ਅਤੇ ਸਾਰਾ ਕੁਝ ਅਸਗਰ ਦੇ ਖਿਲਾਫ਼ ਹੀ ਆਖ ਰਿਹਾ ਸੀ। ਉਸਨੇ ਅਦਾਲਤ ਨੂੰ ਆਖਿਆ ਸੀ ਕਿ ਮੁਜ਼ਰਮ ਨੇ ਜਿਸ ਬੇਰਹਿਮੀ ਦੇ ਨਾਲ ਆਪਣੀ ਪਤਨੀ ਨੂੰ ਜਾਨੋਂ ਖ਼ਤਮ ਕੀਤਾ ਸੀ, ਉਹ ਬਹੁਤ ਹੀ ਡਰਾਵਣਾ ਕੰਮ ਸੀ। ਇਸ ਤਰ੍ਹਾਂ ਤਾਂ ਕੋਈ ਇਨਸਾਨ ਆਪਣੇ ਦੁਸ਼ਮਣਾਂ ਦੇ ਨਾਲ ਵੀ ਨਹੀਂ ਕਰ ਸਕਦਾ। ਮੁਜ਼ਰਮ ਦੀ ਪਤਨੀ ਨੂੰ ਸਭ ਕੁਝ ਕਰਨ ਦੀ ਆਜ਼ਾਦੀ ਸੀ। ਇਹ ਉਸਦਾ ਨਿੱਜੀ ਮਾਮਲਾ ਸੀ ਅਤੇ ਕੋਈ ਵੀ ਵਿਅਕਤੀ ਉਸ ਵਿਚ ਦਖ਼ਲ-ਅੰਦਾਜ਼ੀ ਨਹੀਂ ਸੀ ਕਰ ਸਕਦਾ। ਮੁਜ਼ਰਮ ਨੇ ਉਸਨੂੰ ਜਾਨੋਂ ਮਾਰ ਕੇ ਨਾ ਸਿਰਫ਼ ਉਸਦੀ ਆਜ਼ਾਦੀ ਨੂੰ ਹੀ ਖ਼ਤਮ ਕੀਤਾ ਸੀ ਸਗੋਂ ਕਾਨੂੰਨ ਤੋੜ ਕੇ ਰੱਖ ਦਿੱਤਾ ਸੀ। ਜੇਕਰ ਅਦਾਲਤ ਨੇ ਇਸ ਮੁਜ਼ਰਮ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਨਾ ਦਿੱਤੀ ਤਾਂ ਦੇਸ਼ ਵਿਚ ਇਹੋ ਜਿਹੀਆਂ ਹੋਰ ਵੀ ਹਿੰਸਕ ਵਾਰਦਾਤਾਂ ਹੋ ਸਕਦੀਆਂ ਸਨ। ਇਸ

ਤਰ੍ਹਾਂ ਸਰਕਾਰੀ ਵਕੀਲ ਨੇ ਅਸਗਰ ਦੇ ਲਈ ਸਖ਼ਤ ਤੋਂ ਸਖ਼ਤ ਕੈਦ ਦੀ ਸਜ਼ਾ ਦੀ ਮੰਗ ਕੀਤੀ ਸੀ।

ਸਰਕਾਰੀ ਵਕੀਲ ਤੋਂ ਬਾਅਦ ਅਸਗਰ ਦੇ ਵਕੀਲਾਂ ਨੇ ਵਾਰੋ-ਵਾਰੀ ਉਸਦੇ ਪੱਖ ਵਿਚ ਬਹੁਤ ਸਾਰੀਆਂ ਦਲੀਲਾਂ ਪੇਸ਼ ਕੀਤੀਆਂ ਸਨ। ਵਕੀਲਾਂ ਨੇ ਇਹ ਵੀ ਆਖਿਆ ਸੀ ਕਿ ਮੁਜ਼ਰਮ ਦਾ ਜਨਮ ਅਤੇ ਬਚਪਨ ਕਿਸੇ ਹੋਰ ਦੇਸ਼ ਵਿਚ ਬੀਤਿਆ ਸੀ ਜਿਹਨਾਂ ਦਾ ਧਰਮ ਅਤੇ ਸਮਾਜ ਵੱਖਰੀ ਕਿਸਮ ਦਾ ਹੈ ਜੋ ਔਰਤ ਨੂੰ ਐਨੀ ਜ਼ਿਆਦਾ ਆਜ਼ਾਦੀ ਨਹੀਂ ਦਿੰਦਾ। ਫਿਰ ਵਕੀਲਾਂ ਨੇ ਅਦਾਲਤ ਨੂੰ ਇਹ ਵੀ ਦੱਸਿਆ ਸੀ ਕਿ ਮੁਜ਼ਰਮ ਦਾ ਆਪਣੀ ਪਤਨੀ ਦੇ ਨਾਲ ਹੱਦ ਤੋਂ ਜ਼ਿਆਦਾ ਪਿਆਰ ਸੀ। ਇਸ ਦਾ ਸਬੂਤ ਉਹਨਾਂ ਚਿੱਠੀਆਂ ਤੋਂ ਮਿਲਦਾ ਹੈ ਜਿਹੜੀਆਂ ਉਸਨੇ ਆਪਣੀ ਪਤਨੀ ਨੂੰ ਪਾਕਿਸਤਾਨ ਤੋਂ ਲਿਖੀਆਂ ਸਨ। ਵਕੀਲਾਂ ਨੇ ਅਦਾਲਤ ਦੇ ਅੱਗੇ ਇਹ ਦਲੀਲ ਵੀ ਪੇਸ਼ ਕੀਤੀ ਸੀ ਕਿ ਵਾਰਦਾਤ ਵੇਲੇ ਮੁਜ਼ਰਮ ਨੇ ਸ਼ਰਾਬ ਪੀਤੀ ਹੋਈ ਸੀ ਜਿਸ ਕਾਰਣ ਉਹ ਜੋ ਕੁਝ ਕਰ ਰਿਹਾ ਸੀ ਉਸ ਬਾਰੇ ਉਸਨੂੰ ਪਤਾ ਹੀ ਨਹੀਂ ਸੀ। ਵਕੀਲਾਂ ਨੇ ਅਸਗਰ ਦੇ ਪੱਖ ਵਿਚ ਹੋਰ ਵੀ ਬਹੁਤ ਕੁਝ ਆਖਿਆ ਸੀ। ਉਹਨਾਂ ਨੇ ਇਹ ਵੀ ਕਿਹਾ ਸੀ ਕਿ ਮੁਜ਼ਰਮ ਦੀ ਪਤਨੀ ਨੂੰ ਉਸਦੇ ਜਜ਼ਬਾਤਾਂ ਦੇ ਨਾਲ ਨਹੀਂ ਸੀ ਖੇਡਣਾ ਚਾਹੀਦਾ ਅਗਰ ਕੋਈ ਇਨਸਾਨ ਦੂਸਰੇ ਨੂੰ ਪਿਆਰ ਕਰਦਾ ਹੈ ਤਾਂ ਉਹਦੇ ਕੋਲੋਂ ਵੀ ਪਿਆਰ ਦੀ ਉਮੀਦ ਹੀ ਰੱਖੀ ਜਾਂਦੀ ਹੈ। ਮੁਜ਼ਰਮ ਨੂੰ ਆਪਣੀ ਪਤਨੀ ਨੂੰ ਜਾਨੋਂ ਮਾਰ ਕੇ ਕੋਈ ਖ਼ੁਸ਼ੀ ਨਹੀਂ ਸੀ  ਹੋਈ ਸਗੋਂ ਦੁੱਖ ਹੀ ਹੋਇਆ ਸੀ। ਦਰਅਸਲ ਇਹ ਵਾਰਦਾਤ ਉਸਨੇ ਜਾਣ-ਬੁੱਝ ਕੇ ਨਹੀਂ ਸੀ ਕੀਤੀ ਸਗੋਂ ਉਸਦੇ ਕੋਲੋਂ ਹਾਲਾਤ ਨੇ ਹੀ ਇਹ ਸਭ ਕੁਝ ਕਰਵਾਇਆ ਸੀ। ਸਾਡੇ ਕੋਲ ਮੌਕੇ ਦੀ ਇਕ ਵੀ ਗਵਾਹੀ ਨਹੀਂ, ਮੁਜ਼ਰਮ ਨੇ ਅਦਾਲਤ ਦੇ ਕੋਲੋਂ ਇਕ ਵੀ ਭੇਦ ਨਹੀਂ ਛੁਪਾਇਆ ਅਤੇ ਸਾਰੀ ਸੱਚਾਈ ਨੂੰ ਸਾਡੀਆਂ ਅੱਖਾਂ ਦੇ ਸਾਹਮਣੇ ਲਿਆਂਦਾ ਹੈ। ਮੁਜ਼ਰਮ ਨੇ ਆਪਣੀ ਜ਼ਿੰਦਗੀ ਦੇ ਵਿਚ ਪਹਿਲਾਂ ਕੋਈ ਵੀ ਜ਼ੁਰਮ ਨਹੀਂ ਕੀਤਾ ਇਸ ਲਈ ਪਹਿਲੇ ਜ਼ੁਰਮ ਦੇ ਬਦਲੇ ਇਸਨੂੰ ਮੁਆਫ਼ ਕਰਕੇ ਅੱਗੇ ਤੋਂ ਫਿਰ ਇਕ ਨੇਕ ਇਨਸਾਨ ਬਣਨ ਦਾ ਮੌਕਾ ਦੇਣਾ ਚਾਹੀਦਾ ਹੈ। ਅਸਗਰ ਦੇ ਵਕੀਲਾਂ ਨੇ ਬੜੇ  ਪ੍ਰਭਾਵਸ਼ਾਲੀ ਤਰੀਕੇ ਦੇ ਨਾਲ ਆਪਣੀਆਂ ਦਲੀਲਾਂ ਪੇਸ਼ ਕੀਤੀਆਂ ਸਨ ਅਤੇ ਉਹਨਾਂ ਨੇ ਅਸਗਰ ਨੂੰ ਛੁਡਾਉਣ ਦੇ ਲਈ ਪੂਰੀ ਕੋਸ਼ਿਸ਼ ਕੀਤੀ ਸੀ।

ਵਕੀਲਾਂ ਦੇ ਬੋਲ ਚੁੱਕਣ ਤੋਂ ਬਾਅਦ ਅਦਾਲਤ ਨੇ ਕਾਰਵਾਈ ਨੂੰ ਅੱਧੇ ਘੰਟੇ ਦੇ ਵਾਸਤੇ ਬੰਦ ਕਰ ਦਿੱਤਾ ਸੀ। ਜੱਜ ਉੱਠ ਕੇ ਇਕ ਵੱਖਰੇ ਕਮਰੇ ਵਿਚ ਚਲੇ ਗਏ

ਸਨ। ਅੱਧੇ ਘੰਟੇ ਤੋਂ ਬਾਅਦ ਉਹਨਾਂ ਨੇ ਆਣ ਕੇ ਆਪਣਾ ਫ਼ੈਸਲਾ ਸੁਣਾ ਦਿੱਤਾ ਸੀ। ਮੁੱਖ ਜੱਜ ਇਸ ਫ਼ੈਸਲੇ ਨੂੰ ਪੜ੍ਹ ਰਿਹਾ ਸੀ। ਉਸਨੇ ਕਈ ਗੱਲਾਂ ਅਸਗਰ ਦੇ ਪੱਖ ਵਿਚ ਅਤੇ ਕਈ ਗੱਲਾਂ ਉਸਦੇ ਖਿਲਾਫ਼ ਆਖੀਆਂ ਸਨ। ਮੁੱਖ ਜੱਜ ਨੇ ਕਿਹਾ ਸੀ ਕਿ ਇਹ ਉਹਨਾਂ ਦੀ ਬਦਕਿਸਮਤੀ ਅਤੇ ਮੁਜ਼ਰਮ ਦੀ ਚੰਗੀ ਕਿਸਮਤ ਹੀ ਸੀ ਕਿ ਜਿਸ ਵੇਲੇ ਵਾਰਦਾਤ ਹੋਈ ਸੀ, ਉਸ ਵੇਲੇ ਕੋਈ ਵੀ ਇਨਸਾਨ ਇਸਨੂੰ ਆਪਣੀਆਂ ਅੱਖਾਂ ਦੇ ਨਾਲ ਨਹੀਂ ਸੀ ਦੇਖ ਸਕਿਆ। ਮੁਜ਼ਰਮ ਨੇ ਸਾਰਾ ਕੁਝ ਸੱਚ ਬੋਲਿਆ ਸੀ ਅਤੇ ਜੋ ਕੁਝ ਉਸਨੇ ਕੀਤਾ ਸੀ, ਇਹ ਸਾਰਾ ਕੁਝ ਅਚਾਨਕ ਹੀ ਹੋ ਗਿਆ ਸੀ, ਇਸ ਬਾਰੇ ਉਸਨੇ ਪਹਿਲਾਂ ਕੋਈ ਯੋਜਨਾ ਨਹੀਂ ਸੀ ਬਣਾਈ।

ਅਸਗਰ ਦੇ ਵਕੀਲਾਂ ਦੁਆਰਾ ਪੇਸ਼ ਕੀਤੀਆਂ ਗਈਆਂ ਦਲੀਲਾਂ ਦਾ ਅਦਾਲਤ ਉੱਪਰ ਬਹੁਤ ਜ਼ਿਆਦਾ ਅਸਰ ਹੋਇਆ ਸੀ ਅਤੇ ਉਹਨਾਂ ਨੇ ਇਸ ਬਾਰੇ ਆਪਣਾ ਫ਼ੈਸਲਾ ਸੁਣਾਉਂਦਿਆਂ ਹੋਇਆਂ ਨੇ ਜ਼ਿਕਰ ਵੀ ਕੀਤਾ ਸੀ। ਅਦਾਲਤ ਨੇ ਆਪਣੇ ਫ਼ੈਸਲੇ ਵਿਚ ਅਸਗਰ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਸੀ। ਇਕ ਸਾਲ ਤੋਂ ਵੱਧ ਦੀ ਸਜ਼ਾ ਉਹ ਹਵਾਲਾਤ ਵਿਚ ਕੱਟ ਚੁੱਕਿਆ ਸੀ ਅਤੇ ਬਾਕੀ ਦੀ ਤਕਰੀਬਨ ਦੋ ਸਾਲ ਦੀ ਸਜ਼ਾ ਲਈ ਉਸਨੂੰ ਪ੍ਰੋਬੇਸ਼ਨ ਉੱਪਰ ਛੱਡਣ ਦਾ ਅਦਾਲਤ ਨੇ ਫ਼ੈਸਲਾ ਕੀਤਾ ਸੀ। ਅਦਾਲਤ ਨੇ ਇਹ ਵੀ ਕਿਹਾ ਸੀ ਕਿ ਉਸਨੂੰ ਛੱਡਣ ਤੋਂ ਪਹਿਲਾਂ ਕਿਸੇ ਮਨੋ-ਵਿਗਿਆਨੀ ਦੇ ਕੋਲੋਂ ਉਸਨੂੰ ਇਹ ਸਰਟੀਫ਼ਿਕੇਟ ਲੈਣਾ ਪੈਣਾ ਸੀ ਕਿ ਮਾਨਸਿਕ ਤੌਰ 'ਤੇ ਉਹ ਪੂਰੀ ਤਰ੍ਹਾਂ ਤੰਦਰੁਸਤ ਸੀ। ਇਸ ਲਈ ਅਦਾਲਤ ਨੇ ਉਦੋਂ ਤੱਕ ਅਸਗਰ ਨੂੰ ਪੁਲੀਸ ਦੀ ਹਿਰਾਸਤ ਵਿਚ ਰੱਖਣ ਦਾ ਫ਼ੈਸਲਾ ਕੀਤਾ ਸੀ, ਜਦੋਂ ਤੱਕ ਉਸਨੇ ਇਹ ਸਰਟੀਫ਼ਿਕੇਟ ਕਿਸੇ ਮਨੋ-ਵਿਗਿਆਨੀ ਦੇ ਕੋਲੋਂ ਪ੍ਰਾਪਤ ਕਰਨਾ ਸੀ। ਜੱਜ ਆਪਣਾ ਫ਼ੈਸਲਾ ਸੁਣਾ ਕੇ ਚਲੇ ਗਏ ਸਨ।

ਅਦਾਲਤ ਦੇ ਇਸ ਫ਼ੈਸਲੇ ਨੂੰ ਸੁਣ ਕੇ ਅਸਗਰ ਦੇ ਵਕੀਲਾਂ ਨੂੰ ਬਹੁਤ ਜ਼ਿਆਦਾ ਖ਼ੁਸ਼ੀ ਹੋਈ ਸੀ ਅਤੇ ਉਹਨਾਂ ਨੇ ਉਸਨੂੰ ਮੁਬਾਰਕਵਾਦ ਆਖੀ ਸੀ ਪ੍ਰੰਤੂ ਅਸਗਰ ਨੂੰ ਅਦਾਲਤ ਦੇ ਉਸ ਫ਼ੈਸਲੇ ਬਾਰੇ ਸੁਣਕੇ ਕੋਈ ਖ਼ੁਸ਼ੀ ਨਹੀਂ ਸੀ ਹੋਈ। ਕੁਝ ਦੇਰ ਬਾਅਦ ਅਸਗਰ ਨੂੰ ਫਿਰ ਹਵਾਲਾਤ ਵਿਚ ਲਿਜਾ ਕੇ ਉਸਦੀ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ ਸੀ।

ਅਗਲੀ ਸਵੇਰ ਜਦੋਂ ਇਕ ਸਿਪਾਹੀ ਨੇ ਅਸਗਰ ਨੂੰ ਨਾਸ਼ਤਾ ਦੇਣ ਦੇ ਲਈ ਉਸਦੀ ਕੋਠੜੀ ਦਾ ਦਰਵਾਜ਼ਾ ਖੋਲ੍ਹਿਆ ਸੀ ਤਾਂ ਉਸਨੇ ਕੋਠੜੀ ਦੇ ਅੰਦਰ ਅਸਗਰ ਦੀ ਲਟਕਦੀ ਹੋਈ ਲਾਸ਼ ਨੂੰ ਦੇਖਿਆ ਸੀ। ਉਸਦੀ ਲਾਸ਼ ਦੇ ਗਲ ਵਿਚ ਕੱਪੜਿਆਂ

ਨੂੰ ਕੱਟ-ਕੱਟ ਕੇ ਬਣਾਈ ਹੋਈ ਇਕ ਰੱਸੀ ਜਿਹੀ ਸੀ। ਲਾਸ਼ ਦੇ ਹੱਥ ਵਿਚ ਲੰਬੇ ਸਾਰੇ ਪਰਚੇ ਸਨ। ਸਿਪਾਹੀ ਨੇ ਖ਼ਤਰੇ ਦਾ ਅਲਾਰਮ ਵਜਾ ਦਿੱਤਾ ਸੀ ਜਿਸਨੂੰ ਸੁਣਕੇ ਹੋਰ ਕਈ ਸਿਪਾਹੀ ਉੱਥੇ ਦੌੜੇ ਆਏ ਸਨ। ਬੜੀ ਮੁਸ਼ਕਲ ਦੇ ਨਾਲ ਉਹਨਾਂ ਨੇ ਲਾਸ਼ ਦੇ ਗਲ ਵਿਚੋਂ ਰੱਸੀ ਨੂੰ ਕੱਟ ਕੇ ਇਸਨੂੰ ਥੱਲੇ ਉਤਾਰਿਆ ਸੀ। ਅਸਗਰ ਦੇ ਹੱਥ ਵਿਚ ਜੋ ਪਰਚੇ ਸਨ, ਉਹਨਾਂ ਉੱਪਰ ਅੰਗਰੇਜ਼ੀ ਵਿਚ ਲਿਖਿਆ ਹੋਇਆ ਸੀ,

"ਆਪਣੇ ਪਰਿਵਾਰ ਨੂੰ,

ਮੈਂ ਆਖ਼ਰੀ ਵਾਰ ਤੁਹਾਡਾ ਧੰਨਵਾਦ ਕਰ ਰਿਹਾ ਹਾਂ ਕਿਉਂਕਿ ਤੁਸੀਂ ਜਦੋਂ ਵੀ ਮੇਰੇ ਉੱਤੇ ਕੋਈ ਵੀ ਭੀੜ ਬਣੀ, ਹਰ ਸੰਭਵ ਸਹਾਇਤਾ ਕੀਤੀ। ਖ਼ਾਸ ਕਰਕੇ ਮੈਂ ਅੰਮੀ ਨੂੰ ਬੇਨਤੀ ਕਰਦਾ ਹਾਂ ਕਿ ਮੇਰੀ ਮੌਤ ਉੱਤੇ ਉਦਾਸ ਨਹੀਂ ਹੋਣਾ। ਮੈਂ ਵੀ ਜੀਊਣਾ ਚਾਹੁੰਦਾ ਸੀ, ਮੈਂ ਵੀ ਜ਼ਿੰਦਗੀ ਵਿਚ ਬਹੁਤ ਸਾਰੇ ਸੁਪਨੇ ਲਏ ਸਨ ਪ੍ਰੰਤੂ ਜ਼ਾਲਮ ਵਕਤ ਨੇ ਮੈਨੂੰ ਕੀ ਦਾ ਕੀ ਬਣਾ ਕੇ ਰੱਖ ਦਿੱਤਾ। ਅੰਮੀ ਜੀ, ਮੇਰੀਆਂ ਭੈਣਾਂ ਜਵਾਨ ਹਨ ਇਸ ਲਈ ਤੁਸੀਂ ਕੋਈ ਚੰਗੇ ਜਿਹੇ ਮੁੰਡੇ ਲੱਭ ਕੇ ਉਹਨਾਂ ਦੇ ਨਿਕਾਹ ਪੜ੍ਹਾ ਦੇਣੇ। ਮੈਨੂੰ ਬੜਾ ਅਫ਼ਸੋਸ ਹੈ ਕਿ ਮੈਂ ਸਾਰੀ ਉਮਰ ਆਪਣੀ ਪਤਨੀ ਬਾਰੇ ਹੀ ਸੋਚਦਾ ਰਿਹਾ, ਮੈਂ ਕਦੇ ਵੀ ਆਪਣੀਆਂ ਭੈਣਾਂ ਦੀ ਜ਼ਿੰਦਗੀ ਬਾਰੇ ਨਾ ਸੋਚਿਆ। ਅੰਮੀ ਜਾਨ, ਮੇਰੇ ਖਾਤੇ ਵਿਚ ਜਿੰਨੇ ਵੀ ਪੈਸੇ ਹਨ, ਤੁਸੀਂ ਉਹ ਲੈ ਕੇ ਅਤੇ ਬਾਕੀ ਜਿਹੜਾ ਮੈਂ ਮਕਾਨ ਲਿਆ ਸੀ, ਤੁਸੀਂ ਉਸਨੂੰ ਵੀ ਵੇਚ ਦੇਣਾ ਅਤੇ ਜਿੰਨਾ ਵੀ ਕੀਮਤੀ ਸਾਮਾਨ ਹੈ, ਉਹ ਵੀ ਵੇਚ ਕੇ ਤੁਹਾਨੂੰ ਜਿੰਨੇ ਵੀ ਪੈਸੇ ਮਿਲਣ, ਉਹ ਬਾਨੋਂ ਅਤੇ ਜ਼ੁਲੈਖਾਂ ਦੇ ਨਿਕਾਹਾਂ ਉੱਪਰ ਖ਼ਰਚ ਕਰ ਦੇਣੇ। ਹੋਰ ਸੱਚ ਮੈਂ ਦੱਸਣਾ ਹੀ ਭੁੱਲ ਗਿਆ ਸੀ ਕਿ ਮੇਰੀ ਲਾਈਫ਼ ਇੰਸ਼ੋਰੈਂਸ ਦੇ ਪੈਸੇ ਵੀ ਤੁਹਾਨੂੰ ਮਿਲ ਜਾਣਗੇ। ਮੈਂ ਇਸ ਬਾਰੇ ਇਕ ਵੱਖਰੇ ਕਾਗਜ਼ ਉੱਪਰ ਵਸੀਅਤ ਕਰ ਰਿਹਾ ਹਾਂ। ਅੰਮੀ ਜੀ, ਤੁਸੀਂ ਆਪਣੀ ਸਿਹਤ ਦਾ ਖ਼ਿਆਲ ਰੱਖਣਾ ਅਤੇ ਬਹੁਤਾ ਕੰਮ ਕਰਨ ਦੀ ਤੁਹਾਨੂੰ ਹੁਣ ਕੋਈ ਜ਼ਰੂਰਤ ਨਹੀਂ ਕਿਉਂਕਿ ਅੱਲਾਹ ਤਾਅਲਾ ਨੇ ਤੁਹਾਨੂੰ ਪਹਿਲਾਂ ਹੀ ਬਹੁਤ ਕੁਝ ਦਿੱਤਾ ਹੋਇਆ ਹੈ। ਅੰਮੀ ਜਾਨ, ਮੈਂ ਜ਼ਿੰਦਗੀ ਵਿਚ ਜਿੰਨੀਆਂ ਵੀ ਗੁਸਤਾਖ਼ੀਆਂ ਕੀਤੀਆਂ ਹਨ, ਉਹਨਾਂ ਬਾਰੇ ਤੁਹਾਡੇ ਕੋਲੋਂ ਆਪਣੇ ਦੋਵੇਂ ਹੱਥ ਜੋੜ ਕੇ ਖ਼ਿਮਾ ਮੰਗ ਰਿਹਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਤੁਸੀਂ ਮੈਨੂੰ ਜ਼ਰੂਰ ਮੁਆਫ਼ ਕਰ ਦਿਉਗੇ। ਅੰਮੀ ਜੀ, ਮੈਂ ਤਾਂ ਸੋਚਦਾ ਸੀ ਕਿ ਅਦਾਲਤ ਮੈਨੂੰ ਘੱਟੋ-ਘੱਟ ਉਮਰ ਕੈਦ ਦੀ ਸਜ਼ਾ ਜ਼ਰੂਰ ਦੇਵੇਗੀ ਅਤੇ ਸਜ਼ਾ ਭੁਗਤਣ ਤੋਂ ਬਾਅਦ ਹੀ ਮੈਂ ਮਰਨ ਬਾਰੇ ਸੋਚਿਆ ਸੀ ਕਿਉਂਕਿ ਜੇਕਰ ਮੈਂ ਪਹਿਲਾਂ ਮਰ ਜਾਂਦਾ ਤਾਂ ਲੋਕਾਂ ਨੇ ਸੋਚਣਾ ਸੀ ਕਿ ਮੈਂ ਸਜ਼ਾ ਤੋਂ

ਡਰਦੇ ਨੇ ਹੀ ਫਾਹਾ ਲੈ ਲਿਆ। ਹੁਣ ਅੰਮੀ ਜਾਨ, ਮੈਨੂੰ ਅਦਾਲਤ ਨੇ ਛੱਡ ਦਿੱਤਾ ਹੈ, ਇਸ ਲਈ ਕੋਈ ਵੀ ਮੇਰੇ ਬਾਰੇ ਇਸ ਤਰ੍ਹਾਂ ਨਹੀਂ ਸੋਚੇਗਾ। ਅੰਮੀ ਜੀ, ਦਿਲ ਤੇ ਕਰਦਾ ਹੈ ਕਿ ਮੈਂ ਤੁਹਾਨੂੰ ਬਹੁਤ ਕੁਝ ਲਿਖਾਂ ਪ੍ਰੰਤੂ ਤੁਹਾਨੂੰ ਸਾਰਾ ਕੁਝ ਪਤਾ ਹੀ ਹੈ, ਇਸ ਲਈ ਤੁਹਾਨੂੰ ਸਮਝਾਉਣ ਦੀ ਕੋਈ ਵੀ ਲੋੜ ਨਹੀਂ। ਬਾਕੀ ਤੁਸੀਂ ਬਾਨੋਂ ਅਤੇ ਜ਼ੁਲੈਖਾਂ ਜਿਸ ਚੀਜ਼ ਦੀ ਵੀ ਮੰਗ ਕਰਨ ਉਹਨਾਂ ਨੂੰ ਉਹ ਜ਼ਰੂਰ ਲੈ ਕੇ ਦੇਣੀ। ਉਹਨਾਂ ਉੱਪਰ ਪੂਰੀ ਨਿਗਰਾਨੀ ਰੱਖਣੀ ਅਤੇ ਇਕੱਲੀਆਂ ਨੂੰ ਨਹੀਂ ਛੱਡਣਾ।

ਹੁਣ ਮੈਂ ਆਪਣੀਆਂ ਪਿਆਰੀਆਂ-ਪਿਆਰੀਆਂ ਭੈਣਾਂ ਨੂੰ ਕੁਝ ਕਹਿਣਾ ਚਾਹੁੰਦਾ ਹਾਂ। ਮੇਰੀ ਮੌਤ ਦੀ ਖ਼ਬਰ ਸੁਣ ਕੇ ਤੁਸੀਂ ਉਦਾਸ ਨਹੀਂ ਹੋਣਾ ਕਿਉਂਕਿ ਹਰ ਇਨਸਾਨ ਜੋ ਜੰਮਦਾ ਹੈ, ਉਹ ਮਰਦਾ ਵੀ ਹੈ। ਇਸ ਲਈ ਜੇਕਰ ਕੋਈ ਪਹਿਲਾਂ ਵੀ ਮਰ ਜਾਵੇ ਤਾਂ ਕੋਈ ਗੱਲ ਨਹੀਂ। ਤੁਸੀਂ ਜੇਕਰ ਮੈਨੂੰ ਆਪਣਾ ਭਰਾ ਸਮਝਦੀਆਂ ਹੋ ਤਾਂ ਸਾਡੇ ਪਰਿਵਾਰ ਦੀ ਬਣਾਈ ਹੋਈ ਇੱਜ਼ਤ ਦਾ ਜ਼ਰੂਰ ਖ਼ਿਆਲ ਰੱਖਣਾ। ਇਨਸਾਨ ਦੀ ਇੱਜ਼ਤ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਹੈ ਪ੍ਰੰਤੂ ਇਸਨੂੰ ਧਨ ਨਾਲ ਨਹੀਂ ਖ਼ਰੀਦਿਆ ਜਾ ਸਕਦਾ। ਤੁਸੀਂ ਅਸਗਰ ਬਣਨ ਦੀ ਕੋਸ਼ਿਸ ਕਰਨੀ ਅਤੇ ਫਾਤਮਾ ਦੇ ਰਾਹ ਤੁਰਨ ਤੋਂ ਨਫ਼ਰਤ ਕਰਨੀ। ਅੰਮੀ ਜੀ ਅਤੇ ਅੱਬਾ ਜੀ ਅਤੇ ਜਿਹਨਾਂ ਦੇ ਨਾਲ ਤੁਸੀਂ ਨਿਕਾਹ ਕਰਵਾਉਣੇ ਹਨ, ਉਹਨਾਂ ਦਾ ਕਿਹਾ ਸਿਰ ਮੱਥੇ ਮੰਨਣਾ। ਮੇਰੀ ਵਲੋਂ ਅੱਬਾ ਜੀ, ਅੰਮੀ ਜੀ, ਬਾਨੋਂ, ਜ਼ੁਲੈਖਾਂ ਅਤੇ ਹੋਰ ਹਰ ਕਿਸੇ ਨਜ਼ਦੀਕੀ ਨੂੰ ਆਖ਼ਰੀ ਵਾਰ ਦੀ ਸਲਾਮ।"

ਇਕ ਹੋਰ ਪਰਚੇ ਉੱਪਰ ਲਿਖਿਆ ਸੀ,

"ਵਸੀਅਤ

ਮੈਂ ਮਰਨ ਤੋਂ ਪਹਿਲਾਂ ਆਪਣੀ ਸਵੈ-ਇੱਛਾ ਦੇ ਨਾਲ ਬੇਨਤੀ ਕਰਦਾ ਹਾਂ ਕਿ ਬੈਂਕ ਵਿਚ ਜਿੰਨਾ ਵੀ ਮੇਰਾ ਬਕਾਇਆ ਹੈ, ਉਹ ਅਤੇ ਮੇਰਾ ਮਕਾਨ, ਉਸ ਵਿਚਲਾ ਸਾਰਾ ਸਾਮਾਨ, ਕੋਈ ਹੋਰ ਜਾਇਦਾਦ ਅਤੇ ਮੇਰੇ ਜੀਵਨ ਬੀਮੇ ਦਾ ਧਨ ਇਹ ਸਾਰਾ ਕੁਝ ਮੇਰੇ ਪਰਿਵਾਰ ਨੂੰ ਦੇ ਦਿੱਤਾ ਜਾਵੇ। ਮੇਰੇ ਪਰਿਵਾਰ ਦਾ ਅਰਥ ਹੈ, ਮੇਰਾ ਪਿਉ, ਮੇਰੀ ਮਾਂ ਅਤੇ ਮੇਰੀਆਂ ਦੋ ਭੈਣਾਂ।"

ਅਸਗਰ ਮੁਹੰਮਦ।"

ਇਕ ਹੋਰ ਪਰਚਾ ਸੀ ਜੋ ਫਾਤਮਾ ਦੇ ਨਾਂ ਸੀ,

"ਫਾਤਮਾ ਨੂੰ, ਬੇਵਫ਼ਾ ਨੂੰ,

ਤੂੰ ਇਸ ਦੁਨੀਆਂ ਉੱਪਰ ਤੇ ਨਹੀਂ ਰਹੀ, ਫਿਰ ਵੀ ਤੈਨੂੰ ਕੁਝ ਪੰਕਤੀਆਂ ਲਿਖ ਰਿਹਾ ਹਾਂ। ਬੇਵਫ਼ਾ, ਤੂੰ ਮੇਰੇ ਨਾਲ ਬਹੁਤ ਵੱਡਾ ਧੋਖਾ ਕੀਤਾ, ਤੂੰ ਮੇਰੀ ਜ਼ਿੰਦਗੀ ਦੇ ਨਾਲ ਖੇਡਣ ਦੀ ਕੋਸ਼ਿਸ਼ ਕੀਤੀ। ਤੂੰ ਸਿਰਫ਼ ਪਦਾਰਥਕ ਵਸਤੂਆਂ ਨੂੰ ਹੀ ਪਿਆਰ ਕਰਦੀ ਰਹੀ। ਦੇਖ ਲੈ ਉਹਨਾਂ ਵਸਤੂਆਂ ਵਿਚੋਂ ਕੋਈ ਵੀ ਵਸਤੂ ਤੇਰੇ ਨਾਲ ਨਹੀਂ ਗਈ। ਉਹ ਸਾਰੀਆਂ ਚੀਜ਼ਾਂ ਸਭ ਇੱਥੇ ਹੀ ਰਹਿ ਗਈਆਂ ਹਨ। ਮੈਂ ਤੈਨੂੰ ਦਿਲੋਂ ਮੁਹੱਬਤ ਕਰਦਾ ਸੀ, ਕਰਦਾ ਹਾਂ ਅਤੇ ਕਰਾਂਗਾ ਵੀ। ਤੇਰੀ ਬੇਵਫ਼ਾਈ ਨੇ ਮੈਨੂੰ ਬਹੁਤ ਵੱਡਾ ਸਦਮਾ ਦਿੱਤਾ ਸੀ, ਮੇਰੀ ਜ਼ਿੰਦਗੀ ਨੂੰ ਨਿਚੋੜ ਕੇ ਰੱਖ ਦਿੱਤਾ ਸੀ ਪ੍ਰੰਤੂ ਮੈਂ ਤੇਰੀ ਖ਼ਾਤਰ, ਤੇਰੇ ਪਿਆਰ ਦੀ ਖ਼ਾਤਰ ਹਰ ਇਕ ਮੁਸ਼ਕਲ ਅਤੇ ਦੁੱਖ ਨੂੰ ਖਿੜੇ ਮੱਥੇ ਕਬੂਲ ਕੀਤਾ। ਦੇਖ ਤੇਰੇ ਪਿਆਰ ਦੀ ਖ਼ਾਤਰ ਮੈਂ ਆਪਣੀ ਜ਼ਿੰਦਗੀ ਨੂੰ ਆਪਣੇ ਹੱਥੀਂ ਹੀ ਕੁਰਬਾਨ ਕਰਕੇ ਤੇਰੇ ਕੋਲ ਆ ਰਿਹਾ ਹਾਂ। ਜੇਕਰ ਤੂੰ ਇਥੇ ਵੀ ਨਾ ਸੁਧਰੀ ਫਿਰ ਮੈਂ ਤੈਨੂੰ ਉਸ ਤੋਂ ਅਗਲੀ ਦੁਨੀਆਂ ਵਿਚ ਭੇਜਾਂਗਾ ਅਤੇ ਇਹ ਸਿਲਸਿਲਾ ਉਦੋਂ ਤੱਕ ਚੱਲਦਾ ਰਹੇਗਾ, ਜਦੋਂ ਤੱਕ ਤੂੰ ਬੇਵਫ਼ਾਈ ਕਰਦੀ ਰਹੇਂਗੀ। ਬੇਵਫ਼ਾ, ਤੈਨੂੰ ਬੇਵਫ਼ਾਈ ਮੁਬਾਰਕ ਹੋਵੇ। ਸ਼ਾਇਦ ਇਸ ਵਿਚ ਵੀ ਤੇਰਾ ਕੋਈ ਕਸੂਰ ਨਹੀਂ ਸੀ ਕਿਉਂਕਿ ਇਨਸਾਨ ਦੇ ਕੋਲ ਜੋ ਕੁਝ ਵੀ ਹੋਵੇਗਾ, ਉਹ ਸਿਰਫ਼ ਉਸਨੂੰ ਹੀ ਦਿਖਾਵੇਗਾ। ਹਾਂ ਸੱਚ ਤੈਨੂੰ ਚੀਜ਼ਾਂ ਦੇ ਨਾਲ ਬਹੁਤ ਪਿਆਰ ਸੀ, ਜੇਕਰ ਕੋਈ ਚਾਹੀਦੀ ਹੈ ਤਾਂ ਦੱਸ? ਮੈਂ ਆਪਣੇ ਨਾਲ ਲੈ ਆਵਾਂਗਾ। ਫਾਤਮਾ, ਜੇਕਰ ਤੇਰਾ ਮੈਨੂੰ ਦੁਖੀ ਕਰਕੇ ਮਨ ਨਹੀਂ ਸੀ ਭਰਿਆ ਤਾਂ ਰਹਿੰਦੀਆਂ ਕਸਰਾਂ ਵੀ ਪੂਰੀਆਂ ਕਰ ਲਵੀਂ ਕਿਉਂਕਿ ਮੈਂ ਤਾਂ ਤੈਨੂੰ ਹਰ ਵੇਲੇ ਸੰਤੁਸ਼ਟ ਹੀ ਦੇਖਣਾ ਚਾਹੁੰਦਾ ਹਾਂ। ਬੇਵਫ਼ਾ! ਤੈਨੂੰ ਮੁਹੱਬਤ ਦੀ ਸਾਰ ਨਹੀਂ, ਅਜੇ ਤੂੰ ਇਸ ਬਾਰੇ ਕੁਝ ਵੀ ਨਹੀਂ ਸਿੱਖਿਆ, ਜੇ ਕੁਝ ਸਿੱਖ ਲੈਂਦੀ ਤਾਂ ਮੇਰੀ ਜ਼ਿੰਦਗੀ ਨੂੰ ਨਰਕ ਨਾ ਬਣਾਉਂਦੀ। ਬੇਵਫ਼ਾ, ਮੇਰੀ ਵਲੋਂ ਤੈਨੂੰ ਆਖ਼ਰੀ ਵਾਰ ਦੀ ਸਲਾਮ ਅਤੇ ਮੇਰੀ ਸੱਚੀ ਮੁਹੱਬਤ ਨੂੰ ਕਬੂਲ ਕਰਨਾ, ਇਸਨੂੰ ਪ੍ਰਵਾਨ ਕਰਨਾ।

ਸਦਾ ਲਈ ਤੇਰਾ

ਅਸਗਰ।"

(ਸਮਾਪਤ)



ਸਰਦਾਰ ਪਰਮਜੀਤ ਸਿੰਘ ਜੀ ਦਾ ਜਨਮ 1 ਫਰਵਰੀ ਸੰਨ 1963 ਈਸਵੀ ਨੂੰ ਪਿੰਡ ਜੰਡਿਆਲੀ ਡਾਕਖ਼ਾਨਾ ਜਮਸ਼ੇਰ ਤਹਿਸੀਲ ਅਤੇ ਜਿਲ੍ਹਾ ਜਲੰਧਰ ਪੰਜਾਬ ਵਿਚ ਹੋਇਆ ਸੀ। ਉਹਨਾਂ ਦੇ ਪਿਤਾ ਸਰਦਾਰ ਗੁਰਦੇਵ ਸਿੰਘ ਖੇਤੀਬਾੜੀ ਦਾ ਕੰਮ ਕਰਦੇ ਹਨ। 4 ਜੁਲਾਈ ਸੰਨ 1977 ਈਸਵੀ ਨੂੰ ਉਹਨਾਂ ਦੀ ਮਾਤਾ ਸ੍ਰੀਮਤੀ ਪ੍ਰਕਾਸ਼ ਕੌਰ ਦੀ ਬੇਵਕਤੀ ਮੌਤ ਹੋਣ ਦੇ ਕਾਰਣ ਉਹਨਾਂ ਦੇ ਕੋਮਲ ਦਿਲ ਨੂੰ ਬਹੁਤ ਸਦਮਾ ਪਹੁੰਚਿਆ ਸੀ ਅਤੇ ਛੋਟੀ ਉਮਰ ਵਿੱਚ ਹੀ ਉਹਨਾਂ ਨੇ ਪੰਜਾਬੀ ਭਾਸ਼ਾ ਵਿੱਚ ਕਵਿਤਾਵਾਂ ਅਤੇ ਨਾਵਲ ਲਿਖਣੇ ਸ਼ੁਰੂ ਕਰ ਦਿੱਤੇ ਸਨ।

ਸਰਦਾਰ ਪਰਮਜੀਤ ਸਿੰਘ ਜੀ ਬਹੁਭਾਸ਼ੀ ਲੇਖਕ ਹਨ। ਭਾਵੇਂਕਿ ਉਹਨਾਂ ਦੀ ਮਾਤ-ਭਾਸ਼ਾ ਪੰਜਾਬੀ ਹੈ ਪਰੰਤੂ ਫਿਰ ਵੀ ਉਹ ਹਿੰਦੀ, ਅੰਗਰੇਜ਼ੀ ਅਤੇ ਜਰਮਨ ਭਾਸ਼ਾ ਵਿਚ ਵੀ ਲਿਖਦੇ ਹਨ। ਉਹ ਉੱਚ-ਵਿਦਿਅਕ ਯੋਗਤਾ ਦੇ ਮਾਲਕ ਹਨ । ਉਹ ਐਮ.ਏ. (ਅੰਗਰੇਜ਼ੀ), ਐਮ.ਏ. (ਪੰਜਾਬੀ), ਐਮ.ਏ. (ਇਤਿਹਾਸ), ਬੀ.ਐੱਡ. ਹਨ ਅਤੇ ਉਹਨਾਂ ਦੇ ਕੋਲ ਵਿੱਦਿਅਕ ਯੋਗਤਾ ਦੇ ਹੋਰ ਵੀ ਬਹੁਤ ਸਾਰੇ ਪ੍ਰਮਾਣ-ਪੱਤਰ ਹਨ।ਉਹ ਬਹੁਤ ਸਾਰੀਆਂ ਦੇਸੀ ਅਤੇ ਵਿਦੇਸ਼ੀ ਭਾਸ਼ਾਵਾਂ ਨੂੰ ਲਿਖਣਾ, ਪੜ੍ਹਣਾ ਅਤੇ ਬੋਲਣਾ ਜਾਣਦੇ ਹਨ ਜਿਵੇਂਕਿ ਪੰਜਾਬੀ, ਅੰਗਰੇਜ਼ੀ, ਜਰਮਨ, ਫ਼ਰਾਂਸੀਸੀ, ਸਪੇਨੀ, ਅਰਬੀ, ਹਿੰਦੀ ਆਦਿ ।ਉਹਨਾਂ ਨੇ ਪੰਜਾਬੀ ਵਿੱਚ ਕਈ ਨਾਵਲ ਜਿਵੇਂਕਿ ਆਜ਼ਾਦੀ, ਮੌਤ ਨੂੰ ਤਲਾਸ਼ ਰਹੀ ਜ਼ਿੰਦਗੀ, ਬੇਵਫ਼ਾ, ਜ਼ਾਲਮ ਉਮੀਦਾਂ, ਲਾਡਲੀ ਧੀ ਆਦਿ ਅਤੇ ਅੰਗਰੇਜ਼ੀ ਵਿੱਚ ਕਈ ਨਾਵਲ ਅਤੇ ਦੋ ਕਾਵਿ-ਸੰਗ੍ਰਹਿ ਲਿਖੇ ਹਨ।ਉਹਨਾਂ ਨੇ ਜਰਮਨ ਭਾਸ਼ਾ ਵਿੱਚ ਵੀ ਦੋ ਕਾਵਿ-ਸੰਗ੍ਰਹਿ ਲਿਖੇ ਹਨ।ਉਹਨਾਂ ਨੇ ਕਈ ਭਾਸ਼ਾਵਾਂ ਵਿੱਚ ਲੇਖ ਵੀ ਲਿਖੇ ਹਨ। ਇਸ ਤੋਂ ਇਲਾਵਾ ਉਹਨਾਂ ਨੇ ਨਿੱਤਨੇਮ ਦੀਆਂ ਬਾਣੀਆਂ ਦੇ ਟੀਕੇ ਵੀ ਲਿਖੇ ਹਨ। ਲੰਬੇ ਸਮੇਂ ਤੋਂ ਉਹਨਾਂ ਦੁਆਰਾ ਲਿਖੇ ਲੇਖ ਅਤੇ ਰਚਨਾਵਾਂ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਛਪਦੀਆਂ ਰਹੀਆਂ ਹਨ। ਬੀ.ਏ. ਅਤੇ ਐਮ.ਏ. ਦੀਆਂ ਬਹੁਤ ਸਾਰੀਆਂ ਕਿਤਾਬਾਂ ਦਾ ਉਹਨਾਂ ਦੁਆਰਾ ਪੰਜਾਬੀ ਅਤੇ ਹਿੰਦੀ ਤੋਂ ਅੰਗਰੇਜ਼ੀ ਵਿੱਚ ਤਰਜ਼ਮਾ ਵੀ ਕੀਤਾ ਗਿਆ ਸੀ ।ਸਰਦਾਰ ਪਰਮਜੀਤ ਸਿੰਘ ਨੇ ਆਪਣੇ ਜੀਵਨ ਦੌਰਾਨ ਇਕ ਲੰਬਾ ਸਾਹਿਤਕ ਸਫ਼ਰ ਮੁਕਾ ਲਿਆ ਹੈ ਫਿਰ ਵੀ ਉਹਨਾਂ ਨੇ ਅਜੇ ਹੋਰ ਵੀ ਬਹੁਤ ਸਾਰੀਆਂ ਰਚਨਾਵਾਂ ਲਿਖਣੀਆਂ ਬਾਕੀ ਹਨ। ਸਾਡੀ ਪਰਮਾਤਮਾ ਅੱਗੇ ਇਹੀ ਅਰਦਾਸ ਹੈ ਕਿ ਉਹ ਲੰਬੇ ਸਮੇਂ ਤੱਕ ਜਿਊਂਣ ਅਤੇ ਆਪਣੀ ਕਲਮ ਦੇ ਦੁਆਰਾ ਪੰਜਾਬੀ ਸਾਹਿਤ ਅਤੇ ਸੰਸਾਰ ਦੀਆਂ ਹੋਰ ਭਾਸ਼ਾਵਾਂ ਦੇ ਸਾਹਿਤ ਦੀ ਹੋਰ ਵੀ ਜ਼ਿਆਦਾ ਸੇਵਾ ਕਰਦੇ ਰਹਿਣ।